ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

ਦੀਆਂ

ਪੁਰਾਤਨ ਬੀੜਾਂ ਤੇ ਵਿਚਾਰ

★

ਰਾਮੇਸ਼ ਚੰਦ੍ਰ ਸੂਰੀ

ਕਪੂਰਥਲਾ





Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ੴ ਸ਼੍ਰੀ ਸਤਿਗੁਰੂ ਭਗਵਾਨ ਸ਼੍ਰੀ ਚੰਦ੍ਰਾਯ ਨਮ:

ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੀਆਂ
ਪੁਰਾਤਨਿ ਬੀੜਾਂ ਤੇ ਵਿਚਾਰ

ਲੇਖਿਕ :—

ਸ਼੍ਰੀ ੧੦੮ ਸ੍ਵਾਮੀ ਹਰਿਨਾਮ ਦਾਸ ਜੀ ਉਦਾਸੀਨ ਵੈਦਯ



ਪ੍ਰਕਾਸ਼ਕ :—

ਰਾਮੇਸ਼ ਚੰਦ੍ਰ ਸੂਰੀ

ਕਾਂਤੇਸ਼ ਆਯੁਰਵੈਦਿਕ ਫਾਰਮੇਸੀ

ਕਪੂਰਥਲਾ (ਪੰਜਾਬ)

ਮੁੱਲ ੬—੦੦

ਛਾਪਕ :—

ਲਾਲਾ ਮੁਲਖ ਰਾਜ ਮਾਲਕ,
ਮਹੇਸ਼ ਪ੍ਰਿੰਟਿੰਗ ਪ੍ਰੈਸ
ਅੱਡਾ ਹੁਸ਼ਿਆਰਪੁਰ, ਜਾਲੰਧਰ

ੴ ਸ੍ਰੀ ਸਤਿਗੁਰੂ ਭਗਵਾਨ ਸ੍ਰੀਚੰਦ੍ਰਾਯ ਨਮਃ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨਿ ਬੀੜਾਂ ਤੇ ਵਿਚਾਰ

ਸ੍ਰੀ ਸਤਿਗੁਰੂ ਸ੍ਰੀ ਚੰਦ੍ਰ ਮਹਾਰਾਜ ਜੀ ਦੀ ਅਸੀਮ ਕ੍ਰਿਪਾ ਦਾ ਫਲ ੩੭ ਸਾਲ ਦੀ ਆਯੂ ਅਟੁੱਟ ਲਗਨ ਸ੍ਰੀ ਸਰਬਲੋਹ ਗ੍ਰੰਥ ਜੀ ਦੀ ਰੀਸਰਚ ਕਰਦਿਆਂ ਬੀਤ ਗਈ। ਜੀਵਨ ਦਾ ਮਹਾਨ ਮਨੋਰਥ ਉਮੀਦ ਹੈ ਕਿ ਇਕ ਦੋ ਸਾਲਾਂ ਵਿਚ ਸੰਸਾਰ ਦੇ ਸਨਮੁਖ ਆ ਜਾਵੇਗਾ। ਇਸ ਰੀਸਰਚ ਨੇ ਕਈ ਥਾਵਾਂ ਵਿਖਾਈਆ ਜਿਨ੍ਹਾਂ ਵਿਚ ਕਈ ਅਮੋਲਕ ਪਦਾਰਥ ਮਿਲੇ। ਕਈ ਚੰਗੇ ਮਾੜੇ ਜੀਵ ਵਿਖਾਏ। ਕਦੀ ਆਦਰ, ਕਦੀ ਨਿਰਾਦਰ, ਕਦੀ ਪਹਾੜ, ਕਦੀ ਮੈਦਾਨ, ਕਦੀ ਆਪਣੇ, ਕਦੀ ਪਰਾਏ, ਕਦੀ ਭੁਖ ਨੰਗ, ਕਦੀ ਗਹਿਰੇ ਗੱਫੇ, ਕਦੀ ਫ਼ਕੀਰਾਂ ਦੀਆਂ ਟੋਲੀਆਂ, ਕਦੀ ਰਾਜਿਆਂ ਨਾਲ ਬਨਬਿਹਾਰ, ਕਦੀ ਲੇਫ ਤੁਲਾਈਆਂ, ਕਦੀ ਬ੍ਰਿਛਾਂ ਦੀਆਂ ਛਾਵਾਂ ਆਦਿਕ ਰੰਗ ਵੇਖੇ। ਏਸ ਦੇ ਨਾਲ ਨਾਲ ਦੋ ਵਸਤੂਆਂ ਹੋਰ ਵੀ ਸੁਭਾਵਿਕ ਰੀਸਰਚ ਵਿਚ ਔਂਦੀਆਂ ਗਈਆਂ। ੧. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੨. ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ।

ਸੰਸਾਰ ਵਿਚ ਫ਼ਿਰਦਿਆਂ ਕਈ ਬੀੜਾਂ ਅਮੋਲਕ ਤੋਂ ਅਮੋਲਕ ਮਿਲੀਆਂ, ਕਈ ਤਰ੍ਹਾਂ ਦੇ ਭੇਦ ਦ੍ਰਿਸ਼ਟੀ ਆਏ. ਜਿਹੜੇ ਕਿ ਅਜੇ ਤਕ ਕਿਸੇ ਭੀ ਲਿਖਾਰੀ ਨੇ ਸਾਮ੍ਹਣੇ ਨਹੀਂ ਕੀਤੇ। ਮੈਂ ਉਹ ਸਾਹਮਣੇ ਰਖਣ ਦਾ ਯਤਨ ਹੁਣ ਏਸ ਪੁਸਤਕ ਵਿਚ ਕਰ ਰਿਹਾ ਹਾਂ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗੁਰੂ ਗ੍ਰੰਥ

ਸਾਹਿਬ ਜੀ ਦੇ ਸੰਪ੍ਰਦਾਯਕ ਅਰਥ ਮੈਂ ਸੰਨ ੧੯੨੬ ਵਿਚ ਸ਼੍ਰੀਮਾਨ ਸ੍ਵਾਮੀ ਕ੍ਰਿਸ਼ਣਾਨੰਦ ਜੀ ਉਦਾਸੀਨ ਚੱਕ੍ਰਵਰਤੀ ਤੋਂ ਪਹਿਲੋਂ ਸੁਣੇ ਅਤੇ ਹੋਰ ਇਤਿਹਾਸਕ ਗ੍ਰੰਥ ਵੀ ਉਹਨਾਂ ਤੋਂ ਹੀ ਬਹੁਤ ਕਰ ਕੇ ਪੜ੍ਹੇ। ਫਿਰ ਸ਼੍ਰੀਮਾਨ ਸੰਤ ਹਰਿਦਿਤ ਸਿੰਘ ਜੀ ਨਿਰਮਲੇ ਵਿਰਕਤਾਂ ਤੋਂ ਅਰਥ ਪੜ੍ਹੇ। ਫਿਰ ਸੰਨ ੧੯੩੦ ਵਿਚ ਸ਼੍ਰੀਮਾਨ ਗਜਾਨੀ ਅਮੀਰ ਸਿੰਘ ਜੀ ਸੇਵਾਪੰਥੀ ਸੱਤੋਵਾਲੀ ਗਲੀ ਅੰਮ੍ਰਿਤਸਰ ਪਾਸੋਂ ਅਰਥ ਪੜ੍ਹੇ। ਇਹਨਾਂ ਤੋਂ ਇਲਾਵਾ ਸ੍ਰੀ ਮਾਧਵਾਨੰਦ ਜੀ ਸਨਯਾਸੀ ਪੁਰੀ, ਸ੍ਰੀ ਗੁਲ ਮੁਹੰਮਦ ਸਾਹਿਬ ਜੀ ਸੱਯਦ ਬਗਦਾਦ ਜ਼ਿਲਾ ਮੁਲਤਾਨ, ਪੰਡਿਤ ਪਾਟਨ ਦੀਨ ਜੀ ਭੰਗਹਾ ਜ਼ਿਲਾ ਬਹਿਰ੍ਹਾਯੁਚ U. P. ਸ਼੍ਰੀਮਾਨ ਸੰਤ ਗੁਰਮੁਖ ਦਾਸ ਜੀ ਬੈਰਾਗੀ ਭੰਗਹਾ, ਪੰਡਿਤ ਦੇਵ-ਨਾਰਾਯਣ ਜੀ ਬਨਾਰਸ, ਸ੍ਵਾਮੀ ਸੱਤ-ਪ੍ਰਕਾਸ਼ ਜੀ ਕਬੀਰ ਪੰਥੀ, ਗਜਾਨੀ ਅਣੋਖ ਸਿੰਘ ਜੀ, ਗਿਆਨੀ ਨਿਹਾਲ ਸਿੰਘ ਜੀ ਰਸ ਅੰਮ੍ਰਿਤਸਰ, ਸੰਤ ਗੁਰਦਿਤ ਸਿੰਘ ਜੀ, ਪੰਡਿਤ ਕੇਸ਼ਵਾਨੰਦ ਜੀ ਉਦਾਸੀਨ ਆਦਿ ਚਾਲੀ ਕੁ ਮਹਾਂਪੁਰਸ਼ਾਂ ਤੋਂ ਅਨੇਕ ਤਰਾਂ ਦੀ ਵਿਦਯਾ ਪ੍ਰਾਪਤ ਕੀਤੀ।

'ਖੋਜ ਜਿੰਨਾ ਕੁਝ ਸਿਖੋਂਦੀ ਹੈ—ਓਨਾ ਪੜ੍ਹਾਈ ਨਹੀਂ ਸਿਖੋਂਦੀ' ਇਹ ਮੋਟਾ ਸਿਧਾਂਤ ਕਾਮਯਾਬ ਹੋ ਗਿਆ ਹੈ। ਖੋਜ ਦਾ ਰਾਹ ਮੈਨੂੰ ਸ੍ਰੀ ਸਰਬਲੋਹ ਗ੍ਰੰਥ ਨੇ ਹੀ ਦਿਤਾ। ਸ੍ਰੀ ਸਰਬਲੋਹ ਗ੍ਰੰਥ ਅਮੂਮਨ ਗੁਰਦ੍ਵਾਰਿਆਂ ਵਿਚ ਯਾ ਸਿੱਖ ਸਥਾਨਾਂ ਵਿਚ ਹੀ ਵਿਰਾਜਮਾਨ ਹੈ। ਏਸ ਕਾਰਣ ਨਾਲ ਨਾਲ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਜੀਬ ਅਜੀਬ ਨਕਲਾਂ ਮਿਲਦੀਆਂ ਰਹੀਆਂ। ਮੈਂ ਆਪਣੀ ਸੁਭਾਵਕ ਕ੍ਰਿਯਾ ਨਾਲ ਹੀ ਉਹਨਾਂ ਦੀ ਰੀਸਰਚ ਕਰ ਕੇ ਕੁਝ ਨਾ ਕੁਝ ਨੋਟ ਕਰ ਲਿਆ ਕਰਦਾ ਸਾਂ। ਮੈਨੂੰ ਇਸ ਖੋਜ ਨੇ ਇਥੋਂ ਤਕ ਮਾਰਗ ਵਿਖਾਯਾ ਕਿ ਜਿਹੜੇ ਪੜ੍ਹਾਈ ਵਿਚ ਆਏ ਹੋਏ ਖਿਆਲ ਸਨ—ਉਹ ਰੇਤ ਦੀ ਕੰਧ ਵਾਂਗ ਡਿਗ ਗਏ। ਜਿਹੜੀਆਂ ਰਵਾਇਤਾਂ ਆਮ ਲੋਕਾਂ ਵਿਚੋਂ ਮੇਰੇ ਵਿਚਾਰ ਵਿਚ ਵੀ ਘਰ ਕਰੀ ਬੈਠੀਆਂ ਸਨ, ਉਹ ਵੀ ਬਾਣੀਆਂ ਦਿਆਂ ਹੁਲਾਰਿਆਂ ਨਾਲ ਰੂੰ ਦੇ ਬੂੰਬਿਆਂ ਵਾਂਗੂ ਉਡਦੇ ਉਡਦੇ ਸਾਰੇ ਉਡ ਗਏ। ਮਨ ਮੈਦਾਨ ਦੀ ਐਹੋ ਜਿਹੀ ਹਾਲਤ ਪੁਜੀ ਕਿ 'ਮਜ਼ਹਬ ਕੋਈ ਚੀਜ਼ ਹੀ ਨਹੀਂ' ਸਟੇਜ ਬਣ ਗਈ। ਪ੍ਰੰਤੂ ਬਾਣੀ ਦਾ ਪਿਆਰ ਨਾ ਛੁਟਿਆ। ਬਾਣੀ ਦਾ ਪ੍ਰੇਮ ਜੀਵਨ ਵਿਚ ਨਿਰੋਲ 'ਸਤਜ' ਦਾ ਉਤਾਰਾ ਕਰਦਾ ਰਿਹਾ। ਸੰਸਾਰ ਦੀਆਂ ਠੋਕਰਾਂ ਨੇ 'ਸਤਜ' ਨੂੰ ਹੋਰ ਵੀ ਦ੍ਰਿੜ ਕਰਵਾਉਣ ਵਿਚ ਸਹਾਯਤਾ ਕੀਤੀ। ਕੱਟੜਪੰਥੀਆਂ ਦੇ ਵਿਰੋਧ ਨੇ ਦੁਖ ਭੁਖ ਸਹਿਨ ਦੀ ਸ਼ਕਤੀ

ਪ੍ਰਦਾਨ ਕਰ ਦਿਤੀ। ਮੈਂ ਆਪਣੇ ਮਾਰਗ ਦਾ ਦ੍ਰਿੜ੍ਹ-ਵਿਸ੍ਵਾਸ਼ੀ ਹੋ ਗਿਆ। ਜਿਸ ਉੱਤੇ ਮੈਂ ਹੁਣ ਵੀ ਟਿਕਿਆ ਹੋਇਆ ਹਾਂ।

ਮੈਂ ਸੰਨ ੧੯੪੩ ਤੋਂ ਲਾਹੌਰ ਰਿਹਾ ਕਰਦਾ ਸਾਂ ਅਤੇ ੧੯੪੭ ਵਿਚ ਉਥੋਂ ਹੀ ਨਿਕਲ ਕੇ ਕਪੂਰਥਲੇ ਆ ਗਿਆ ਹਾਂ। ਪਾਰਟੀਸ਼ਨ ਤੋਂ ਪਹਿਲੋਂ G.B. ਸਿੰਘ ਨੇ 'ਪ੍ਰਾਚੀਨ ਬੀੜਾਂ' ਨਾਮ ਦੀ ਚੰਗੀ ਪੁਸਤਕ ਲਿਖੀ। ਉਸ ਦਾ ਅਣਹੋਣਾ ਵਿਰੋਧ ਸਿੱਖਾਂ ਨੇ ਇਸ ਵਾਸਤੇ ਕੀਤਾ ਕਿ G. B. ਸਿੰਘ ਦੀ ਪੁਸਤਕ ਸ: ਗੁਰਬਖਸ਼ ਸਿੰਘ ਮਾਲਕ ਪ੍ਰੀਤ ਲੜੀ ਨੇ ਛਾਪੀ ਸੀ। ਪ੍ਰਾਚੀਨ ਬੀੜਾਂ ਵਿਚ ਕੁਝ ਸ਼ਬਦ ਬੇਅਦਬ ਤਰੀਕੇ ਦੇ ਜ਼ਰੂਰ ਸਨ। ਦੂਜਾ ਉਸ ਵਿਚ ਸ਼੍ਰੀ ਕਰਤਾਰਪੁਰ ਜੀ ਵਾਲੀ ਬੀੜ ਅਤੇ ਭਾਈ ਬੰਨੋ ਜੀ ਵਾਲੀ ਬੀੜ (ਮਾਂਗਟ ਜ਼ਿਲਾ ਗੁਜਰਾਤ) ਦਾ ਪੂਰਾ ਵਰਣਨ ਨਹੀਂ ਸੀ। ਮੈਂ ਉਸ ਨੂੰ ਪੜ ਕੇ ਬਹੁਤ ਪ੍ਰਭਾਵਤ ਹੋਇਆ ਅਤੇ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੀਸਰਚ ਨਾਲ ਪਾਠ ਕਰ ਕੇ ਇਹਨਾਂ ਦੋਹਾਂ ਬੀੜਾ ਦੀ ਗੰਭੀਰ ਖੋਜ ਕੀਤੀ। ਇਹਨਾਂ ਦੀ ਕਚਿਆਈ ਨੇ ਮੈਨੂੰ ਪਕਿਆਈ ਦਾ ਰਾਹ ਦੇ ਦਿਤਾ। ਫੇਰ ਤਾਂ ਮੇਰਾ ਹੌਂਸਲਾ ਹੋਰ ਵਧ ਗਿਆ ਅਤੇ ਮੈਂ ਕਰੀਬਨ ਕਰੀਬਨ ੪੦ ਤੋਂ ਉਪਰ ਹਥ ਲਿਖਤ ਬੀੜਾਂ ਅਤੇ ਦਸਖਤਾਂ ਵਾਲੀਆਂ ਬੀੜਾਂ ਦੇ ਪਾਠ ਭੇਦ, ਲਿਖਤ ਭੇਦ ਆਦਿਕ ਨੋਟ ਕੀਤੇ।

ਸ਼੍ਰੋ: ਗੁ: ਪ੍ਰ. ਕ. ਦਾ ਮੰਗਲਾਂ ਦਾ ਝਗੜਾ ਛਿੜ ਪਿਆ ਤਾਂ ਮੈਂ ਕਿਸੇ ਪਾਰਟੀ ਨਾਲ ਸੰਬੰਧਿਤ ਹੋਣ ਤੋਂ ਬਿਨਾਂ ਹੀ ਸਿਖ ਰੈਫ਼ਰੈਂਸ ਲਾਇਬਰੇਰੀ ਦੀਆਂ ਪ੍ਰਸਿਧ ਬੀੜਾਂ ਵੀ ਵੇਖ ਆਇਆ। ਏਸ ਲਾਇਬਰੇਰੀ ਵਿਚ ੩੦ ਕੁ ਬੀੜਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਯ ਤਕ ਦੀਆਂ ਹਨ। ਸ਼੍ਰੋ. ਗੁ. ਪ੍ਰ. ਕ. ਮੰਗਲਾਂ ਨੂੰ ਉੱਤੇ ਕਰਨ ਵਿਚ ਠੀਕ ਰਾਹ ਤੇ ਸੀ। ਪ੍ਰੰਤੂ ਬਾਜ਼ਾਰੀ ਪ੍ਰਚਾਰਕਾਂ ਨੇ ਕੋਈ ਪੇਸ਼ ਨਾ ਜਾਣ ਦਿਤੀ ਅਤੇ ਵੋਟਾਂ ਦੀ ਲੋੜ ਨੇ ਸ਼੍ਰੋ. ਗੁ. ਪ੍ਰ. ਕ. ਨੂੰ ਨੀਵੀਂ ਸਟੇਜ ਤੇ ਸੁਟ ਦਿਤਾ। ਜਿਸ ਵਿਚ 'ਸਤਜ ਉਤੇ ਅਸਤਜ ਦੀ ਵਿਜੈ ਹੋ ਗਈ' ਹੀ ਕਹਿਣਾ ਪੈਂਦਾ ਹੈ। ਕਿਉਂਕਿ ਅਜੇ ਸ਼੍ਰੋ. ਗੁ. ਪ. ਕ. ਇਸ ਰੀਸਰਚ ਵਿਚ ਬਾਲਕ ਹੈ। ਇਸ ਵਾਸਤੇ ਮੈਂ ਆਪਣੀ ਖੋਜ ਨੂੰ ਪੁਸਤਕ ਦਾ ਰੂਪ ਦੇ ਰਿਹਾ ਹਾਂ। ਗਰਬਾਣੀ ਦੇ ਖੋਜੀ ਅੱਵਲ ਦਰਜੇ ਤੇ ਉਦਾਸੀਨ ਸਨ। ਪ੍ਰੰਤੂ ਸ਼੍ਰੀ ਨਾਨਕਾਣੇ ਸਾਹਿਬ ਤੇ ਸਿਖਾਂ ਦੇ ਜ਼ਬਰਨ ਕਬਜ਼ੇ ਤੋਂ ਬਾਅਦ ਉਦਾ-ਸੀਆਂ ਦੇ ਮਨ ਐਹੋ ਜਹੇ ਖੱਟੇ ਹੋ ਗਏ ਅਤੇ ਉਹ ਮੰਨਣ ਲਗ ਪਏ ਹਨ ਕਿ ਆਦਿ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਇਕ ਐਹੋ ਜਿਹਾ ਪੁਸਤਕ ਹੈ—ਜਿਨ ਸ੍ਰੀ ਸਤਿਗੁਰੂ ਭਗਵਾਨ ਸ੍ਰੀ ਚੰਦ੍ਰ ਜੀ ਅਤੇ ਸ੍ਰੀ ਲਖਮੀ ਦਾਸ ਜੀ ਲਈ ਪਰਮ-ਬੇਅਦਬੀ ਭਰੇ ਸ਼ਬਦ ਵਰਤੇ ਹਨ ਯਥਾ :—

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨਿ, ਬੰਨਿ ਭਾਰੁ ਉਚਾਇਨਿ ਛਟੀਐ ॥

(ਰਾਮਕਲੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ, ਸਫਾ ੯੬੭)

ਉਦਾਸੀਆਂ ਨੇ ਆਪਣੇ ਸਤਿਗੁਰੂ ਨੂੰ ਖੋਤਾ ਕਹਾ ਕੇ ਵੀ ਏਸ ਗ੍ਰੰਥ ਨੂੰ ਤਜਾਗਜਾ ਨਹੀਂ ਭਾਵੇਂ ਸੁਤੀਕਸ਼ਣ ਮੁਨਿ, ਸੁਾਮੀ ਸ਼ਿਵ ਰਾਮਦਾਸ, ਗਿਆਨੀ ਈਸ਼ਰ ਸਿੰਘ ਨਾਰਾ ਆਦਿਕਾਂ ਨੇ ਇਹਨਾਂ ਪੰਗਤੀਆਂ ਦੇ ਅਰਥ ਹੋਰ ਕੀਤੇ ਹਨ ਪ੍ਰੰਤੂ ਸੰਪ੍ਰਦਾਯ ਅਤੇ ਸਿਖਾਂ ਦਾ ਮਜਮੂਆ ਸਾਹਿਬਜ਼ਾਦਿਆਂ ਦੀ ਬੇਅਦਬੀ ਦਾ ਹੀ ਅਰਥ ਮੰਨਦਾ ਹੈ। ਟੀਕਾ ਫਰੀਦਕੋਟ ਅਤੇ ਮਹਾਨ ਕੋਸ਼ ਆਦਿਕ ਸਿੱਖਾਂ ਦੇ ਪ੍ਰਧਾਨ ਗ੍ਰੰਥ ਏਹੋ ਅਰਥ ਮੰਨਦੇ ਹਨ, ਜਿਸ ਤੋਂ ਸਾਫ ਨਿਰਣਯ ਇਹੋ ਨਿਕਲਦਾ ਹੈ ਕਿ ਇਹ ਗ੍ਰੰਥ ਸ੍ਰੀ ਸਤਿਗੁਰੂ ਸ੍ਰੀ ਚੰਦ੍ਰ ਜੀ ਮਹਾਰਾਜ ਅਤੇ ਸ੍ਰੀ ਲਖਮੀ ਦਾਸ ਜੀ ਮਹਾਰਾਜ ਤਥਾ ਉਹਨਾਂ ਦੀਆਂ ਸੰਪ੍ਰਦਾਵਾਂ ਉਦਾਸੀਨ ਅਤੇ ਬੇਦੀਆਂ ਦਾ ਪਰਮ ਵਿਰੋਧੀ ਹੈ। ਇਸ ਖਯਾਲ ਨਾਲ ਉਦਾਸੀ ਇਸ ਗ੍ਰੰਥ ਤੋਂ ਅੱਡ ਹੋ ਗਏ ਹਨ।

ਦੂਜੇ ਦਰਜੇ ਤੇ ਨਿਰਮਲੇ ਸਨ। ਜਿਨ੍ਹਾਂ ਗੁਰਬਾਣੀ ਦਾ ਪ੍ਰਚਾਰ ਤੇ ਖੋਜ ਕੀਤੀ ਸੀ। ਅਕਾਲੀ ਦੇਹਧਾਰੀ ਗੁਰੂ ਦੇ ਵਿਰੋਧੀ ਹਨ ਅਤੇ ਨਿਰਮਲੇ ਦੇਹਧਾਰੀ ਗੁਰੂ ਮੰਨਦੇ ਹਨ। ਪ੍ਰਚਾਰ ਕਥਾ ਨੂੰ ਸੁਣ ਕੇ ਲੋਕ ਨਿਰਮਲਿਆਂ ਦੇ ਚੇਲੇ ਚੇਲੀਆਂ ਬਣਦੇ ਸਨ। ਜਿਨ੍ਹਾਂ ਨੂੰ ਵੇਖ ਕੇ ਅਕਾਲੀਆਂ ਨੇ ਜ਼ਮੀਨ ਅਸਮਾਨ ਸਿਰ ਤੇ ਚੁਕ ਲਿਆ ਅਤੇ ਨਿਰਮਲਿਆਂ ਦਾ ਪਰਮ ਵਿਰੋਧ ਕੀਤਾ। ਜਿਸ ਤੋਂ ਹੁਣ ਦਾ ਨਿਰਮਲਾ ਦਬਕਿਆ ਹੋਇਆਂ ਹੈ। ਗੁਰੂ ਬਣਦਾ ਵੀ ਹੈ ਤੇ ਨਹੀਂ ਵੀ। ਇਸ ਦੁਰੰਗੀ ਪੌਲਿਸੀ ਨੇ ਸਹੀ ਖੋਜ ਤੋਂ ਦੂਰ ਕਰ ਕੇ ਪਾਖੰਡ ਵਿਚ ਪੂਜਾ ਲੈਣ ਲਈ ਧਕ ਦਿਤਾ ਹੈ। ਜਿਸ ਤੋਂ ਇਹ ਵੀ ਗੁਰਬਾਣੀ ਦੀ ਖੋਜ ਤੋਂ ਦੂਰ ਜਾ ਪਏ ਹਨ। ਪੰਡਿਤ ਤਾਰਾ ਸਿੰਘ ਜੀ ਅਤੇ ਗਯਾਨੀ ਗਯਾਨ ਸਿੰਘ ਜੀ ਤੋਂ ਬਿਨਾਂ ਅਗੇ ਨਵਾਂ ਖੋਜੀ ਕੋਈ ਨਹੀਂ ਨਿਕਲਿਆ।

ਇਹਨਾਂ ਤੋਂ ਬਿਨਾਂ ਹੋਰ ਸਾਰੇ ਗੁਰਬਾਣੀ ਵਲੋਂ ਕਮਜ਼ੋਰ ਸਨ ਅਤੇ ਐਵੇਂ ਲੀਕ (ਸੰਪ੍ਰਦਾਯ) ਨੂੰ ਲਈ ਜਾਣ ਵਾਲੇ ਹਨ। ਉਹਨਾਂ ਨੂੰ ਰੀਕਾਰਡ ਤੋਂ ਵੱਧ ਉਪਮਾ

ਨਹੀਂ ਦਿਤੀ ਜਾ ਸਕਦੀ। ਖੋਜ ਦਾ ਔਝੜ ਰਾਹ ਹੈ। ਪਤਾ ਨਹੀਂ ਕਿਹੜਾ ਗਾਂਵ ਥਾਂਵ ਆਵੇਗਾ ? ਮੈਨੂੰ ਪੁਰਾਤਨਤਾ ਨੇ ਇਸ ਰਾਹ ਪਾਇਆ ਸੀ। ਜਿਹੜੀਆਂ ਥਾਂਵਾਂ ਤੇ ਪੜਾਉ ਮੈਂ ਵੇਖੇ ਹਨ। ਉਹਨਾਂ ਨੂੰ ਅੰਕਿਤ ਕਰਨਾ ਜ਼ਰੂਰੀ ਸਮਝਦਾ ਹਾਂ। ਸ਼ਾਇਦ ਕਿਸੇ ਨੂੰ ਕੋਈ ਲਾਭ ਹੀ ਹੋ ਜਾਵੇ।

੩੧—੫—੬੯
ਸੁਆਮੀ ਹਰਿਨਾਮ ਦਾਸ ਉਦਾਸੀਨ
ਕਾਂਤੇਸ਼ ਆਯੁਰਵੇਦਿਕ ਫ਼ਾਰਮੇਸੀ
ਕਪੂਰਥਲਾ।

ਬੀੜ ਕਰਤਾਰ ਪੁਰ

ਇਤਿਹਾਸਕਾਰਾਂ ਨੇ ਕਰਤਾਰਪੁਰ ਜਿਲਾ ਜਾਲੰਧਰ (ਪੰਜਾਬ) ਦੀ ਬੀੜ ਨੂੰ ਸ੍ਰੀ ਸਤਿਗੁਰੂ ਅਰਜੁਨ ਦੇਵ ਜੀ ਦੀ ਲਿਖਵਾਈ ਹੋਈ ਅਤੇ ਭਾਈ ਗੁਰਦਾਸ ਜੀ ਦੀ ਲਿਖੀ ਹੋਈ 'ਆਦਿ ਬੀੜ' ਲਿਖਿਆ ਹੈ। ਇਸ ਬੀੜ ਨੂੰ ਗੋਇੰਦ ਵਾਲ ਵਿਚੋਂ ਬਾਬਾ ਮੋਹਣ ਜੀ ਤੋਂ ਲਿਆਂਦੀਆਂ ਪੋਥੀਆਂ ਤੋਂ ਕੀਤੀ ਨਕਲ ਵੀ ਦਸਿਆ ਹੈ। ਸ੍ਰੀ ਗੁਰੂ ਅਰਜੁਨ ਦੇਵ ਜੀ ਅਤੇ ਭਾਈ ਗੁਰਦਾਸ ਜੀ ਦੇ ਸੰਵਾਦ ਵਿਚ ਇਹ ਵੀ ਦੱਸਿਆ ਹੈ ਕਿ ਬਾਣੀ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਵਿਚਾਰ ਕਸਵੱਟੀ ਤੇ ਲਾ ਕੇ ਚੁਣਿਆ ਹੋਇਆ ਹੈ ਅਰਥਾਤ ਪੋਥੀਆਂ ਵਿਚੋਂ ਵੀ ਉਹੋ ਬਾਣੀ ਦਰਜ ਕੀਤੀ ਗਈ ਹੈ-ਜਿਸ ਨੂੰ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੀ ਰਚਨਾ ਸ੍ਵੀਕਾਰ ਕੀਤਾ ਹੈ। ਯਥਾ :—

ਕਿਤਿਕ ਲਿਖੇ ਜਬਿ, ਜਬਿ ਬੂਝਤ ਭਏ॥ ਕਹੁ ਗੁਰਦਾਸ ! ਜਾਨ ਭੀ ਲਏ॥੨੯
ਹਾਥਿ ਜੋਰ ਕੇ ਬਾਕ ਬਖਾਨਜੋ ॥ ਰਾਵਰ ਕੀ ਕਰੁਣਾ ਤੇ ਜਾਨਜੋ ॥
ਪਤਿ ਕੋ ਬਚ ਬਹੁ ਨਰਨ ਮਝਾਰੀ ॥ ਲੇਤਿ ਪਛਾਨ ਦੁਰੀ ਜਿਮ ਨਾਰੀ ॥੨੯॥
ਤਿਮ ਪੋਥੀ ਪਰ ਤੇ ਗੁਰ ਬੈਨ ॥ ਲਿਖੇ ਪਛਾਨ ਚਤੁਰ ਗੁਰ ਜੈਨ ॥
ਅਪਰਨ ਕੇ ਜੋ ਸ਼ਬਦ ਬਨਾਏ ॥ ਪਰਖਿ ਪਰਖਿ ਕਰ ਸਰਬ ਹਟਾਏ ॥੩੦॥

(ਗੁ. ਪ੍ਰ. ਸੂ. ਰਾ. 3 ਅੰ: 41)

ਇਸ ਤੋਂ ਇਹ ਧੁਨੀ ਵੀ ਨਿਕਲਦੀ ਹੈ ਕਿ ਗੋਇੰਦਵਾਲ ਦੀਆਂ ਪੋਥੀਆਂ ਦੀ ਸੰਪੂਰਣ ਬਾਣੀ ਸ੍ਵੀਕਾਰ ਨਹੀਂ ਕੀਤੀ, ਏਸੇ ਥਿਯੂਰੀ ਨਾਲ ਗੋਇੰਦਵਾਲ ਦੀਆਂ ਪੋਥੀਆਂ ਦੀ ਪਛਾਣ ਹੋ ਸਕਦੀ ਹੈ, ਉਨ੍ਹਾਂ ਵਿਚ ਬੀੜ ਵਿਚ ਆਈ ਹੋਈ ਬਾਣੀ ਨਾਲੋਂ ਵਧੀਕ ਬਾਣੀ ਹੋਣੀ ਚਾਹੀਦੀ ਹੈ । ਇਸ ਵਾਸਤੇ ਅਜੇ ਗੋਇੰਦਵਾਲ ਵਾਲੀਆਂ ਪੋਥੀਆਂ ਵੀ ਖੋਜ ਦੀ ਲੋੜ ਰਖਦੀਆਂ ਹਨ । ਸਿੱਟਾ ਇਹ ਕਿ ਏਸ ਹੀ ਬੀੜ ਨੂੰ ਸਾਰਿਆਂ ਤੋਂ ਪਹਿਲੀ ਮੰਨਦੇ ਹਨ ।

ਬੜੀ ਖੋਜ ਨਾਲ ਮੈਂ ਇਸ ਪਾਵਨ ਬੀੜ ਦੇ ਦਰਸ਼ਨ ਕੀਤੇ ਹਨ। ਸੋਢੀ ਸਾਹਿਬ ਜੀ ਦਾ ਥਾਪਿਆ ਹੋਇਆ ਗ੍ਰੰਥੀ ਪ੍ਰੀਤਮ ਦਾਸ ਜੀ ਉਦਾਸੀਨ ਹੈ। ਕਰੀਬਨ 60 ਸਾਲ ਤੋਂ ਇਸ ਬੀੜ ਦੀ ਸੇਵਾ ਕਰਦਾ ਚਲਿਆ ਔਂਦਾ ਹੈ। ਮੇਰੇ ਜੋ ਵਿਚਾਰ ਹਨ ਉਹ ਸ੍ਵਤੰਤ੍ਰ ਰੂਪ ਨਾਲ ਏਥੇ ਲਿਖਦਾ ਹਾਂ । ਉਮੀਦ ਤਾਂ ਮੈਨੂੰ ਬਹੁਤ ਹੈ ਕਿ ਸਤਜ ਪ੍ਰਗਟੇਗਾ ਅਤੇ ਕਦੀ ਛਪੇਗਾ ਨਹੀਂ ।

ਇਹ ਬੀੜ ਸ੍ਰੀ ਸਤਿਗੁਰੂ ਅਰਜੁਨ ਦੇਵ ਜੀ ਦੀ ਲਿਖਵਾਈ ਹੋਈ ਅਤੇ ਭਾਈ ਗੁਰਦਾਸ ਜੀ ਦੀ ਲਿਖੀ ਹੋਈ' ਹੇਠ ਲਿਖੀਆਂ ਵਜੂਹਾਤਾ ਦੀ ਵਜ੍ਹਾ ਨਾਲ ਨਹੀਂ :—

ਇਸ ਬੀੜ ਦੇ ਪੰਨੇ ੪੦ ਉਤੇ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਲਿਖਿਆ ਹਇਆ ਮੂਲ ਮੰਤ੍ਰ ਹੈ। ਜਿਸ ਨੂੰ ਸ੍ਰੀ ਗੁਰੂ ਜੀ ਦੇ ਦਸਤਖਤ ਕਹਿ ਕੇ ਏਥੋਂ ਦੇ ਨਿਵਾਸੀ ਦਰਸ਼ਨ ਕਰਵਾਉਂਦੇ ਹਨ। ਇਸ ਦੀ ਪੜਚੋਲ ਇਉਂ ਕੀਤੀ ਹੈ ਕਿ ਇਹ ਦਸਤਖਤ (ਮੂਲ ਮੰਤ੍ਰ) ਇਕ ਛੋਟੇ ਜਹੇ ਕਾਗਜ਼ ਦੇ ਟੁਕੜੇ ਤੇ ਲਿਖਿਆ ਹੋਇਆ ਹੈ ਅਰਥਾਤ ਬੀੜ ਦਾ ਪਤ੍ਰਾ ਨਹੀਂ। ਇਸ ਦੇ ਚਾਰ ਚੁਫੇਰੇ ਬੇਲ ਬੂਟੇ ਕਢ ਕੇ ਫਰੇਮ ਤੇ ਫੋਟੋ ਵਾਂਗੂ ਲੁਕਾਇਆ ਹੋਇਆ ਹੈ। ਜਿਸ ਦਾ ਦਰਸ਼ਕਾਂ ਨੂੰ ਬਿਲਕੁਲ ਪਤਾ ਨਹੀਂ ਲਗ ਸਕਦਾ। ਪਤਾ ਸਿਰਫ਼ ਸਪਰਸ਼ਕਾਂ ਨੂੰ ਹੀ ਲਗ ਸਕਦਾ ਹੈ। ਜੇ ਏਸ ਪੱਤ੍ਰੇ ਨੂੰ ਪੁੱਠੇ ਪਾਸਿਓਂ ਵੇਖਿਆ ਜਾਵੇ ਤਾ ਪਤਾਂ ਲਗਦਾ ਹੈ ਕਿ ਚਾਰੀਂ ਪਾਸੀਂ ਕਾਗਜ਼ ਜੋੜ ਕੇ 'ਇਹ ਟੁਕੜਾ ਪਤ੍ਰੇ ਦੇ ਆਕਾਰ ਦਾ ਬਣਾਇਆ ਹੋਇਆ ਹੈ। ਸਭ ਤੋਂ ਵੱਡੀ ਕਚਾਈ ਮੂਲ ਵਿਚ ਇਹ ਪਈ ਹੋਈ ਹੈ। ਇਸ ਤਰ੍ਹਾਂ ਤਾਂ ਕੋਈ ਵੀ ਟੁਕੜਾ ਕਿਸੇ ਵੀ ਬੀੜ ਨਾਲ ਲੇਵੀ ਲਾ ਕੇ ਜੋੜਿਆਂ ਜਾ ਸਕਦਾ ਹੈ। ਮੈਨੂੰ ਬਹੁਤ ਸਾਰੀਆਂ ਐਹੋ ਜਹੀਆਂ ਬੀੜਾਂ ਮਿਲੀਆਂ ਹਨ। ਜਿਨ੍ਹਾਂ ਤੇ ਦੋ ਦੋ ਟੁਕੜੇ ਦਸਤਖਤਾਂ ਵਾਲਿਆਂ ਕਾਗਜ਼ਾਂ ਦੇ ਜੋੜੇ ਹੋਏ ਹਨ। ਪ੍ਰਮਾਣ ਵਜੋਂ, ਵੇਖੋ ਬੀੜ ਸ੍ਰੀ ਹਜ਼ੂਰ ਸਾਹਿਬ ਸੱਚਖੰਡ ਤਖਤ ਸਾਹਿਬ ਜੀ ਵਾਲੀ (ਨਾਦੇੜ ਦੱਖਣ) ਵਿਚ।

(ਅ) ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਦਸਤਖਤ ਜਿਸ ਮੂਲ ਮੰਤ੍ਰ ਨੂੰ ਕਿਹਾ ਜਾਂਦਾ ਹੈ। ਇਸ ਦੇ ਸਪੈਲਿੰਗ 'ਨਿਰਵੈਰ' ਆਦਿਕ ਹਨ ਅਤੇ ਜਪੁ ਦੇ ਵਿਚ ਆਏ ਮੂਲ ਮੰਤ੍ਰ ਦੇ ਸਪੈਲਿੰਗ 'ਨਿਰਵੈਰੁ' ਆਦਿਕ ਹਨ। ਕੀ ਭਾਈ ਗੁਰਦਾਸ ਜੀ ਸ੍ਰੀ ਗੁਰੂ ਜੀ ਦੇ ਲਿਖੇ ਸਪੇਲਿੰਗਾਂ ਨੂੰ ਅਸ਼ੁੱਧ ਸਮਝਦੇ ਸਨ ? ਜੇ ਉਹ ਦਸਤਖਤਾਂ ਦੇ ਹੀ ਅਨੁਸਾਰ ਸਾਰੀ ਬੀੜ ਵਿਚ ਮੰਗਲ ਲਿਖਦੇ ਤਾਂ ਤਾਂ ਇਹ ਸ੍ਰੀ ਗੁਰੂ ਜੀ ਦੇ ਮੰਨੇ ਜਾ ਸਕਦੇ ਸਨ। ਜੇ ਅੱਗੇ ਮੰਗਲਾਂ ਦਿਆਂ ਹਿਜਿਆਂ ਦਾ ਇਸ ਮੰਗਲ ਦੇ ਹਿਜਿਆਂ ਨਾਲ ਕੋਈ ਸੰਬੰਧ ਹੀ ਨਹੀਂ ਤਾਂ ਬੀੜ ਦਾ ਅਤੇ ਦਸਤਖਤਾਂ ਦਾ ਕੀ ਸੰਬੰਧ ਹੋਇਆ ? ਵਾਸਤ੍ਵ ਵਿਚ ਇਹ ਹੈ ਕਿ ਇਹ ਦਸਤਖਤ ਸਤਿਗੁਰਾਂ ਦੇ ਨਹੀਂ ਹਨ ਅਤੇ ਨਾ ਹੀ ਬੀੜ ਦੇ ਲਿਖਣ ਸਮਯ ਵਿਚ ਕੀਤੇ ਹੋਏ ਹਨ। ਇਹ ਕਿਸੇ ਚਤੁਰ ਪੁਰਸ਼ ਨੇ ਬੀੜ ਵਿਚ ਦਾਖਲ ਕਰ ਦਿਤੇ ਹਨ ਅਤੇ ਬਣਾਉਟੀ ਹਨ। ਇਹਨਾਂ ਦੇ

ਬਣਨ ਦਾ ਕਾਰਣ ਇਹ ਹੈ ਕਿ ਸੋਢੀ ਗੁਰੂ ਸਾਧੂ ਸਿਘ ਜੀ, ਮਹਾਰਾਜ ਰਣਜੀਤ ਸਿੰਘ ਜੀ ਦੇ ਨਾਲ ਮੇਲ ਰਖਣਾ ਚਾਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਨੂੰ ਵੱਸ ਰੱਖਣ ਲਈ ਇੱਕ ਹੀ ਖ਼ਯਾਲ ਸੀ ਕਿ ਸਾਡੇ ਕੋਲ ਸਤਿਗੁਰਾਂ ਦੀ ਨਿਸ਼ਾਨੀ ਹੈ ਮਹਾਰਾਜ ਇਸ ਗਲ ਤੋਂ ਨਾ ਟੈਕਸ ਲੈਂਦਾ ਸੀ ਅਤੇ ਨਾ ਹੀ ਹਮਲਾਵਰ ਹੁੰਦਾ ਸੀ। ਬਲਕਿ ਨਿਸ਼ਾਨੀਆਂ ਵਾਲਿਆਂ ਨੂੰ ਦਰਬਾਰ 'ਚੋਂ ਕੁਝ ਪੂਜਾ (ਨਕਦ ਪੈਸਾ) ਦਿੱਤਾ ਜਾਂਦਾ ਸੀ। ਮਹਾਰਾਜੇ ਨੂੰ ਵਸੀਕਰਨ ਦਾ ਸਾਰਿਆ ਤੋਂ ਸੌਖਾ ਮੰਤ੍ਰ ਏਹੋ ਸੀ। ਕਰਤਾਰਪੁਰ ਦੇ ਸੋਢੀ ਸਿੱਖਾਂ ਵਿਚ ਤ੍ਰਿਸਕਾਰੇ ਹੋਏ ਸਨ। ਸਿੰਘਾਂ ਨੂੰ ਪਾਹੁਲ ਲੈਣ ਵੇਲੇ ਹੀ ਦਸ ਦਿਤਾ ਜਾਂਦਾ ਸੀ ਕਿ 'ਧੀਰਮੱਲੀਏ, ਰਾਮਰਾਈਏ, ਮੀਣੇ, ਮਸੰਦੀਏ ਅਤੇ ਨੜੀ ਕੁੜੀਮਾਰ ਨਾਲ ਮੇਲ ਨਹੀਂ ਕਰਨਾ।' ਇਸ ਤੋਂ ਬਚਣ ਲਈ ਕਰਤਾਰਪੁਰ ਦੇ ਸੋਢੀਆਂ ਨੇ ਵੀ ਸਿੰਘ ਮਤ ਅੰਗੀਕਾਰ ਕਰ ਲਿਆ। ਸ੍ਰੀ ਨਿਰੰਜਨ ਰਾਏ ਜੀ ਦੇ ਪੁਤ੍ਰ ਬਿਕ੍ਰਮ ਸਿੰਘ ਹੋ ਗਏ ਫਿਰ ਯਥਾਕ੍ਰਮ ਅਨੁਸਾਰ ਰਾਮ ਸਿੰਘ ਜ਼ੀ, ਵਡਭਾਗ ਸਿੰਘ ਜੀ ਅਤੇ ਸਾਧੂ ਸਿੰਘ ਜੀ ਆਦਿਕ ਹੋਏ ਹਨ। ਮਹਾਰਾਜਾ ਰਣਜੀਤ ਸਿੰਘ ਜੀ ਦੇ ਨਾਲ ਸ੍ਰੀ ਵਡਭਾਗ ਸਿੰਘ ਜੀ ਅਤੇ ਸ੍ਰੀ ਸਾਧੂ ਸਿੰਘ ਜੀ ਦਾ ਗਹਿਰਾ ਸੰਬੰਧ ਰਿਹਾ ਹੈ।

ਕਰਤਾਰਪੁਰ ਦੇ ਸ਼ੀਸ਼ ਮਹਲ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਨਾਲ ਗੁਰੂ ਸਾਧੂ ਸਿੰਘ ਜੀ ਦੀ ਦਸਤੀ ਬਣੀ ਹੋਈ ਤਸਵੀਰ ਅਜੇ ਮੌਜੂਦ ਹੈ। ਏਸ ਕਥਨ ਤੋਂ ਭਾਵ ਇਹ ਨਿਕਲਦਾ ਹੈ ਕਿ ਇਹ ਦਸਤਖਤ ਮਹਾਰਾਜਾ ਰਣਜੀਤ ਸਿੰਘ ਨੂੰ ਲੁਭਾਯਾਮਾਨ ਕਰਨ ਲਈ ਬਣੌਟੀ ਬਣਾ ਕੇ ਬੀੜ ਦੇ ਆਦਿ ਪਾਏ ਗਏ ਅਤੇ ਮਹਾਰਾਜੇ ਦੇ ਦਰਬਾਰ ਵਿਚ ਬੀੜ ਭੇਜੀ ਗਈ। ਜਿਸ ਤੇ ਧਨ ਅਤੇ ਮਾਣ ਸਹਿਤ ਨਵੀਂ ਕਿਸਮ ਦੀ ਜਿਲਦ ਬਨਵਾਈ ਗਈ ਅਤੇ ਬੀੜ ਵਾਪਸ ਕਰਤਾਰਪੁਰ ਭੇਜੀ ਗਈ। ਇਸ ਦੇ ਨਾਲ ਹੀ ਭਾਈ ਬੰਨੋ ਜੀ ਵਾਲੀ ਬੀੜ ਮਾਂਗਟ (ਜ਼ਿਲ੍ਹਾ ਗੁਜਰਾਤ) ਤੋਂ ਮੰਗਵਾ ਕੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਜਾਗੀਰ ਧਨ ਆਦਿਕ ਦੇ ਕੇ ਨਵੀਂ ਜਿਲਦ ਬਨੁਵਾ ਕੇ ਵਾਪਸ ਪੁਚਾ ਦਿਤੀ ਸੀ।

ਇਸ ਕਥਾਨਕ ਤੋਂ ਪਤਾ ਲਗਦਾ ਹੈ ਕਿ ਭਗਤ ਬਾਣੀ ਨੂੰ ਪਿਛੇ ਕਰਨ ਦਾ ਕੰਮ ਏਸੇ ਹੀ ਵੇਲੇ ਕੀਤਾ ਗਿਆ ਹੈ। ਸ਼੍ਰੀ ਗੁਰੂ ਅਰਜੁਨ ਦੇਵ ਜੀ ਤਾਂ ਬਾਣੀ ਨੂੰ ਇਕਤ੍ਰਿਤ ਕਰਨ ਦਾ ਹੁਕਮ ਦੇਣ ਵਾਲੇ ਸਨ। ਤਰਤੀਬ ਭਾਈ ਗੁਰਦਾਸ ਜੀ ਆਦਿਕ ਲਿਖਾਰੀਆਂ ਦੀ ਹੀ ਦਿਤੀ ਹੋਈ ਹੈ। ਤਰਤੀਬ ਅਨੁਸਾਰਾਂ ਤੁ ਕਦੀ ਭਗਤ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੀ ਪਹਿਲੇ ਹੋ ਚੁਕੇ ਸਨ। ਸਮਯ ਦੇ ਅਨੁਸਾਰ ਹੀ ਉਨ੍ਹਾਂ ਦੀਆਂ ਰਚਨਾਵਾਂ ਦੀ ਤਰਤੀਬ ਬੰਨ੍ਹੀ ਜਾ ਸਕਦੀ ਸੀ। ਇਹ ਮੈਂ ਅਗੇ ਚਲ ਕੇ ਫਿਰ ਨਿਰਣਯ ਕਰਾਂਗਾ, ਜਿਥੇ ਹਾਸ਼ੀਏ ਨਵੇਂ ਲੈਣ ਦਾ ਜ਼ਿਕਰ ਆਵੇਗਾ। ਏਸ ਪ੍ਰਕਰਣ ਵਿਚ ਸਿਰਫ ਇਹ ਦਸਣਾ ਹੈ ਕਿ ਇਹ ਦਸਖਤ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਨਹੀਂ ਹਨ। ਇਸ ਦਾ ਮੁਕਾਬਲਾ ਸਾਰਿਆਂ ਤੋਂ ਪਹਿਲੋਂ ਗੁਰੁ ਪ੍ਰਤਾਪ ਸੂਰਯ ਦੇ ਪ੍ਰਸੰਗਾਂ ਨਾਲ ਹੀ ਕਰਨਾ ਪੈਂਦਾ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੁਹੰ ਬੀੜਾਂ (ਭਾਈ ਗੁਰਦਾਸ ਜੀ ਅਤੇ ਭਾਈ ਬਨੋ ਵਾਲੀ) ਦਾ ਜ਼ਿਕਰ ਤਾਂ ਗੁ. ਪ੍ਰ. ਸੂ. ਵਿਚ ਵਿਸਤਾਰ ਸਹਿਤ ਕੀਤਾ ਹੋਇਆ ਹੈ। ਪ੍ਰੰਤੂ ਕਿਸੇ ਬੀੜ ਤੇ ਦਸਤਖਤ ਕਰਨ ਦਾ ਕੋਈ ਜ਼ਿਕਰ ਨਹੀਂ ਆਇਆ। ਏਸ ਵਾਸਤੇ ਦਸਤਖਤਾਂ ਵਾਲਾ ਖਾਤਾ ਹੀ ਪਾਖੰਡ ਨੇ ਪੈਦਾ ਕੀਤਾ ਹੋਇਆ ਹੈ। ਇਹ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਨਹੀਂ ਹਨ।

(ੲ) ਪੰਨੇ ੪੧ ਤੇ 'ਜੋਤੀ ਜੋਤਿ ਸਮਾਵਣੇ ਕਾ ਚਲਿਤ੍ਰ' ਨਾਮੀ ਰਚਨਾ ਹੈ ਇਸ ਪੰਨੇ ਤੋਂ ਪਤਾ ਲਗ ਜਾਂਦਾ ਹੈ ਕਿ ਬੀੜ ਕਿਸ ਸਮਯ ਵਿਚ ਲਿਖੀ ਗਈ ਹੈ। ਇਸ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਤਕ ਇਕੋ ਕਲਮ ਨਾਲ ਪ੍ਰਲੋਗ ਗਮਨ ਦੀਆਂ ਤਿਥੀਆਂ ਤੇ ਸੰਮਤ ਲਿਖੇ ਹੋਏ ਹਨ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਇਹ ਬੀੜ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪ੍ਰਲੋਕ ਸਿਧਾਰਨ ਤੋਂ ਬਾਅਦ ਲਿਖਣੀ ਆਰੰਭ ਕੀਤੀ ਗਈ ਸੀ ਅਤੇ ਸਮਾਪਤੀ ਇਸ ਤੋਂ ਉਪ੍ਰਾਂਤ ਹੋਣੀ ਸੀ ਫੇਰ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਲਿਖਵਾਈ ਬੀੜ ਕਿਵੇਂ ਹੋਈ ?

ਭਾਵੇਂ ਜੋਤੀ 'ਜੋਤਿ ਸਮਾਵਣੇ ਕਾ ਚਲਿਤ੍ਰ' ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਕ ਲਿਖਿਆ ਹੋਇਆ ਹੈ। ਪ੍ਰੰਤੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਪਰਲੋਕ ਸਿਧਾਰਨ ਦੀ ਤਿਥੀ ਤੋਂ ਉਪ੍ਰਾਂਤ ਕਲਮ ਬਦਲੀ ਹੋਈ ਹੈ। ਉਹ ਕਿਸੇ ਦੀਆਂ ਫੇਰ ਲਿਖੀਆਂ ਹੋਈਆਂ ਤਿਥੀਆਂ ਮਲੂਮ ਪੈਂਦੀਆਂ ਹਨ। ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਪਰਲੋਕ ਵਾਲੇ ਲੇਖ ਵਿਚ ਲਿਖਾਰੀ ਨੇ ਪ੍ਰਾਰਥਨਾ ਵੀ ਕੀਤੀ ਹੋਈ ਹੈ। ਕਿ 'ਜੋ ਜੀਵੇਗਾ ਸੋ ਲਿਖੇਗਾ ਗਰੂ ਕਾ ਭਾਣਾ ਗੁਰੂ ਜਾਣੇ'। ਇਸ ਤੋਂ ਸਾਫ਼ ਜ਼ਾਹਰ ਹੈ ਕਿ ਲਿਖਾਰੀ ਨੇ ਇਹ ਅੰਤਮ ਵਿਨਯ ਕੀਤੀ ਹੈ ਕਿ ਹੋਰ ਸਤਿਗੁਰਾਂ ਦੇ ਪਰਲੋਕਾਂ ਨੂੰ ਵੇਖ ਕੇ ਲਿਖੇਗਾ—ਮੈਨੂੰ (ਲਿਖਾਰੀ ਨੂੰ) ਜੀਵਨ ਦਾ ਕੋਈ ਭਰੋਸਾ ਨਹੀਂ, ਸਤਿਗੁਰੂ ਦੀ ਗਤ ਸਤਿਗੁਰੂ ਹੀ ਜਾਣਦੇ ਹਨ। ਏਸ ਤੋਂ ਸਹਿਜੇ ਹੀ ਸੁਝ ਆ ਜਾਂਦੀ ਹੈ ਕਿ ਇਹ

ਬੀੜ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਵੇਲੇ ਲਿਖਣੀ ਸ਼ੁਰੂ ਕੀਤੀ ਗਈ ਹੈ।

(ਸ) 'ਜੋਤੀ ਸਮਾਵਣੇ ਕਾ ਚਲਿਤ੍' ਦੇ ਨਾਲ ਦੋ ਪਤ੍ਰੇ ਸ਼ਕਿਸਤਾ ਗੁਰ-ਮੁਖੀ ਦੇ ਹਨ। ਇਹ ਗੁਰਬਾਣੀ ਵੀ ਨਹੀਂ ਬਲਕਿ ਰਸਾਯਣੀ ਨੁਸਖੇ ਹਨ । ਸੋਨੇ ਚਾਂਦੀ ਬਣੌਨ ਦੀਆਂ ਚੋਟਕੀ ਦਵਾਈਆਂ ਹਨ। ਜਿਹੜਿਆਂ ਕਿ ਅਮੂਮਨ ਠਗੀ ਮਹਿਕਮੇ ਦੇ ਫਕੀਰ ਕੋਲ ਲਈ ਫਿਰਦੇ ਹਨ। ਏਥੇ ਪ੍ਰਕਰਣਾਨੁਸਾਰ ਮੈਨੂੰ ਲਿਖਣਾ ਪਿਆ ਹੈ। ਜਿਹੜੇ ਠੱਗ ਸਾਧੂ ਲਿਬਾਸਾਂ ਵਿਚ ਆ ਜਾਂਦੇ ਹਨ। ਉਹ ਤਿੰਨ ਗਲਾਂ ਕਰਦੇ ਹਨ। ੧. ਭੂਤ ਵਿਦਿਆ, ੨. ਮਣੀਆਂ ਦੀ ਖੋਜ ੩. ਰਸਾਯਣ (ਸੋਨੇ ਚਾਂਦੀ ਬਣੋਣ ਦੀ ਕ੍ਰਿਯਾ)। ਇਹਨਾਂ ਤਿੰਨਾਂ ਵਿਚੋਂ ਕੋਈ ਵੀ ਸਤਜ ਨਹੀਂ । ਇਹ ਪ੍ਰਕਰਣ ਸ੍ਰੀ ਭਰਤਰੀ ਹਰੀ ਜੀ ਦੇ ਵੈਰਾਗਜ ਸ਼ਤਕ ਵਿਚੋਂ ਦੇਖਣ ਯੋਗਜ ਹੈ । ਇਸ ਤੋਂ ਮਾਲੂਮ ਪੈਂਦਾ ਹੈ ਕਿ ਕਰਤਾਰਪੁਰ ਦੇ ਸੋਢੀ ਭੂਤ ਵਿਦਿਆ ਵਿਚ ਤਾਂ ਹੁਣ ਵੀ ਮਸ਼ਹੂਰ ਹਨ ਅਤੇ ਰਸਾਯਣ ਦੀ ਚਿੰਤਾ ਵਿਚ ਵੀ ਰਹੇ ਹੋਣਗੇ। ਮੈਨੂੰ ਵੀ ਇਹ ਸ਼ੋਕ ਰਿਹਾ ਹੈ ਅਤੇ ਮੈਂ ਏਸ ਗਲ ਦਾ ਕਾਇਲ ਵੀ ਹੋ ਗਿਆ ਹਾ ਕਿ ਸੋਨਾ ਸਤਵੰਨੀ ਤਕ ਬਣਾਉਟੀ ਬਣ ਸਕਦਾ ਹੈ। ਪਰ ਜਿਹੜੇ ਲੋਕ ਇਸ ਖੋਜ ਵਿਚ ਪੈਂਦੇ ਹਨ ਉਹ ਠੱਗੇ ਜਾਂਦੇ ਹਨ ਅਤੇ ਠੱਗ ਆਪਣੇ ਆਪਨੂੰ ਰਸਾਯਣੀ ਜ਼ਾਹਰ ਕਰਕੇ ਲੋਕਾਂ ਨੂੰ ਠਗ ਲੈਂਦੇ ਹਨ। ਸਿੰਧ ਦੀ ਇਕ ਕਹਾਣੀ ਮੇਰੀ ਅਖਾਂ ਨਾਲ ਡਿਠੀ ਹੋਈ ਹੈ। ਮੈਂ ਇਸ ਥਾਂ ਦੁਨੀਆਂ ਨੂੰ ਪਾਤ੍ਰਾਂ ਦੇ ਨਾਮ ਛਡ ਕੇ ਬਾਕੀ ਸਾਰੀ ਕਥਾ ਇੰਨ ਬਿੰਨ ਠੀਕ ਲਿਖਦਾ ਹਾਂ, ਤਾਂ ਕਿ ਲੋਕ ਠੱਗਾਂ ਤੋਂ ਬਚ ਸਕਣ।

ਕਿਰਾਚੀ ਵਿਚ ਇਕ ਆਸ਼੍ਰਮ ਬਣਿਆ ਹੋਇਆ ਸੀ। ਜਿਸ ਵਿਚ ਸਾਧੂ ਆ ਕੇ ਠਹਿਰਿਆ ਕਰਦੇ ਸਨ। ਕੋਈ ਕੋਈ ਸਾਧੂ ਤਾਂ ਭਿਖਿਆ ਨਾਲ ਹੀ ਆਪਣਾ ਗੁਜਾਰਾ ਕਰਦੇ ਸਨ। ਕੋਈ ਕੋਈ ਆਪਣੀ ਆਪਣੀ ਸਿੱਖੀ ਸੇਵਕੀ ਰਖਦੇ ਸਨ। ਜਿਹੜੇ ਸਾਲ ਦੋ ਸਾਲ ਬਾਦ ਔਂਦੇ ਸਨ। ਕੁਝ ਕਥਾ ਪ੍ਰਚਾਰ ਕਰਕੇ ਸਿੱਖਾਂ ਸੇਵਕਾ ਤੋਂ ਉਗ੍ਰਾਹੀਆਂ ਕਰਕੇ ਆਪੋ ਆਪਣਿਆ ਸਥਾਨਾਂ ਨੂੰ ਵਾਪਸ ਚਲੇ ਜਾਂਦੇ ਸਨ। ਲਾੜਕਾਣਾ, ਸ਼ਿਕਾਰ ਪੁਰ, ਸੱਖਰ, ਆਦਿਕ ਸ਼ਹਿਰਾਂ ਵਿਚ ਵੀ ਜਾਂਦੇ ਸਨ। ਏਸ ਹੀ ਕਰਮ ਨਾਲ ਜੀਵਨ ਬਤੀਤ ਕਰਦੇ ਸਨ। ਸਿੰਧ ਦੇਸ਼ ਕੋਈ ਅਕਲਮੰਦ ਦੇਸ ਨਹੀਂ ਸੀ। ਖ਼ਾਸ ਕਰਕੇ ਏਧਰ ਉਦਾਸੀਨ ਸਾਧੂਆਂ ਦਾ ਕਾਫ਼ੀ ਜੋਰ ਸੀ। ਉਹਨਾਂ ਨੇ ਸਾਧੂਆਂ ਦੇ ਸ਼ਰਧਾਲੂ ਤਾਂ ਬਹੁਤ ਬਣਾ ਦਿੱਤੇ ਸਨ। ਪ੍ਰੰਤੂ ਅਕਲਮੰਦ ਨਹੀਂ ਹੋਣ ਦਿੱਤੇ। ਜੇ ਦੇਵੀ ਦੀ ਮੂਰਤਿ ਹੋਵੇ ਤਾਂ ਵੀ ਸਿੰਧੀ ਮੱਥੇ ਟੇਕ ਔਂਦਾ ਹੈ।

ਜੇ ਹਨੂਮਾਨ ਦਾ ਮੰਦਰ ਹੈ ਤਾਂ ਸਿੰਧੀ ਸੰਧੂਰ ਲਾ ਔਂਦਾ ਹੈ। ਜੇ ਝੂਲੇ ਲਾਲ ਦਾ ਮੰਦਿਰ ਹੈ–ਤਾਂ ਟਲੀਆਂ ਖੜਕਾ ਔਂਦਾ ਹੈ। ਵਿਸ਼ਨ ਮੰਦਿਰ, ਸ਼ਿਵ ਲਿਗ, ਸ੍ਰੀ ਗੁਰੂ ਗ੍ਰੰਥ ਸਾਹਿਬ, ਪਿਪਲ, ਜੰਡ, ਬੇਰੀ, ਮੜੀ, ਕਬਰ, ਪੀਰ, ਸੱਯਦ, ਜੋਗੀ, ਸਨਯਾਸੀ, ਉਦਾਸੀ, ਸਿੱਖ, ਕੋਈ ਦੰਭੀ ਚਲਿਆ ਜਾਵੇ ਜੇ ਉਹ ਥੋੜ੍ਹਾ ਜਿਹਾ ਹੌਸਲਾ ਕਰ ਲਵੇ ਤਾਂ ਸਿੰਧ ਦੇਸ਼ ਵਿਚ ਉਹਦੀ ਥਾਂ ਜ਼ਰੂਰ ਬਣ ਜਾਂਦੀ ਸੀ। ਸਿੰਧੀ ਕਿਸੇ ਗੁਰੂ ਪੀਰ ਦਾ ਪਰਮ-ਸ਼੍ਰਧਾਲੂ ਨਹੀਂ ਬਲਕਿ ਜਿੱਧਰ ਪਾਸਾ ਭਾਰਾ ਤੇ ਆਮਦਨ ਹੋਵੇ-ਇਸ ਨੂੰ ਮਥਾ ਟੇਕਦਿਆਂ ਕੋਈ ਸੰਕੋਚ ਨਹੀਂ। ਸਿੰਧੀ ਨੂੰ ਸਮਝ ਆਵੇ ਭਾਵੇਂ ਨਾ ਆਵੇ ਸਿਰ ਜ਼ਰੂਰ ਹਿਲਾਈ ਜਾਵੇਗਾ। ਲੱਭ ਬੜ੍ਹੀ ਬੰਲਾ ਹੁੰਦੀ ਹੈ। ਸਿੰਧੀਆਂ ਨੂੰ ਇਹ ਬਹੁਤ ਛੇਤੀ ਘੇਰ ਲੈਂਦਾ ਹੈ।

ਏਸ ਆਸ਼੍ਰਮ ਵਿਚ ਇਕ ਸਾਧੂ ਲਿਬਾਸ ਵਿਚ ਠੱਗ ਔਣ ਲਗ ਪਿਆ। ਇਕ ਸਿੰਧੀ ਜਿਹੜਾ ਕਿ ਕਦੀ ਕਦੀ ਆਸ਼੍ਰਮ ਵਿਚ ਆਇਆਂ ਅਤਿਥੀਆਂ ਨੂੰ ਭੋਜਨ ਖੁਔਂਦਾ ਹੁੰਦਾ ਸੀ, ਉਸ ਨਾਲ ਪ੍ਰਚਯ ਪਾ ਲਿਆ। ਕੋਈ ਮਹੀਨਾ ਕੁ ਭਰ ਭੋਜਨ ਪੌਂਦਾ ਰਿਹਾ ਅਤੇ ਆਪਣੇ ਪ੍ਰਚਯ ਦੇ ਅਨੁਸਾਰ ਸਮਯ ਬਿਤੀਤ ਕਰਦਾ ਰਿਹਾ, ਫੇਰ ਜ਼ਾਣ ਦੀਆਂ ਤਿਆਰੀਆਂ ਕਰ ਲਈਆਂ "ਦੋ ਚਾਰ ਦਿਨਾਂ ਤਕ ਮੈਂ ਕਰਾਚੀ ਤੋਂ ਚਲੇ ਜਾਣਾ ਹੈ" ਮਸ਼ਹੂਰ ਕਰ ਦਿੱਤਾ। ਕੁਝ ਲੋਕ ਆ ਕੇ ਕਹਿਣ ਲਗ ਪਏ ਜੀ ! ਇਕ ਮਹੀਨਾਂ ਹੋਰ ਰਹੋ ? ਪ੍ਰੰਤੂ ਧੀਰਜ ਦੇ ਕੇ ਤਿਆਰੀ ਆਰੰਭ ਕਰ ਦਿੱਤੀ, ਭੋਜਨ ਲਿਔਣ ਵਾਲੇ ਸਿੰਧੀ ਨੂੰ ਕਿਹਾ ਕਿ ਜੇ ਤੇਰੇ ਪਾਸ ਛੇ ਮਾਸ਼ੇ ਸੋਨਾ ਹੈ ਤਾਂ ਲੈ ਆ, ਉਸ ਵੇਲੇ ਸੋਨਾ ੨੦ ਕੁ ਰੁਪਏ ਤੋਲਾ ਸੀ। ਦਸਕੁ ਰੁਪਏ ਨਕਦ ਸੇਵਾ ਕਰਨ ਦੀ ਸਿੰਧੀ ਦੀ ਇੱਛਾ ਸੀ। ਜੇ ਛੇ ਮਾਸ਼ੇ ਸੋਨਾ ਦੇ ਦਿੱਤਾ ਜਾਵੇ ਤਾਂ ਵੀ ਹਿਸਾਬ ਵਿਚ ਕੋਈ ਫਰਕ ਨਹੀਂ ਸੀ ਪੈਂਦਾ। ਏਨੀ ਕੁ ਸੇਵਾ ਤਾਂ ਬਿਨਾਂ ਕਿਸੇ ਕਹਿਣ ਤੋਂ ਤੋਂ ਵੀ ਕਰਨ ਦੀ ਚਾਹ ਹੈ ਹੀ ਸੀ। ਸਾਰੀਆਂ ਉਚਾਈਆਂ ਨੀਚਾਈਆਂ ਸ਼ੋਚ ਕੇ ਛੇ ਮਾਸੇ ਸੋਨਾ ਲਿਆ ਦਿਤਾ। ਉਸ ਸਾਧੂ ਲਿਬਾਸ ਵਿਚ ਠਗ ਨੇ ਸੋਨਾ ਲੈ ਲਿਆ। ਅਠ ਪਹਿਰ ਬਾਦ ਉਸ ਸਿੰਧੀ ਨੂੰ ਇਕ ਤੋਲਾ ਸੋਨੇ ਦੀ ਡਲੀ ਲਿਆ ਕੇ ਦੇ ਦਿਤੀ। ਉਸ ਸਿੰਧੀ ਨੇ ਕਿਹਾ, 'ਜੀ ! ਇਹ ਤਾਂ ਮੈਂ ਆਪ ਦੀ ਭੇਟਾ ਕਰਨੀ ਹੀ ਸੀ।' ਤਾਂ ਠਗ ਸਾਧੂ ਨੇ ਕਿਹਾ ਕਿ ਅਸੀਂ ਤਾਂ ਕੋਈ ਇਛਾ ਨਹੀਂ ਰਖਦੇ, ਤੁਹਾਡਾ ਭਲਾ ਕਰਨਾ ਚਾਹੁੰਦੇ ਹਾਂ। ਤੁਸੀਂ ਆਪਣੀ ਵਸਤੂ ਅਥਵਾ ਸੇਵਾ ਦਾ ਫਲ ਭੋਗੋ ਅਤੇ ਖਾਓ ਉਡਾਓ। ਇਹ ਕਹਿ ਕੇ ਠਗ ਸਾਧੂ ਚਲਿਆ ਗਿਆ ਤੇ ਇਕ ਸਾਲ ਕਿਧਰ ਰਿਹਾ ?

ਇਸ ਦਾ ਕੋਈ ਪਤਾ ਨਹੀਂ ।

ਸਾਲ ਬਾਅਦ ਆਸ਼ਰਮ ਵਿਚ ਫਿਰ ਆਇਆ । ਹੁਣ ਉਹ ਸਿੰਧੀ ਬਾਕੀਆਂ ਦੀ ਸੇਵਾ ਘਟ ਕਰਦਾ ਜਾਂਦਾ ਸੀ ਅਤੇ ਠਗ ਸਾਧੂ ਦੇ ਆਸ ਪਾਸ ਦਿਨੇ ਰਾਤ ਆਗਤ ਭਾਗਤ ਕਰਦਾ ਰਹਿੰਦਾ ਸੀ । ਪ੍ਰੰਤੂ ਠਗ ਸਾਧੂ ਸਿਰਫ ਭੋਜਨ ਸਮਯ ਅਤੇ ਰਾਤ ਨੂੰ ਸੌਣ ਵੇਲੇ ਆਸ਼੍ਰਮ ਵਿਚ ਆਉਂਦਾ । ਰਾਤ ਨੂੰ ਕਰੀਬਨ ੮ ਵਜੇ ਆਸ਼੍ਰਮ ਵਿਚ ਔਂਦਾ । ਉਸਨੂੰ ਔਂਦਿਆਂ ਹੀ ਭੋਜਨ ਬੜੇ ਸਨਿਗਧ ਪਦਾਰਥ ਦਾ ਮਿਲਦਾ, ੯ ਕੁ ਵਜੇ ਤਕ ਉਸ ਪਾਸ ਉਹ ਸਿੰਧੀ ਬੈਠਾ ਰਹਿੰਦਾ । ਦੋ ਚਾਰ ਹੋਰ ਵੀ ਰੋਜ਼ ਨਵੇਂ ਆਦਮੀ ਉਸ ਦੇ ਦਰਸ਼ਨ ਲਈ ਔਂਦੇ । ਉਹ ਕੋਈ ਉਪਦੇਸ਼ ਨਹੀਂ ਕਰਦਾ ਸੀ । ਵਸਤ੍ਰ ਠੀਕ ਗੇਰੂਏ ਸਨ । ਬਲਕਿ ਮੱਥਾ ਟੇਕਣ ਵਾਲਿਆਂ ਨੂੰ ਉਹ ਕੋਈ ਅਸੀਸ ਯਾ ਕੋਈ ਵੀ ਅੱਛੀ ਬੁਰੀ ਗਲ ਮੂੰਹੋਂ ਨਹੀਂ ਸੀ ਕਹਿੰਦਾ । ਕੋਈ ਆਦਮੀ ਉਸ ਦੇ ਪਾਸ ਕਿੰਨਾ ਕਿੰਨਾ ਚਿਰ ਵੀ ਕਿਉਂ ਨਾ ਬੈਠਾ ਰਹੇ – ਉਸ ਕੋਈ ਗਲ ਬਾਤ ਚਰਚਾ ਗਯਾਨ ਅਧਯਾਤਮਵਾਦ ਆਦਿ ਨਹੀਂ ਕਰਨੀ । ਨ ਬੋਲਣਾ, ਨਾ ਬੋਲਣ ਦੇਣਾ । ਹਾਂ ! ਜੇ ਰੋਟੀ ਪਾਣੀ ਦੀ ਲੋੜ ਹੋਵੇ ਤਾਂ ਮੂੰਹੋਂ ਮੰਗ ਵੀ ਲੈਣੀ। ਰਾਤ ਦੇ ੧੦ ਵਜੇ ਆਸ਼੍ਰਮ ਬੰਦ ਹੋ ਜਾਣਾ । ਪ੍ਰੇਮੀਆ ਨੇ ਘਰਾਂ ਨੂੰ ਚਲੇ ਜਾਣਾ । ਠੱਗ ਸਾਧੂ ਨੇ ਵੀ ਸੌਂ ਜਾਣਾ । ਸਵੇਰੇ ੪ ਵਜੇ ਉਠਣਾ, ਸਨਾਨ ਕਰਨਾ, ਆਪਣੇ ਕਮਰੇ ਵਿਚ ਬੈਠ ਕੇ ਭਜਨ ਕਰਨਾ । ਸੂਰਜ ਚੜ੍ਹਦੇ ਨਾਲ ਹੀ ਦੁਧ ਚਾਹ ਮਿਠਿਆਈ ਆ ਜਾਣੀ, ਓਸ ਖਾ ਕੇ ਬਾਹਰ ਚਲੇ ਜਾਣਾ, ੧੨ ਵਜੇ ਦਿਨੇ ਭੋਜਨ ਦਾ ਸਮਯ ਹੋ ਜਾਣਾ, ਓਸ ਠੀਕ ਸਮਯ ਪਹੁੰਚ ਜਾਣਾ । ਭੋਜਨ ਪੌਣਾ । ੩-੪ ਵਜੇ ਤਕ ਆਰਾਮ ਕਰਨਾ । ਫੇਰ ਸੇਵਕ ਦੁਧ ਚਾਹ ਲੈ ਕੇ ਹਾਜ਼ਰ ਹੋ ਜਾਣੇ, ਓਸ ਪੀ ਖਾ ਕੇ ਬਾਹਰ ਚਲੇ ਜਾਣਾ ਅਤੇ ਸੂਰਯ ਛਪੇ ਆਸਮ ਵਿਚ ਵਾਪਸ ਆ ਜਾਣਾ । ਇਹ ਠਗ ਸਾਧੂ ਦੀ ਨਿਤਯ ਕ੍ਰਿਯਾ ਸੀ ।

ਦੂਜੇ ਸਾਲ ਤੁਰਨ ਦੀ ਤਿਆਰੀ ਕਰ ਲਈ । ਹੁਣ ਓਸ ਸਿੰਧੀ ਨੇ ਬਿਨਾ ਮੰਗਿਆਂ ਇਕ ਤੋਲਾ ਸੋਨਾ ਲਿਆ ਦਿੱਤਾ । ਲੋਕਾਂ ਵਿਚ ਗੁਪਤ ਗਪਤ ਘੁਸ ਮੁਸ ਹੋਣ ਲਗ ਪਈ, ਇਹ ਰਸਾਯਣੀ ਹੈ । ਕੋਈ ਵੇਖਦਾ ਹੈ, ਕੋਈ ਪਾਸ ਬਹਿੰਦਾ ਹੈ, ਕੋਈ ਪੁਛਦਾ ਹੈ, ਉਹ ਕੋਈ ਸਵਾਲ ਨਹੀਂ ਕਰਦਾ, ਕੋਈ ਸੇਵਾ ਨਹੀਂ ਦਸਦਾ, ਕੋਈ ਗੱਲ ਨਹੀਂ ਕਰਦਾ । ਹੁਣ ਹੋਰ ਸ਼ੁਹਰਤ ਉਸਦੇ ਪਿਛੇ ਹੋਣੀ ਸ਼ੁਰੂ ਹੋ ਗਈ ਕਿ ਰਸਾਯਣੀ ਨੂੰ ਕਿਸੇ ਨਾਲ ਕੀ ਮਤਲਬ ? ਉਸ ਠੱਗ ਸਾਧੂ ਨੇ ਕੋਈ ਜ਼ਵਾਬ ਨਹੀਂ

ਦਿੱਤਾ, ਤੋਲਾ ਸੋਨਾ ਲੈ ਲਿਆ। ਪਿਛਲੇ ਸਾਲ ਵਾਂਗੂ ਹੀ ਅੱਠਾਂ ਪਹਿਰਾਂ ਬਾਦ ਦੋ ਤੋਲੇ ਸੋਨੇ ਦੀ ਡਲੀ ਲਿਆ ਕੇ ਸਿੰਧੀ ਨੂੰ ਪਕੜਾ ਦਿੱਤੀ। ਪਿਛਲੇ ਸਾਲ ਤਾਂ ਓਨ ਕੁਝ ਨਾਂਹ ਨੁੱਕਰ ਕੀਤੀ ਸੀ। ਪਰ ਐਸ ਸਾਲ ਚੁਪ ਚੁਪੀਤੇ ਹੀ ਜੇਬ ਵਿਚ ਪਾ ਲਈ। ਠਗ ਸਾਧੂ ਫ਼ਿਰ ਚਲਿਆ ਗਿਆ। ਕੋਈ ਉਸਦਾ ਨਾਮ ਨਹੀਂ ਜਾਣਦਾ, ਕੋਈ ਉਸ ਦਾ ਘਰਾਣਾ ਨਹੀਂ ਪੁਛਦਾ, ਕੋਈ ਗੁਰੂ ਮੰਤ੍ਰ ਨਹੀਂ ਲੈਂਦਾ, ਕੋਈ ਦਵਾਈ ਨਹੀਂ ਪੁੱਛਦਾ, ਕੋਈ ਪੱਤ੍ਰੀ ਨਹੀਂ ਖੁਲ੍ਹੌਂਦਾ, ਕੋਈ ਕਥਾ ਨਹੀਂ ਸੁਣਦਾ। ਪ੍ਰੰਤੂ ਸੇਵਾ ਇਹਨਾਂ ਸਾਰਿਆਂ ਕਰਮਾਂ ਵਾਲਿਆਂ ਨਾਲੋਂ ਉਸਦੀ ਵਧ ਹੁੰਦੀ ਹੈ। ਲੋਕ ਆਗ੍ਰਹ ਕਰਦੇ ਹੀ ਰਹੇ ਕਿ ਨਾ ਜਾਓ, ਭੋਜਨ ਦੀ ਕਮੀ ਤਾਂ ਏਥੇ ਵੀ ਨਹੀਂ ਹੈ, ਕਿਉਂ ਜਾਂਦੇ ਹੋ ? ਪ੍ਰੰਤੂ ਉਹ ਤੁਰ ਹੀ ਗਿਆ। ਪਿਛੋਂ ਸਿੰਧੀ ਨੇ ਆਪਣੀ ਇਸਤ੍ਰੀ ਨਾਲ ਵੀ ਗੱਲ ਕਰ ਦਿੱਤੀ। ਉਸ ਦੀ ਪੁਤ੍ਰੀ ਨੂੰ ਵੀ ਪਤਾ ਲਗ ਗਿਆ। ਉਹ ਕਹਿਣ ਲਗ ਪਈਆਂ ਇਕ ਤੋਲੇ ਦੀ ਥਾਂ ਤੁਸਾਂ ਇਕ ਸੇਰ ਸੋਨਾ ਲਿਆ ਦੇਣਾ ਸੀ, ਤਾ ਕਿ ਦੋ ਸੇਰ ਤਾਂ ਹੋ ਜਾਂਦਾ।

ਸਿੰਧੀ ਪ੍ਰੇਮੀ ਨੇ ਕਿਹਾ ਉਹ ਮਹਾਤਮਾਂ ਤਾਂ ਸਾਲ ਦੇ ਸਾਲ ਔਂਦਾ ਹੈ। ਜਿੰਨਾ ਉਸਨੂੰ ਸੋਨਾ ਦਈਏ-ਉਹ ਦੂਣਾ ਕਰ ਦਿੰਦਾ ਹੈ। ਕੁਝ ਲਾਲਚ ਨਹੀਂ, ਲੋਭ ਨਹੀਂ ਬੇਈ-ਮਾਨੀ ਨਹੀਂ,ਕਦੀ ਕਿਸੇ ਨਾਲ ਵਾਸਤਾ ਨਹੀਂ ਰਖਦਾ, ਜਦੋਂ ਹੋਏ ਈ ਰਸਾਯਣੀ ਤਾਂ ਫਿਰ ਕਿਸੇ ਨਾਲ ਪ੍ਰਯੋਜਨ ਕਿਹਾ ? ਅਸੀਂ ਸੁਣਦੇ ਹਾਂ ! ਕਿ ਕੁੰਭਾਂ ਦੇ ਵੇਲੇ ਚਹੁੰ ਦਿਸਾਂ ਚੋਂ ਸਾਧੂ ਹਰਦ੍ਵਾਰ, ਪ੍ਰਯਾਗ ਰਾਜ, ਨਾਸਕ ਅਤੇ ਉਜੈਨ ਵਿਚ ਇਕੱਠੇ ਹੁੰਦੇ ਹਨ। ਉਹਨਾਂ ਵਿਚ ਚਾਰ ਸਾਧੂ ਮੁਖੀ ਹੁੰਦੇ ਹਨ ਤੇ ਓਹੀ ਰਸਾਯਣੀ ਹੁੰਦੇ ਹਨ, ਖਟ ਭੇਖ ਦੇ ਸੰਪੂਰਣ ਪੱਕੇ ਭੰਡਾਰੇ ਕਰਦੇ ਹਨ, ਗੋਦੜੀਆਂ ਪਹਿਨਦੇ ਹਨ, ਤਾਂ ਕਿ ਕੋਈ ਉਨ੍ਹਾਂ ਨੂੰ ਪਛਾਣ ਨਾ ਸਕੇ, ਲੁਕੇ ਰਹਿੰਦੇ ਹਨ, ਇਹ ਮਹਾਤਮਾ ਉਨ੍ਹਾਂ ਵਿਚੋਂ ਪ੍ਰਤੀਤ ਹੁੰਦੇ ਹਨ। ਇਕ ਦੋ ਆਦਮੀਆਂ ਨਾਲ ਸਿੰਧੀ ਏਹੋ ਗਲ ਰੋਜ਼ ਕਰਦਾ ਹੈ। ਔਰਤਾਂ ਦਾ ਔਰਤਾਂ ਨਾਲ ਸੰਗ ਹੋਣਾ ਸ਼ੁਰੂ ਹੋ ਗਿਆ, ਜਿੱਥੇ ਉਹਨਾਂ ਦਾ ਸੰਗ ਜਮਾ ਹੁੰਦਾ ਹੈ, ਓਥੇ ਓਸ ਹੀ ਮਹਾਤਮਾ ਦੀਆਂ ਗੱਲਾਂ ਚਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਕਿਰਾਚੀ ਵਿਚ ਕਾਫ਼ੀ ਸ਼ੁਹਰਤ ਫੈਲ ਗਈ। ਸਾਲ ਵਿਚ ਕਰੀਬਨ ਕਰੀਬਨ ਅੱਧੀ ਕਿਰਾਚੀ ਨੂੰ ਮਹਾਤਮਾ ਦੀ ਰਸਾਯਣ ਵਿਦਯਾ ਦਾ ਪ੍ਰੀਚਯ ਹੋ ਗਿਆ। ਤੀਜਾ ਸਾਲ ਬੀਤ ਗਿਆ, ਠੁਗ ਸਾਧੂ ਅਚਾਨਕ ਕਿਸੇ ਪਾਸਿਓਂ ਆਸ਼੍ਰਮ ਵਿਚ ਆ ਉਤਰਿਆ। ਰਾਤੋ ਰਾਤ ਲੋਭੀਆਂ ਨੂੰ ਪਤਾ ਲਗ ਗਿਆ। ਸਿੰਧੀ ਪ੍ਰੇਮੀ ਨੇ ਸੋਚਿਆ

ਕਿ ਇਹ ਮਹਾਤਮਾ ਕਿਸੇ ਹੋਰ ਦੇ ਪਾਸ ਨਾ ਚਲਿਆ ਜਾਵੇ। ਮੈਂ ਜਿਹੜਾ ਫਾਇਦਾ ਉਠੌਣਾ ਹੈ, ਕੋਈ ਹੋਰ ਨਾ ਉਠਾ ਲਿਜਾਵੇ। ਮੈਂ ਦੁਗਣਾ ਸੋਨ੍ਹਾਂ ਲੈਂਦਾਂ ਹਾਂ। ਜੇ ਹੋਰ ਮੈਥੋਂ ਜ਼ਜਾਦਾ ਸੋਨਾ ਲੈ ਆਇਆ ਤਾਂ ਉਹ ਮੈਥੋਂ ਜ਼ਜਾਦਾ ਅਮੀਰ ਬਣ ਜਾਵੇਗਾ। ਏਸ ਵਿਚਾਰ ਨਾਲ ਉਹ ਬੜੀ ਕੋਸ਼ਿਸ਼ ਕਰ ਕੇ ਘਰ ਲੈ ਗਿਆ।

ਮਹਾਤਮਾ ਦੀ ਸੇਵਾ ਖੂਬ ਹੋਣ ਲਗ ਪਈ। ਬਿਨਾ ਕਿਸੇ ਪ੍ਰੇਰਨਾ ਦੇ ਸਾਰੇ ਪਦਾਰਥ ਔਣ ਲਗ ਪਏ। ਠਗ ਸਾਧੂ ਨੇ ਦਿਲ-ਘਟਣ ਦੀ ਬੀਮਾਰੀ ਦਾ ਬਹਾਨਾ ਕਰ ਲਿਆ। ਹਾਇ ! ਹਾਇ ! ਦੀ ਆਵਾਜ਼ ਪ੍ਰੰਤੂ ਧੀਂਵੀਂ ਸੁਰ ਨਾਲ ਨਿਕਾਲਣੀ ਸ਼ੁਰੂ ਕਰ ਦਿੱਤੀ। ਸਿੰਧੀ ਪ੍ਰੇਮੀ, ਉਸ ਦੀ ਪਤਨੀ ਤੇ ਪੁਤ੍ਰੀ ਇਕ ਦਮ ਡਾਕਟਰ ਲੈ ਆਏ—ਮਹਾਤਮਾ ਕਹਿੰਦਾ ਹੈ ਕਿ ਮੇਰਾ ਦਿਲ ਘਟਦਾ ਹੈ। ਡਾਕਟਰ ਕਹਿੰਦਾ ਹੈ ਕਿ ਮਹਾਤਮਾ ਨੂੰ ਦਵਾਈ ਦੇ ਨਾਲ ਬਰਾਂਡੀ ਦੇਣੀ ਪਵੇਗੀ ਅਤੇ ਮਾਸ ਦਾ ਰਸ (ਜਜੂਸ) ਵੀ ਦੇਣਾ ਪਵੇਗਾ ਤਾਂ ਦਿਲ ਨੂੰ ਤਾਕਤ ਮਿਲ ਸਕਦੀ ਹੈ। ਠਗ ਮਹਾਤਮਾ ਨੂੰ ਮਾਸ ਦਾ ਰਸ ਅਤੇ ਬਰਾਂਡੀ ਦੀਆਂ ਬੋਤਲਾਂ ਔਣੀਆਂ ਸ਼ੁਰੂ ਹੋ ਗਈਆਂ। ਖੂਬ ਖਾਣ ਪੀਣ ਦਾ ਆਨੰਦ ਬਣ ਗਿਆ। ਬਰਾਂਡੀ ਪਿਉਣ ਲਈ ਸਿੰਧੀ ਦੀ ਪਤਨੀ ਤੇ ਪਤ੍ਰੀ ਹਰ ਵੇਲੇ ਹਾਜ਼ਰ ਰਹਿੰਦੀਆਂ ਹਨ। ਹੁਣ ਸਿੰਧੀ ਪ੍ਰੇਮੀ ਆਸ਼੍ਰਮ ਵਿਚ ਲੋਕ-ਦਿਖਾਵੇ ਵਜੋਂ ਜ਼ਰੂਰ ਜਾਂਦਾ ਹੈ। ਦੋ ਸਾਤਿਆਂ ਬਾਅਦ ਠਗ ਸਾਧੂ ਨੇ ਫਿਰ ਜਾਣ ਦੀ ਤਿਆਰੀ ਕਰਨੀ ਸ਼ੁਰੂ ਕਰ ਲਈ। ਕਹਿ ਕਹਾ ਕੇ ਦੋ ਚਾਰ ਦਿਨ ਹੋਰ ਰਹਿਣ ਲਈ ਪ੍ਰੇਰਿਆ। ਇਸਤ੍ਰੀ ਅਤੇ ਪੁਤ੍ਰੀ ਦੇ ਗਹਿਣੇ ਲਾਹ ਕੇ ਸਾਰਾ ਪਾ-ਕੁ ਭਰ ਸੋਨਾ ਬਣਾ ਲਿਆ ਅਤੇ ਲਿਆ ਕੇ ਠਗ ਸਾਧੂ ਨੂੰ ਦੇ ਦਿਤਾ। ਉਸਨੇ ਫੇਰ ਬਾਹਰ ਜਾ ਕੇ ਤੇ ਆ ਕੇ ਅੱਧ ਸੇਰ ਸੋਨਾ ਸੌਲ੍ਹਾਂ ਪਹਿਰ ਬਾਦ ਸਿੰਧੀ ਨੂੰ ਦੇ ਦਿਤਾ। ਸਿੰਧੀ ਦੀ ਪਤਨੀ ਤੇ ਪੁਤ੍ਰੀ ਪਤਾ ਪੁਛਦੀਆਂ ਹਨ। ਉਹ ਕਹਿੰਦਾ ਹੈ ਕਿ ਮੈਂ ਵਿਚਰਦਾ ਹੀ ਰਹਿੰਦਾ ਹਾਂ। ਜਦੋਂ ਕਾਲ ਬਿਤੀਤ ਕਰਨਾ ਹੁੰਦਾ ਹੈ, ਆ ਜਾਂਦਾ ਹਾਂ। ਠਗ ਸਾਧੂ ਨੇ ਕੋਈ ਪਤਾ ਨਹੀਂ ਦਸਿਆ, ਤੁਰ ਪਿਆ, ਚਲਿਆ ਗਿਆ, ਤੀਜਾ ਸਾਲ ਖਤਮ ਹੋ ਗਿਆ। ਹੁਣ ਲੋਕਾਂ ਨੂੰ ਬਹੁਤ ਨਿਸ਼ਚਯ ਬਣ ਗਿਆ। ਜ਼ਮਾਨਾ ਸਸਤਾ ਸੀ ਆਮ ਲੋਕਾਂ ਵਿਚ ਚਰਚਾ ਫੈਲ ਗਈ। ਚੋਥਾ ਸਾਲ ਚੜ੍ਹ ਪਿਆ। ਠਗ ਸਾਧੂ ਫਿਰ ਕਰਾਚੀ ਆਸ਼੍ਰਮ ਵਿਚ ਆ ਗਿਆ। ਹੁਣ ਤਾਂ ਉਸ ਨੂੰ ਉਥੇ ਠਹਿਰਨ ਵੀ ਨਾ ਦਿਤਾ ਗਿਆ। ਘਰ ਹੀ ਆਸਣ ਲੁਆ ਲਿਆ।

ਨਵੇਂ ਸਿਰੇ ਕਿਸੇ ਖਾਣ ਪੀਣ ਲਈ ਪੁੱਛਣ ਦੀ ਲੋੜ ਨਹੀਂ ਸੀ। ਸਿੰਧੀ ਦੀ ਪਤਨੀ ਅਤੇ ਪੁਤ੍ਰੀ ਹਰ ਵੇਲੇ ਹਾਜ਼ਰ ਸਨ। ਬਰਾਂਡੀ ਦੀਆਂ ਬੋਤਲਾਂ ਅਤੇ ਮਾਸ ਦੀਆਂ ਥਾਲੀਆਂ ਲਗੀਆਂ ਲਗਾਈਆਂ ਔਂਦੀਆਂ ਹਨ। ਠਗ ਸਾਧੂ-ਬਾਹਰ ਸਮੁੰਦਰ ਦੇ ਕਿਨਾਰੇ ਨੂੰ ਜਾਂਦਾ ਹੈ। ਸਿੰਧੀ, ਪਤਨੀ ਤੇ ਪੁਤ੍ਰੀ ਨਾਲ ਸੈਰ ਨੂੰ ਤਯਾਰ ਹੋ ਜਾਂਦੇ ਹਨ। ਪ੍ਰੰਤੂ ਉਹ ਇਕੱਲਾ ਹੀ ਜਾਂਦਾ ਹੈ ਤੇ ਕਿਸੇ ਨੂੰ ਨਾਲ ਨਹੀਂ ਖੜਦਾ ਸੀ। ਸਿੰਧੀ ਤੇ ਸਿੰਧੀ ਦੀ ਪਤਨੀ ਨੂੰ ਵਸੀਕਰਨ ਦਾ ਮੰਤ੍ਰ ਏਹੋ ਜਾਪਿਆ ਕਿ 'ਮਹਾਤਮਾ ਦੀ ਸੇਵਾ ਵਿੱਚ ਉਹਨਾਂ ਦੀ ਪੁਤ੍ਰੀ ਹੀ ਰਹੇ।' ਇਸ ਠਗ ਮਹਾਤਮਾ ਦੇ ਸਿਰ ਤੇ ਕੇਸ ਸਨ। ਕਦੀ ਕੱਛ ਪਹਿਨ ਲੈਂਦਾ। ਕਦੀ ਲੰਗੋਟ ਰਖਦਾ, ਤੇੜ ਧੋਤੀ ਅਤੇ ਗਲ ਵਿਚ ਰੇਸ਼ਮੀ ਬਾਦਾਮੀ ਰੰਗ ਦਾ ਚੋਲਾ ਹੁੰਦਾ ਸੀ। ਦੋ ਘੋੜੇ ਦੀ ਬੋਸਕੀ ਓਨੀ ਦਿਨੀਂ ਮਸ਼ਹੂਰ ਕਪੜਾ ਸੀ—ਓਸੇ ਦਾ ਹੀ ਸੀਤਾ ਹੋਇਆ ਚੋਲਾ ਹੁੰਦਾ ਸੀ। ਸਿਰ ਤੇ ਭਗਵੀ ਪਗ ਅਤੇ ਗਲ ਵਿਚ ਭਗਵਾ ਪਰਨਾ ਇਸ ਦਾ ਲਬਾਸ ਸੀ। ਮਹਾਤਮਾ ਤੇ ਸਿੰਧੀ ਦੀ ਪੁਤ੍ਰੀ ਦੇ ਅੰਤਰੀਵ ਸੰਬੰਧ ਹੋ ਗਏ। ਇਸ ਗਲ ਨੂੰ ਸਿੰਧੀ ਤੇ ਸਿੰਧੀ ਦੀ ਪਤਨੀ ਵੀ ਜਾਣਦੇ ਸਨ। ਉਹਨਾਂ ਨੂੰ ਵਸੀਕਰਨ ਦਾ ਮੰਤ੍ਰ ਤਾਂ ਇਹੋ ਫੁਰਿਆ ਸੀ। ਖੂਬ ਮਹੀਨਾ ਭਰ ਰੰਗ ਰਲੀਆਂ ਹੋਈਆਂ। ਅੰਤ! ਮਹਾਤਮਾ ਤਿਆਰ ਹੋ ਗਿਆ। ਹੁਣ ਆਸ ਪਾਸ ਤੋਂ ਮੰਗ ਕੇ ਪ੍ਰੇਮੀ ਨੇ ਸੇਰ ਸੋਨਾ ਲਿਆ ਦਿਤਾ। ਮਹਾਤਮਾ ਨੇ ਅਗੇ ਨਾਲੋਂ ਦੂਣਾ ਟਾਇਮ ਬਾਹਰ ਗੁਜ਼ਾਰਿਆ ਅਤੇ ਠੀਕ ਦੋ ਸੇਰ ਸੋਨਾ ਲਿਆ ਦਿਤਾ। ਇਸ ਤਰ੍ਹਾਂ ਚੌਥਾ ਸਾਲ ਗੁਜ਼ਰ ਗਿਆ। ਠਗ-ਸਾਧੂ ਫਿਰ ਚਲਿਆ ਗਿਆ।

ਪੰਜਵੇਂ ਸਾਲ ਫਿਰ ਆਇਆ। ਸਿੰਧੀ ਨੇ ਆਪਣਾ ਮਕਾਨ ਵੀ ਵੇਚ ਕੇ ਸੋਨਾ ਬਣਾ ਲਿਆ, ਘਰ ਦਾ ਸਾਰਾ ਸਾਮਾਨ ਏਸ ਖ਼ਯਾਲ ਨਾਲ ਵੇਚ ਦਿੱਤਾ ਕਿ ਮਹਾਤਮਾ ਜੀ ਮੋਹਨੀ ਪੁਤ੍ਰੀ ਦੇ ਅਧੀਨ ਹਨ। ਰੋਜ਼ ਬਰਾਂਡੀਆਂ ਅਤੇ ਮਾਸ ਦੇ ਗੁਲਛਰੇ ਉਡਦੇ ਹਨ। ਰੰਗ ਰਲੀਆਂ ਦਾ ਆਨੰਦ ਮਹਾਤਮਾ ਦੇ ਮਨ ਨੂੰ ਨਿਕਲਣ ਨਹੀਂ ਦੇਵੇਗਾ। ਅਸੀਂ ਦੁਹੂੰ ਦਿਨਾਂ ਬਾਅਦ ਹੀ ਨਵੀਆਂ ਬਿਲਡਿੰਗਾਂ ਖਰੀਦ ਲਵਾਂਗੇ। ਮਹਾਤਮਾ ਨੂੰ ਜਿੰਨਾ ਸੋਨਾ ਦਿਆਂਗੇ ਦੂਣਾ ਹੋ ਕੇ ਮਿਲ ਜਾਵੇਗਾ। ਇਸ ਸਾਲ ਦੱਸ ਸੇਰ ਸੋਨਾ ਠਗ ਸਾਧੂ ਨੂੰ ਮਿਲ ਗਿਆ। ਉਹ ਆਪਣੀ ਕ੍ਰਿਯਾ ਅਨੁਸਾਰ ਘਰੋਂ ਨਿਕਲ ਗਿਆ। ਹੁਣ ਤਾਂ ਦੋ ਹਫਤੇ ਬੀਤ ਗਏ। ਫਿਰ ਨਹੀਂ ਆਇਆ।

ਸਿੰਧੀ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ । ਜਿਨ੍ਹਾਂ ਕੋਲ ਮਕਾਨ ਵੇਚਿਆ ਸੀ ਉਹ ਖਾਲੀ ਕਰਵੌਣ ਲਈ ਆ ਗਏ । ਪਤਨੀ ਕੋਲ ਛੱਲਾ ਵੀ ਨਾ ਰਿਹਾ । ਪੁਤ੍ਰੀ ਦੀ ਇਜ਼ਤ ਵੀ ਗਵਾ ਲਈ । ਮਨ ਦੀਆਂ ਕਈ ਗਿਟੀਆਂ ਉਤਰੀਆਂ ਅਤੇ ਚੜ੍ਹੀਆਂ । ਆਖਰ ਪੰਦ੍ਰਵੇਂ ਦਿਨ ਮਾਯਾ ਦੇ ਹੌਕੇ ਨਾਲ ਪਾਗਲ ਹੋ ਗਿਆ । ਪਤਨੀ ਤੇ ਪੁਤਰੀ ਨੇ ਦਰ ਦਰ ਦੀਆਂ ਠੋਕਰਾਂ ਖਾਣੀਆਂ ਸਨ, ਸੋ ਖਾਧੀਆਂ ਹੋਣਗੀਆਂ । ਮੈਂ (ਸੁਾਮੀ ਹਰਿਨਾਮ ਦਾਸ) ਨੇ ਇਸ ਨੂੰ ਪਾਗਲ ਹੋਇਆ ਅਖੀਂ ਵੇਖਿਆ ਹੈ । ਇਹ ਹੈ ਰਸਾਯਣਤੰਤ੍ਰ । ਜਿਸ ਦਾ ਮੂਲ ਇਸ ਪਾਵਨ ਬੀੜ ਵਿਚ ਪਿਆ ਹੋਇਆ ਹੈ । ਲਿਖਤ ਸ਼ਿਕਸਤਾ ਗੁਰਮੁਖੀ ਵਿਚ ਹੈ ।

ਗੁਰਮੁਖੀ ਅੱਖਰਾਂ ਦੇ ਜਾਨਣ ਵਾਲੇ ਖੋਜੀ ਵਿਦ੍ਵਾਨਾਂ ਨੂੰ ਚੰਗੀ ਤਰ੍ਹਾਂ ਦ੍ਰਿੜ ਨਿਸ਼ਚਯ ਨਾਲ ਗਯਾਨ ਹੈ ਕਿ ਸ਼ਿਕਸਤਹ ਗੁਰਮੁਖੀ ਦੀ ਕਾਢ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਢੀ ਹੋਈ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧ ਸ਼ਿਕਸਤਹ ਗੁਰਮੁਖੀ, ੨ ਅੰਕਪਲੀ, ੩ ਕਰਪਲੀ—ਇਹ ਤਿੰਨ ਵਿਦਯਾਵਾਂ ਚਲਾਈਆਂ ਸਨ । ਸ਼ਿਕਸਤਹ ਗੁਰਮੁਖੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤਾਂ ਦੇ ਮੂਲ ਮੰਤ੍ਰ, ੧ੴ ਸਤਿਗੁਰ ਪ੍ਰਸਾਦਿ, ੧ ਸਤਿਨਾਮ ਗੁਰੂ ਜੀ, ਆਦਿਕ ਲੇਖ ਤਾਂ ਬਹੁਤ ਬੀੜਾਂ ਵਿਚੋਂ ਮਿਲ ਜਾਂਦੇ ਹਨ । ਵੇਖੋ ਬੀੜ ਸ੍ਰੀ ਹਜ਼ੂਰ ਸਾਹਿਬ ਸਚਖੰਡ ਜੀ (ਨਾਂਦੇੜ ਦੱਖਣ) ਅਤੇ ਬੀੜ ਬੁਰਹਾਨਪੁਰ ਸਮਾਧਿ ਸ੍ਰੀ ਹਠੀ ਸਿੰਘ ਜੀ (C. P.) ਅਤੇ ਬੀੜ ਭਾਈ ਮਨੀ ਸਿੰਘ ਜੀ (ਰਾਜਾ ਗੁਲਾਬ ਸਿੰਘ ਸੇਠੀ, ਹਨੂਮਾਨ ਰੋਡ ਦਿੱਲੀ) ਆਦਿਕ । ੧. ਸ੍ਰੀ ਗੁਰੂ ਜੀ ਨੇ ਸ਼ਿਕਸਤਹ ਗੁਰਮੁਖੀ ਚਲਾਈ ਤਾਂ ਸੀ ਪ੍ਰੰਤੂ ਉਹਨਾਂ ਦੇ ਵੇਲੇ ਵੀ ਸ਼ਿਕਸਤਹ ਗੁਰਮੁਖੀ ਦੇ ਗਯਾਤੇ ਦਸ ਕੁ ਤੋਂ ਵਧ ਨਹੀਂ ਹੋ ਸਕੇ । ਇਹ ਪਤਰੇ ਜੇਹੜੇ ਕਰਤਾਰਪੁਰ ਦੀ ਬੀੜ ਵਿਚ ਰਖੇ ਹੋਏ ਹਨ । ਸ੍ਰੀ ਗੁਰੂ ਜੀ ਦੀ ਹਥ ਲਿਖਤ ਸਮਝ ਕੇ ਅਦਬ ਲਈ ਅਤੇ ਸਿੰਘਾਂ ਦੇ ਖੁਸ਼ ਕਰਨ ਲਈ ਰਖੇ ਹੋਏ ਹਨ । ਇਹਨਾਂ ਦਾ ਬੀੜ ਨਾਲ ਕੋਈ ਸੰਬੰਧ ਨਹੀਂ ।

੨. ਅੰਕਪਲੀ, ਅਬਜਦ ਦਾ ਹੀ ਰੂਪਾਂਤਰ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਈ ਤਲਵਾਰਾਂ ਤੇ ਇਸ ਦੇ ਅੰਕ ਮੌਜੂਦ ਹਨ ।

੩. ਕਰਪਲੀ, ਸ਼ੀਸ਼ਾ ਝੁੰਡੀ ਵਾਂਗੂ ਹੀ ਇਕ ਵਿਦਯਾ ਸੀ, ਕਰਪਲੀਆਂ ਉਂਞ ਤਾਂ ਬਹੁਤ ਹਨ । ਪਰ ਪੁਰਾਤਨਿ ਵਿਦ੍ਵਾਨ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ

ਥਾਪੀ ਹੋਈ ਮੰਨਦੇ ਹਨ। ਉਸ ਦਾ ਪ੍ਰਧਾਨ ਲੱਛਣ ਇਹ ਹੈ :—

ਚੋਪਈ ॥ ਅਹਿਫਨ, ਕਮਲ, ਚਕ੍ਰ, ਟੰਕਾਰ ॥
ਤਰੁ ਪੱਲਵ, ਯੌਵਨ ਸ਼੍ਰਿੰਗਾਰ ॥
ਉਂਗਲੀ ਅੱਛਰ, ਚੁਟਕੀ ਮਾਤ ॥
ਰਾਮ ਕਹਿਤ ਲਛਮਨ ਸੇ ਬਾਤ ॥

(ਮਹਾਨ ਕੋਸ਼)

ਇਹ ਵਿਦਯਾ ਖਾਸ ਕਰ ਕੇ ਜੰਗਾਂ ਵਿਚ ਹੀ ਕੰਮ ਔਂਦੀ ਹੈ। ਇਸ ਦਾ ਫੌਜਾਂ ਨਾਲ ਸੰਬੰਧ ਹੈ। ਹਿੰਦੁਸਤਾਨ ਅਥਵਾ ਪੰਜਾਬ ਵਿਚ ਬਹੁਤ ਚਿਰ ਤੋਂ ਆਮ ਦੇਸ਼ ਵਿਚ ਜੰਗ ਨਹੀਂ ਹੋਇਆ। ਇਸ ਵਾਸਤੇ, ਦੇਸ ਵਾਸੀਆਂ ਨੂੰ ਇਸ ਵਿਦਯਾ ਦਾ ਗਯਾਨ ਨਹੀਂ ਰਿਹਾ। ਸਿੰਘਾਂ ਵਿਚ ਇਹ ਕਰਪਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਚਲੀ ਹੋਈ ਮੰਨੀ ਜਾਂਦੀ ਸੀ।

ਜਦੋਂ ਕਿ ਇਹ ਤਿੰਨੇ ਵਿਦਯਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚੀਆਂ ਹੋਈਆਂ ਸਨ-ਫ਼ਿਰ ਜੇ ਉਨ੍ਹਾਂ ਵਿਚੋਂ ਸ਼ਿਕਸਤਾ ਗੁਰਮੁਖੀ ਦੇ ਪਤ੍ਰੇ ਇਸ ਬੀੜ ਵਿਚ ਮੌਜੂਦ ਹਨ ਤਾਂ ਇਸ ਨੂੰ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸਮਯ ਦੀ ਕਿਸਤਰ੍ਹਾਂ ਮੰਨਿਆਂ ਜਾ ਸਕਦਾ ਹੈ? ਅਸਲ ਵਿਚ ਸਿੱਖ ਰਾਜ ਵੇਲੇ ਸੋਢੀਆਂ, ਬੇਦੀਆਂ, ਤ੍ਰੇਹਣਾ, ਭੱਲਿਆਂ, ਨਿਹੰਗਾਂ, ਨਿਰਮਲਿਆਂ, ਸੇਵਾ ਪੰਥੀਆਂ, ਮੰਜੀਆਂ, ਬਖਸ਼ੀਸ਼ਾਂ, ਹੁਕਮਨਾਮੀਆਂ ਅਤੇ ਮਸੰਦਾਂ ਆਦਿਕਾਂ ਨੇ ਆਪੋ ਆਪਣੀਆਂ ਸੰਪ੍ਰਦਾਵਾਂ ਨੂੰ ਸ੍ਰੀ ਗੁਰਦੇਵਾਂ ਨਾਲ ਸੰਬੰਧਿਤ ਕਰਨ ਦੇ ਯਤਨ ਕੀਤੇ ਹਨ। ਜਿੰਨਾਂ ਵਿਚ ਆਮ ਲੋਕਾਂ ਨੂੰ ਤਾਂ ਇਹਨਾਂ ਵਸਤੂਆਂ ਦਾ ਗਯਾਨ ਹੀ ਨਹੀਂ ਸੀ। ਮਿਸਲਾਂ ਦੇ ਸਰਦਾਰ ਸਿੰਘ, ਨਫਰਤ ਦੀ ਥਾਂ ਅਦਬ ਨੂੰ ਲੈ ਕੇ ਕਰਤਾਰਪੁਰ ਔਂਦੇ ਸਨ ਅਤੇ ਧੀਰਮਲ ਦੀ ਔਲਾਦ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਪਤ੍ਰੇ ਵੇਖ ਕੇ ਝੁਕ ਜਾਂਦੇ ਸਨ। ਜਿਸ ਤੋਂ ਕਰਤਾਰ ਪੁਰ ਦੇ ਸੋਢੀ ਆਪਣੀ ਰਿਆਸਤ ਨੂੰ ਕੋਈ ਖਤਰਾ ਨਹੀਂ ਸਮਝਦੇ ਸਨ। ਇਹ ਯਤਨ ਉਸ ਵੇਲੇ ਦੇ ਰਾਜਨੀਤਕ ਹਨ। ਇਹਨਾਂ ਦਾ ਗੁਰਬਾਣੀ ਦੇ ਸੰਚਯ ਨਾਲ ਕੋਈ ਤਅਲਕ ਨਹੀਂ।

(ਹ) ਤਤਕਰੇ (ਸੂਚੀ ਪਤ੍ਰ) ਦਾ ਪਹਿਲਾ ਲੇਖ '੪੦ ਨੀਸਾਣੁ ਗੁਰੂ ਜੀਉ ਕੇ ਦਸਖਤਾ ਮ: ੫' ਹੈ। ਇਸ ਪਾਂਜੇ ਦੀ ਹੇਠਲੀ ਡੰਡੀ ਤਿੰਨ ਸਤਰਾਂ ਹੇਠਾਂ ਨੂੰ ਲੰਮੀ

ਹੈ। ਮੈਂ ਹੈਰਾਨ ਹੋ ਗਿਆ ਹਾਂ, ਕਿ ਸਾਰੀ ਬੀੜ ਵਿਚ ਇਸ ਦੇ ਨਾਲ ਦਾ ਹੋਰ ਕੋਈ ਅੰਗ ਨਹੀਂ। ਬੀੜ ਵਿਚ ਅੰਗ ਸਾਰੇ (ਨਵਾਂ ਤਕ) ਲਿਖੇ ਹੋਏ ਸ਼ਬਦਾਂ ਦੇ ਹਿਸਾਬ ਵਿਚ ਮੌਜੂਦ ਹਨ ਪ੍ਰੰਤੂ ਇਸ ਪਾਂਜੇ ਨਾਲ ਦਾ ਕਿਸੇ ਥਾਂ ਪਾਂਜਾ ਨਹੀਂ ਲਿਖਿਆ ਹੋਇਆ। ਫੇਰ, ਇਹ ਬੀੜ ਦੇ ਲਿਖਾਰੀ ਨੇ ਲਿਖਿਆ ਹੈ ? ਕਿਸ ਯੁਕਤੀ ਅਨੁਸਾਰ ਕਿਹਾ ਜਾ ਸਕਦਾ ਹੈ ? ਭਲਾ ! ਥੋੜ੍ਹੀ ਦੇਰ ਲਈ ਜੇ ਇਸਨੂੰ ਬੀੜ ਦੇ ਲਿਖਾਰੀ ਨੇ ਲਿਖਿਆ ਹੈ, ਮੰਨ ਲਈਏ ਤਾਂ ਦਸਖਤਾਂ ਦਾ ਪੰਨਾਂ ਪਹਿਲੋਂ ਲਿਖਿਆ ਗਿਆ ਅਤੇ ਗੁਰਬਾਣੀ ਦਾ ਸੰਚਯ ਬਾਦ ਲਿਖਿਆ ਹੋਇਆ ਮੰਨਣਾ ਪਵੇਗਾ। ਇਹ ਕਿਵੇਂ ਹੋ ਸਕਦਾ ਸੀ ? ਕਿ ਅਜੇ ਬੀੜ ਬੱਝੀ ਵੀ ਨਹੀਂ ਅਤੇ ਦਸਖਤ ਪਹਿਲੋਂ ਹੀ ਹੋ ਗਏ ? ਜੇ ਇਹ ਪਹਿਲੋਂ ਨਾ ਹੁੰਦੇ ਤਾਂ ਲਿਖਾਰੀ ਇਸ ਦਾ ਨੋਟ ਤਤਕਰੇ ਵਿਚ ਤਤਕਰੇ ਦੇ ਅਖੀਰ ਤੇ ਕਰਦਾ ਪ੍ਰੰਤੂ ਇਸਦਾ ਜ਼ਿਕਰ ਤਾਂ ਜਪੁਜੀ ਤੋਂ ਵੀ ਪਹਿਲੋਂ ਕੀਤਾ ਹੋਇਆ ਹੈ। ਇਹ ਹੈ ਕਚਿਆਈ ਜਿਹੜੀ ਕਿ ਏਸ ਬੀੜ ਨੂੰ ਸ੍ਰੀ ਸਤਿਗੁਰੂ ਅਰਜੁਨ ਦੇਵ ਜੀ ਦੀ ਰਚਿਤ ਸਾਬਤ ਨਹੀਂ ਹੋਣ ਦੇਂਦੀ।

(ਕ) ਕਈ ਗੱਲਾਂ ਐਹੋ ਜਹੀਆਂ ਹੁੰਦੀਆਂ ਹਨ। ਜਿਹੜੀਆਂ ਆਮ ਦਰਸ਼ਕਾਂ ਦਿਆਂ ਦਿਮਾਗ਼ਾਂ ਤੇ ਨਹੀਂ ਪੈਂਦੀਆਂ। ਪ੍ਰੰਤੂ ਹੁੰਦੀਆਂ ਬਹੁਤ ਅਹਿਮ ਹਨ। ਇਸ ਬੀੜ ਵਿਚ 'ਪੰਨਾ ੪੧ ਪਹਿਲੋਂ ਅਤੇ ੪੦ ਬਾਦ ਹੈ'। ਜੇ ਇਸ ਨਾਲ ਇਤਿਹਾਸਕ ਪ੍ਰਸੰਗ ਨੂੰ ਜੋੜਿਆ ਜਾਵੇ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਰਿਯਾ ਬਿਆਸ ਵਿਚ ਰਖਿਆ ਸੀ, ਤਾਂ ਹਾਸ਼ੀਆਂ ਗਲ ਗਿਆ ਸੀ ਅਤੇ ਹਾਸ਼ੀਆ ਧੀਰਮੱਲ ਜੀ ਨੇ ਜੋੜਿਆ ਸੀ ? ਅਤੇ ਹਾਸ਼ੀਏ ਤੇ ਅੰਗ ਵੀ ਧੀਰਮੱਲ ਜੀ ਨੇ ਹੀ ਲਿਖੇ ਸਾਬਤ ਹੁੰਦੇ ਹਨ। ਪ੍ਰੰਤੂ ਤਤਕਰੇ ਵਿਚ ਤਾਂ ਅੰਗ ਧੀਰਮੱਲ ਜੀ ਨੇ ਨਹੀਂ ਲਿਖੇ। ਉਹ ਅੰਗ ਤਾਂ ਆਦਿ ਲਿਖਾਰੀ ਨੇ ਹੀ ਲਿਖੇ ਹਨ, ਜਿਸ ਨੇ ਬੀੜ ਲਿਖੀ ਹੈ। ਤਤਕਰੇ ਦੇ ਵਿਚਲੇ ਅੰਗਾਂ ਵਿਚ ਵੀ ੪੧ ਪਹਿਲਾਂ ਤੇ ੪੦ ਬਾਦ ਹੈ। ਕੀ ਭਾਈ ਗੁਰਦਾਸ ਜੀ ਅਥਵਾ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਇਹ ਗ਼ਲਤੀ ਕੀਤੀ ਹੋਈ ਹੈ ? ਨਹੀਂ ! ਇਹ ਬੀੜ ਹੀ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਰਚਿਤ ਅਤੇ ਭਾਈ ਗੁਰਦਾਸ ਜੀ ਦੀ ਲਿਖਤ ਨਹੀਂ ਹੈ। ਇਹ ਸਿਰਫ ਪੂਜਾ ਲੈਣ ਵਾਸਤੇ ਸੰਸਾਰ ਨਾਲ ਠੱਗੀ ਕੀਤੀ ਹੋਈ ਹੈ।

ਹੋਰ ਬੜੀ ਹੈਰਾਨਗੀ ਵਾਲੀਆਂ ਗੱਲਾਂ ਹਨ ਕਿ ਜਦੋਂ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਦਸਤਖਤ ਹੋ ਗਏ ਸਨ। ਫਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦਸਤਖਤਾਂ ਦੀ ਕੀ

ਲੋੜ ਸੀ ? ਭਲਾ ਜੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਦਸਤਖਤ ਵੀ ਹੋ ਗਏ ਤਾਂ ਸ਼ਿਕਸਤਹ ਗੁਰਮੁਖੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤਾਂ) ਦੀ ਕੀ ਲੋੜ ਸੀ ? ਇਹ ਸਾਰੀਆਂ ਬਣੌਂਟਾ ਪੂਜਾ ਪ੍ਰਤਿਸ਼ਠਾ ਲਈ ਹੀ ਕਰਨੀਆਂ ਪਈਆਂ ਹਨ । ਨਹੀਂ ਤਾਂ ਇਕ ਸ੍ਰੀ ਗੁਰੂ ਅਰਜੁਨ ਦੇਵ ਜੀ ਦਿਆਂ ਦਸਤਖਤਾਂ ਨੂੰ ਸ੍ਰੀ ਗੁਰੂ ਹਰਿ ਗੋਬਿੰਦ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਮੱਥੇ ਟੇਕਦੇ ਸਨ । ਇਹੋ ਜਹੇ ਪਾਖੰਡ ਤਾਂ ਪੰਜਿਆਂ ਦੇ ਭੁੱਖੇ ਕਰਦੇ ਹਨ ਕਿ ਕਿਤੇ ਬ੍ਰਹਮਾ, ਕਿਤੇ ਵਿਸ਼ਨੂ, ਕਿਤੇ ਸ਼ਿਵਲਿੰਗ, ਕਿਤੇ ਕਾਲਿਕਾ; ਕਿਤੇ ਹਨੂਮਨ, ਕਿਤੇ ਵੈਸ਼ਨੋ ਦੇਵੀ, ਕਿਤੇ ਰਾਮਚੰਦ੍ਰ, ਕਿਤੇ ਕ੍ਰਿਸ਼ਨ, ਕਿਤੇ ਭੈਰਉਂ, ਕਿਤੇ ਲੱਛਮੀ ਆਦਿ ਦੀਆਂ ਮੂਰਤੀਆਂ ਰੱਖ ਲੈਣੀਆਂ ਤੇ ਵਿੱਚੇ ਹੀ ਗੁਰੂ ਗ੍ਰੰਥ ਸਾਹਿਬ ਵੀ ਥਾਪ ਲੈਣਾ ਕਿ ਕਿਸੇ ਦੇਵਤੇ ਨੂੰ ਵੀ ਮੰਨਣ, ਸਾਨੂੰ ਕੁਝ ਦਿਤੇ ਬਿਨਾ ਨਾ ਜਾਵੇ । ਏਸੇ ਤਰ੍ਹਾਂ ਹੀ ਇਹਨਾਂ ਦਸਤਖਤਾਂ ਦੀ ਲੜੀ ਦਿਸ ਰਹੀ ਹੈ ।

(ਖ) ਪੰਨੇ ੧ ਉਤੇ ਤੀਜਾ ਲੇਖ 'ਜਪੁ ਗੁਰੂ ਰਾਮਦਾਸ ਜੀ ਕੇ ਨਕਲ ਕਾ ਨਕਲ' ਹੈ । 'ਜਪੁ' ਸ਼ਬਦ ਦਾ ਅਰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ । ਇਕਲੀ 'ਜਪੁ' ਨਾਮੀ ਬਾਣੀ ਹੀ ਨਹੀਂ । ਇਹ ਵਿਚਾਰ ਸ਼੍ਰੀਮਾਨ ਭਾਈ ਸੰਤੋਖ ਸਿੰਘ ਜੀ ਨੇ ਗੁਰੂ ਪ੍ਰਤਾਪ ਸੂਰਯ ਵਿਚ ਲਿਖੀ ਹੈ ਯਥਾ :—

ਪ੍ਰਿਥਮੇ 'ਜਪੁ' ਸ਼ਬਦ ਗੁਰ ਰਾਖਯੋ ॥
ਸਭ ਗੁਰੁ-ਬਾਣੀ ਹਿਤੁ ਯਹਿ ਭਾਖਯੋ ॥
(ਗੁ: ਪ੍ਰ: ਸੂ:)

ਜਿਨ੍ਹਾਂ ਪਰੇਮੀਆਂ ਨੇ ਬਹੁਤ ਸਾਰੀਆਂ ਲਿਖਤ ਬੀੜਾਂ ਦੇ ਪਾਠ ਖੋਜ ਨਾਲ ਕੀਤੇ ਹਨ—ਉਹ ਜਾਣਦੇ ਹਨ ਕਿ ਏਸ ਹੀ ਲੇਖ ਵਿਚੋਂ ਪਤਾ ਲਾਇਆ ਜਾ ਸਕਦਾ ਹੈ ਕਿ ਇਹ ਬੀੜ ਕਿਨਵੀਂ ਥਾਂ ਉਤਾਰਾ ਹੈ । ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਦ ਦੇ ਸਤਿਗੁਰਾਂ ਨੂੰ 'ਗੁਰੁ ਰਾਮ ਦਾਸ' ਕੇ ਸਦਿਆ ਜਾਂਦਾ ਸੀ । ਏਸ ਵਾਸਤੇ ਉਪਰਲੇ ਪਾਠ ਦਾ ਅਰਥ "ਸ੍ਰੀ ਗੁਰੂ ਰਾਮਦਾਸ ਜੀ ਦੇ ਲਿਖੇ ਹੋਏ (ਅਸਲ ਗ੍ਰੰਥ) ਦੀ ਨਕਲ ਦੀ (ਇਹ) ਨਕਲ ਹੈ । ੧ ਸ੍ਰੀ ਗੁਰੂ ਰਾਮ ਦਾਸ ਜੀ ਲਿਖਿਆ ਹੋਇਆ ਹੈ, ੨ ਉਸ ਦੀ ਅਗੇ ਹੋਈ (ਦੂਜੀ) ਨਕਲ, ੩ ਉਸ ਤੋਂ (ਤੀਜੀ ਥਾਂ) ਨਕਲ (ਇਹ) ਹੈ । ਏਸ ਲੇਖ ਤੋਂ ਸਾਫ ਪਤਾ ਲਗ ਰਿਹਾ ਹੈ ਕਿ "ਅਸਲ ਕਾਪੀ ਤੋਂ ਇਹ ਤੀਜੀ ਥਾਂ ਨਕਲ ਹੈ" ਇਹ ਪਤਾ ਨਹੀਂ ਕਿ 'ਆਦਿ ਬੀੜ' ਇਹ ਕਿਸ ਤਰ੍ਹਾਂ ਬਣ ਗਈ ਹੈ ?

ਲਿਖਾਰੀਆਂ ਦੀ ਮਰਯਾਦਾ ਹੈ ਕਿ ਤਤਕਰੇ ਵਿਚ ਇਕ ਵਾਰ 'ਕੀ ਨਕਲ' ਪਦ ਆਪਣੇ ਕੋਲੋਂ ਲਿਖ ਦੇਂਦੇ ਹਨ ਤਾਕਿ ਪੜ੍ਹਨ ਵਾਲਿਆਂ ਨੂੰ ਪਤਾ ਲਗ ਸਕੇ ਕਿ 'ਇਹ ਗ੍ਰੰਥ ਅਸਲ ਕਾਪੀ ਤੋਂ ਕਿੰਨਵੀਂ ਨਕਲ ਹੈ'। ਜਿਸ ਬੀੜ ਨੂੰ ਨੰਦ ਚੰਦ ਸੰਘਾ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਭਜ ਗਿਆ ਸੀ ਉਸ ਦਾ ਏਸ ਥਾਂ ਪਾਠ, ਪੜ੍ਹਨ ਵਾਲਿਆਂ ਦੇ ਗਯਾਨ ਲਈ ਏਥੇ ਲਿਖਦੇ ਹਾਂ :—

ਸੰਬਤੁ ੧੭੫੫ ਵਰਖੇ ਮਿਤੀ ਭਾਦਉ ਸੁਦੀ ੫ ॥ ਸੋਮਵਾਰ

ਲਿਖਿ ਪਹੁਤੇ ॥ × × ×

੩ ॥ ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲੁ ਥਾ

ਤਿਸ ਕੇ ਨਕਲ ਕਾ ਨਕਲੁ ॥

ਪੰਨਾ ੧ ਤਤਕਰੇ ਦਾ, ਸ੍ਰ: ਜੰਗ ਸਿੰਘ ਸੰਘਾ ਭਾਈ ਕੀ ਡਰੋਲੀ

ਜ਼ਿਲਾ ਫ਼ੀਰੋਜ਼ਪੁਰ।

ਏਸ ਲੇਖ ਤੋਂ ਪਤਾ ਚਲ ਗਿਆ ਕਿ ਇਹ ਬੀੜ ਅਸਲ ਬੀੜ ਤੋਂ ਪੰਜਵੀਂ ਥਾਂ ਨਕਲ ਹੈ। ਏਸੇ ਤਰ੍ਹਾਂ ਹੋਰ ਬਹੁਤ ਬੀੜਾਂ ਵਿਚ ਇਸ ਥਾਂ ਤੇ ਲੇਖ ਹਨ। ਜਿਹੜੇ ਵਿਸਤਾਰ ਭਯ ਤੋਂ ਨਹੀਂ ਲਿਖੇ। ਸਿੱਟਾ ਇਹ ਹੈ ਕਿ ਕਰਤਾਰਪੁਰ ਵਾਲੀ ਬੀੜ ਅਸਲ ਕਾਪੀ ਤੋਂ ਤ੍ਰੀਜੀ ਥਾਂ ਤੇ ਕਾਪੀ ਹੈ। ਅਸਲ ਨਹੀਂ।

(ਗ) 'ਇਹ ਭਾਂਦਾ ਬੰਨੋ ਜੀ ਵਾਲੀ ਕਿਸੇ ਅਸ਼ੁਧ-ਕਾਪੀ ਦੀ ਕਾਪੀ ਹੈ'। ਕਿਉਂਕਿ ਏਸ ਦੇ ਮਾਰੂ ਰਾਗ ਵਿਚ ਮੀਰਾਂ ਬਾਈ ਦਾ ਸ਼ਬਦ ਲਿਖ ਕੇ ਕਲਮ ਲਾਲ ਕਟਿਆ ਹੋਇਆ ਹੈ। ਇਸ ਦੇ ਤਤਕਰੇ ਦਾ ਆਖਰੀ ਪਾਠ "੯੭੪ ਰਾਗ ਮਾਲਾ ਤਥਾ ਸਿੰਘਾਲਾ ਦੀਪ ਸ਼ਿਵਨਾਭ ਰਾਜੇ ਕੀ ਬਿਧਿ" ਲਿਖਿਆ ਹਇਆ ਹੈ। ਜਿਸ ਦਾ ਅਰਥ ਹੈ ਕਿ 'ਪੰਨੇ ੯੭੪ ਤੋਂ ਰਾਗਮਾਲਾ, ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ (ਸਿੰਘਲਾਦੀਪ) ਕੀ ਅਤੇ ਸਜਾਹੀ ਦੀ ਬਿਧਿ' ਬਾਣੀਆਂ ਲਿਖੀਆਂ ਗਈਆਂ ਹਨ। ਭਾਈ ਬੰਨੋ ਜੀ ਦੀ ਬੀੜ ਵਿਚ ਇਹ ਬਾਣੀਆਂ ਵਧ ਹਨ :—੧. ਜਿਤੁ ਦਰਿ ਲਖ ਮੁਹੰਮਦਾ (ਸਲਕ ਮ: ੧), ੨. ਏਸੁ ਕਲੀਓਂ ਪੰਜ ਭੀਤੀਓਂ (ਸ਼ਲੋਕ ਮ: ੧) ੩. ਦਿਸਟਿ ਨ ਰਹੀਆ ਨਾਨਕਾ (ਸ: ਮ: ੧) ੪. ਬਾਦਿ ਆਤਸ਼ ਆਬ (ਮ: ੧) ੫. ਆਂਸਣ ਸਾਧ ਨਿਰਾਲਮ ਰਹੈ (ਰਤਨਮਾਲਾ ਮ: ੧) ੬. ਹਕੀਕਤ ਰਾਹ ਮੁਕਾਮ

ਰਾਜੇ ਸ਼ਿਵਨਾਭ ਕੀ, ੭. ਸਿਆਹੀ ਕੀ ਬਿਧਿ। ਇਹਨਾਂ ਵਿਚੋਂ ਹੀ 'ਹਕੀਕਤ ਰਾਹ ਮੁਕਾਮ X X X ਅਤੇ 'ਸਜਾਹੀ ਕੀ ਬਿਧਿ' ਵਲ ਸੰਕੇਤ ਕਰ ਕੇ ਤਤਕਰਾ ਦਸ ਰਿਹਾ ਹੈ। ਜਦੋਂ, ਤਿੰਨ ਬਾਣੀਆਂ 'ਮੀਰਾਂ ਦਾ ਸ਼ਬਦ, ਹਕੀਕਤ ਰਾਹ ਮੁਕਾਮ ਅਤੇ ਸਜਾਹੀ ਬਿਧਿ' ਦਾ ਸਾਫ ਜ਼ਿਕਰ ਮਿਲ ਰਿਹਾ ਹੈ ਤਾਂ 'ਇਸ ਦੇ ਨਾਲ ਦੀਆਂ ਹੋਰ ਬਾਣੀਆਂ ਕੱਢ ਕੇ ਸਿੰਘਾਂ ਨੂੰ ਭੁਲੇਖਾ ਪੌਣ ਲਈ—ਸੋਢੀਆਂ ਨੇ ਕਰਤਾਰਪੁਰ ਵਾਲੀ ਬੀੜ ਨੂੰ ਸ੍ਰੀ ਗੁਰੂ ਅਰਜੁਨ ਦੇਵ ਜੀ ਨਾਲ ਸੰਬੰਧਿਤ ਕੀਤਾ ਹੈ।

ਸਾਰਿਆਂ ਗ੍ਰੰਥਾਂ ਦੇ ਸੂਚੀਪਤ੍ਰ, ਤਤਕਰੇ, ਅਣੁਕ੍ਰਮਣਿਕਾ, ਇੰਡੈਕਸ ਗ੍ਰੰਥਾਂ ਦੇ ਲਿਖਣ ਤੋਂ ਬਾਅਦ ਲਿਖੇ ਜਾਂਦੇ ਹਨ। ਪੁਰਾਤਨਿ ਸੰਸਕ੍ਰਿਤ ਗ੍ਰੰਥਾਂ ਦੇ ਤਤਕਰੇ ਏਸੇ ਵਾਸਤੇ ਹੀ ਜ਼ਜਾਦਾ ਤਰ ਆਖਿਰ ਵਿਚ ਲਿਖੇ ਹੋਏ ਹੁੰਦੇ ਹਨ। ਤਤਕਰਿਆਂ ਵਿਚ ਲਿਖਾਰੀ ਉਹੋ ਪ੍ਰਕਰਣ ਦੱਸਿਆ ਕਰਦਾ ਹੈ ਜਿਹੜਾ ਓਸ ਨੇ ਪਹਿਲੋਂ ਗ੍ਰੰਥ ਵਿਚ ਲਿਖਿਆ ਹੁੰਦਾ ਹੋਇਆ ਹੈ। ਕਰਤਾਰਪੁਰ ਵਾਲੀ ਬੀੜ ਦੇ ਲਿਖਾਰੀ ਨੇ ਜੇ 'ਹਕੀਕਤ ਰਾਹ ਮੁਕਾਮ' ਅਤੇ 'ਸਜਾਹੀ ਕੀ ਬਿਧਿ' ਲਿਖੀ ਹੋਈ ਸੀ ਤਾਂ ਹੀ ਤਤਕਰੇ ਵਿਚ ਜ਼ਿਕਰ ਕੀਤਾ ਹੈ। ਪਰ ਹੁਣ ਮੌਜੂਦਾ ਬੀੜ ਵਿਚ ਬਾਣੀ ਦੇ ਪਾਠ ਅੰਦਰ ਨਾ ਹੀ 'ਹਕੀਕਤ ਰਾਹ ਮੁਕਾਮ' ਦਾ ਪਾਠ ਹੈ ਅਤੇ ਨਾ ਹੀ ਸਿਆਹੀ ਦੀ ਬਿਧਿ ਦਾ ਨੁਸਖਾ ਹੈ, ਜਿਸ ਤੋਂ ਸਾਫ਼ ਪ੍ਰਗਟ ਹੁੰਦਾ ਹੈ, ਕਿ ਇਹ ਪਤਰੇ ਕਢੇ ਹੋਏ ਹਨ। ਜਿਨ੍ਹਾਂ ਲੋਕਾਂ ਨੂੰ ਬੀੜ ਵਿਚੋਂ ਪੱਤਰੇ ਕਢਦੇ ਕੋਈ ਹਿਚਕਚਾਹਟ ਨਹੀਂ ਹੋਈ—ਉਹਨਾਂ ਨੇ ਗੁਰੂ ਕਾਣੀ ਦਾ ਕੀ ਅਦਬ ਕਰਨਾ ਹੈ ? ਉਹਨਾਂ ਤਾਂ ਸਿਰਫ ਪੂਜਾ ਲੈਣ ਲਈ ਪਖੰਡ ਰਚਨਾ ਸੀ—ਸੋ ਰਚ ਲਿਆ ਅਤੇ ਆਪਣਾ ਰਾਜ ਭਾਗ ਸਿੱਖ ਰਾਜ ਵੇਲੇ ਵੀ ਸੁਰਖਜਤ ਬਚਾ ਲਿਆ। ਇਹੋ ਇਹਨਾਂ ਦਾ ਮੁਖਜ ਆਇਡੀਆ ਸੀ, ਏਸ ਵਿਚਾਰ ਤੋਂ ਆਸ਼ਯ ਇਹ ਹੈ ਕਿ ਕਰਤਾਰਪੁਰ ਵਾਲੀ ਬੀੜ ਕੋਈ ਵਿਲੱਖਣ ਬੀੜ ਨਹੀਂ ਬਲਕਿ ਜਿਸ ਨੂੰ ਆਮ ਲੋਕ ਭਾਈ ਬੰਨੋ ਜੀ ਵਾਲੀ ਬੀੜ ਕਹਿੰਦੇ ਹਨ—ਓਸੇ ਦੀ ਹੀ ਨਕਲ ਹੈ। ਫਿਰ ਇਹ ਭਾਈ ਗੁਰਦਾਸ ਜੀ ਵਾਲੀ ਬੀੜ ਕਿਸ ਤਰ੍ਹਾਂ ਬਣੀ ? ਅਤੇ ਇਸ ਵਿਚ ਕੀ ਵਿਲੱਖਣਤਾ ਰਹਿ ਗਈ ?

(ਘ) ਇਸ ਬੀੜ ਦੇ ਬਹੁਤ ਪਾਠ ਅਸ਼ੁਧ ਹਨ, ਜਿਵੇਂ ਕਿ 'ਸੁਕਹੁ ਟਲ ਗੁਰ ਸੇਵੀਐ' (ਭੱਟਾਂ ਦੇ ਸਵਈਏ ਮ: ੨) ਆਦਿਕ। ਇਹ ਵਿਚਾਰ ਬਹੁਤ ਵਡਾ ਪ੍ਰਕਰਣ ਰਖਦੀ ਹੈ। ਜਿਹੜਾ ਕਿ ਅਗੇ ਬਾਣੀ ਵਿਚ ਮੈਂ ਥਾਂ ਪਰ ਥਾਂ ਲਿਖਿਆ ਹੋਇਆ ਹੈ।

ਜਿਥੇ ਵੀ ਲਿਖਾਰੀਆਂ ਤੋਂ ਪਈਆਂ ਸੁੱਧੀਆਂ ਅਸੁੱਧੀਆਂ ਹਨ। ਉਹ ਸਾਰੀਆਂ ਆਪਣੇ ਖਯਾਲ ਅਨੁਸਾਰ ਮੈਂ ਨੋਟ ਕਰ ਦਿਤੀਆਂ ਹਨ। ਕੁਝ ਪਾਠ ਸ਼ੁਧ ਵੀ ਮਿਲ ਗਏ ਹਨ, ਉਹ ਉਨ੍ਹਾਂ ਬੀੜਾ ਦੇ ਸਫੇ ਦੇ ਕੇ ਲਿਖ ਦਿਤੇ ਹਨ ਤਾ ਕਿ ਖੋਜੀ ਜਨ ਬੀੜਾਂ ਵੇਖ ਸਕਣ।

(ਙ) ਇਹਨਾਂ ਪ੍ਰਮਾਣਾ ਤੋਂ ਅਗੇ ਸਿਰਲੇਖ ਇਕ ਰਹਿ ਜਾਂਦਾ ਹੈ। ਜਿਹੜਾ ਕਿ ਸਾਰਿਆਂ ਨੂੰ ਭ੍ਰਮ ਪੈਦਾ ਕਰ ਦੇਂਦਾ ਹੈ ਕਿ ਇਹ ਬੀੜ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਲਿਖਵਾਈ ਅਤੇ ਭਾਈ ਗੁਰਦਾਸ ਜੀ ਦੀ ਲਿਖੀ ਹੋਈ ਹੈ। ਉਹ ਇਹ ਹੈ :—ਸੰਬਤ ੧੬੬੧ ਮਿਤੀ ਭਾਦਓ ਵਦੀ ਏਕਮ ੧ ਪੋਥੀ ਲਿਖਿ ਪਹੁੰਚੇ, । ਇਹ ਵਾਸਤ੍ਵ ਵਿਚ ਇਸ ਬੀੜ ਦਾ ਲੇਖ ਨਹੀਂ; ਇਹ ਲੇਖ ਅਸਲ ਕਾਪੀ ਦਾ ਹੈ, ਜਿਸ ਦੀ ਕਰਤਾਰਪੁਰ ਵਾਲੀ ਬੀੜ ਨਕਲ ਦਰ ਨਕਲ ਕਾਪੀ ਹੈ । ਬਹੁਤ ਸਾਰੀਆਂ ਐਹੋ ਜਹੀਆਂ ਬੀੜਾਂ ਮਿਲਦੀਆਂ ਹਨ-ਜਿਨਾਂ ਦੇ ਲਿਖਾਰੀਆਂ ਨੇ ਹੂਬਹੂ ਅੱਖਰਾਂ ਦੀ ਹੀ ਨਕਲ ਕੀਤੀ ਹੋਈ ਹੈ। ਉਹ ਲਿਖਾਰੀ 'ਨੀਸਾਣੁ ਗੁਰੂ ਜੀਉਕੇ ਦਸਖਤਾ ਮਹਲਾ ੫' ਪਾਠ ਵੀ ਨਾਲ ਹੀ ਨਕਲ ਕਰ ਦੇਂਦੇ ਹਨ। ਪ੍ਰੰਤੂ ਅੱਗੇ ਕੋਈ ਦਸਤਖਤਾਂ ਵਾਲਾ ਪੰਨਾਂ ਨਹੀਂ ਹੈ। ਏਸ ਪ੍ਰਮਾਣ ਲਈ ਵੇਖੋ ਬੀੜ ਗੁਰਦੁਆਰਾ ਸੰਤ ਗੁਲਾਬ ਸਿਘ ਜੀ ਮੋਗਾ (ਜਿਲਾ ਫਿਰੋਜ਼ਪੁਰ)। ਇਹ ਲਿਖਾਰੀਆਂ ਦੇ ਗਯਾਨ ਦੀ ਥੁੜ ਦੀ ਵਜਾ ਨਾਲ ਅੱਖਰਾਂ ਦੀ ਨਕਲ ਤਾਂ ਹੋ ਜਾਂਦੀ ਹੈ, ਪ੍ਰੰਤੂ ਅੱਗੇ ਬੀੜਾਂ ਵਿਚ ਉਸ ਲੇਖ ਦੀ ਹੋਂਦ ਨਹੀਂ ਮਿਲਦੀ। ਏਸੇ ਤਰ੍ਹਾਂ ਹੀ—ਇਹ ਲੇਖ ਓਸ ਆਦਿ ਬੀੜ ਦਾ ਹੈ, ਜਿਸ ਦੀ ਇਹ ਤੀਜੀ ਥਾਂ ਨਕਲ ਹੈ। ਜੇ ਇਹ ਲੇਖ ਇਸੇ ਹੀ ਬੀੜ ਦਾ ਹੁੰਦਾ ਤਾਂ ਸ੍ਰੀ ਗੁਰੂ ਅਰਜੁਨ ਦੇਵ ਜੀ ਅਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਪਰਲੋਕ ਸਿਧਾਰਨ ਦੀਆਂ ਤਿਥੀਆਂ ਇਕੋ ਹੀ ਕਲਮ ਨਾਲ ਲਿਖੀਆਂ ਹੋਈਆ 'ਜੋਤੀ ਜੋਤਿ ਸਮਾਵਣੇ ਦੇ ਚਰਿਤ੍ਰ ਵਿਚ' ਨਾ ਹੁੰਦੀਆਂ। ਜਿਸ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਪਰਲੋਕ ਸਿਧਾਰਨ ਦਾ ਲੇਖ ਮੌਜੂਦ ਹੈ ਅਤੇ 'ਸੰਮਤ ੧੭੦੧ ਚੇਤ ਸ਼ੁਦੀ ੫ ਆਦਿਤ-ਵਾਰ' ਲਿਖਿਆ ਹੋਇਆ ਹੈ । ਵੇਖੋ ਬੀੜ ਕਰਤਾਰਪੁਰ ਜੋਤੀ ਜੋਤਿ ਸਮਾਵਣੇ ਕਾ ਚਲਿਤ੍ਰ।

(ਚ) ਇਸ ਬੀੜ ਦੀ ਪਰਖ ਵਾਸਤੇ ਇਕ ਹੋਰ ਕਸੌਟੀ ਵੀ ਹੈ। ਉਹ ਹੈ 'ਲਿਖਤ ਦੇ ਅੱਖਰਾਂ ਦੀ ਵਿਚਾਰ'। ਬੀੜ ਦੇ ਅੱਖਰਾਂ ਦੀ ਬਣਤਰ ਇਸ ਨੂੰ ਸੰਮਤ

੧੮੦੦ ਦੇ ਲਗ ਭਗ ਦੀ ਦਸਦੇ ਹਨ । ਏਸ ਵੇਲੇ ਗੁਰਮੁਖੀ ਅੱਖਰ ਆਪਣੀਆਂ ਸ਼ਕਲਾਂ ਨਾਗਰੀ, ਸ਼ਾਰਦਾ ਤੇ ਟਾਕਰੀ ਤੋਂ ਅਲਗ ਕਰ ਚੁਕੇ ਸ੍ਰੀ । ਇਸ ਤੋਂ ਪਹਿਲੋਂ ਦੀਆਂ ਲਿਖਤਾਂ ਵਿਚ ਏਹਨਾਂ ਭਾਸ਼ਾਵਾਂ ਦੀ ਅੱਖਰਾਂ ਵਿਚ ਝਲਕ ਪੈਂਦੀ ਹੈ ।

ਸਾਰਿਆਂ ਤੋਂ ਪੁਰਾਣੀਆਂ ਲਿਖਤਾਂ ਵਿਚ ਹਾਹਾ ਤੇ ਲੱਲਾ ਦੋ ਅੱਖਰ ਖਾਸ ਵਿਚਾਰਨ ਯੋਗ ਅਤੇ ਵੇਖਣ ਯੋਗ ਹੁੰਦੇ ਹਨ । ਹਾਹੇ ਦੇ ਵਿੱਚ ਵਲ ਪਾ ਕੇ ਇਸ ਦੀ ਡੰਡੀ ਦਾ ਵਿਚਕਾਹਾ ਖਮਦਾਰ ਕੀਤਾ ਹੋਇਆ ਹੁੰਦਾ ਹੈ । ਲੱਲੇ ਦਾ ਰੂਪ ਠੀਕ ਨਾਗਰੀ ਅੱਖਰ ਦੇ ल ਦਾ ਹੀ ਹੁੰਦਾ ਹੈ। ਇਸ ਤੋਂ ਬਾਦ ਦਾ ਲੱਲਾ ਸੱਜੇ ਪਾਸਜੇਂ ਉਪਰੀ ਲੀਕ ਨਾਲ ਮਿਲਿਆ ਹੋਇਆ ਹੁੰਦਾ ਹੈ । ਏਸ ਮੁਕਬਾਲੇ ਵਾਸਤੇ ਵੇਖੋ ਬੀੜ ਭਾਈ ਬੂਟਾ ਸਿੰਘ ਜੀ ਦੀ ਧਰਮਸ਼ਾਲਾਂ ਰਾਵਲ ਪਿੰਡੀ ਵਾਲੀ ਅਤੇ ਬੀੜ ਭਾਈ ਬੰਨੋ ਜੀ ਵਾਲੀ ਬੜੋਤ (ਜਿਲਾ ਮੇਰਠ U. P.) । ਲਿਖਤੀ ਹਿਸਾਬ ਦੀ ਵਿਚਾਰ ਕੇਵਲ ਲਿਖਾਰੀਆਂ ਦੀ ਹੀ ਸਮਝ ਵਿਚ ਆ ਸਕਦੀ ਹੈ । ਇਹ ਸ਼ਾਰਿਆਂ ਤੋਂ ਉੱਤਮ ਕਸੌਂਟੀ ਪੁਰਾਤਨਤਾ ਨੂੰ ਵੇਖਣ ਲਈ ਹੁੰਦੀ ਹੈ । ਕਰਤਾਰਪੁਰ ਵਾਲੀ ਬੀੜ ਲਿਖਤ ਹਿਸਾਬ ਨਾਲ ਸੰਮਤ ੧੮੦੦ ਤੋਂ ਪਹਿਲੋਂ ਦੀ ਸਾਬਤ ਨਹੀਂ ਹੁੰਦੀ । ਲਿਖਤ ਦੀ ਗੰਭੀਰ ਵਿਚਾਰ ਭਾਈ ਬੰਨੋ ਜੀ ਵਾਲੀ ਬੀੜ ਵਿਚ ਕਰਨੀ ਹੈ । ਏਥੇ ਸਿਰਫ ਇਹੋ ਦੱਸਣਾ ਹੈ ਕਿ ਅੱਖਰਾਂ ਦੀ ਬਣਤਰ ਏਸ ਬੀੜ ਨੂੰ ਸੰਮਤ ੧੮੦੦ ਤੋਂ ਪੁਰਾਣੀ ਨਹੀਂ ਦੱਸਦੀ ।

ਹੁਣ ਮੈਂ ਸਮੁਚੇ ਤੋਰ ਨਾਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਦਸਦਾ ਹਾਂ ਕਿ ਤਾਕਿ ਅਗਲੇ ਪ੍ਰਕਰਣ ਸਮਝ ਵਿਚ ਆ ਸਕਣ । ਇਹ ਸੰਗ੍ਰਹਿ ਗ੍ਰੰਥ ਹੈ । ਵੇਦਾਂ ਵਾਂਗੂ ਇਸ ਦਾ ਕਰਤਾ ਕੋਈ ਇਕ ਨਹੀਂ ਹੈ । ਇਸ ਵਿਚ ਸਮਯ ਸਮਯ ਅਨੁਸਾਰ ਰਚਨਾਵਾਂ ਮਿਲਾਈਆਂ ਜਾਂਦੀਆਂ ਰਹੀਆਂ ਹਨ । ਕਈਆਂ ਨੇ ਵਿਚੋਂ ਰਚਨਾਵਾਂ ਕਢੀਆਂ ਵੀ ਹਨ । ਰਾਗ ਗਉੜੀ ਅਤੇ ਆਸਾ ਵਿਚੋਂ ਕੱਢੇ ਹੋਏ ਸ਼ਬਦ ਅੰਗਾਂ ਦੀ ਵਿਚਾਰ ਨਾਲ ਮਾਲੂਮ ਪੈ ਜਾਂਦੇ ਹਨ । ਗਉੜੀ ਮ. ੫ ਦੇ ੧੨ ਸ਼ਬਦ ਰਹੇ ਹੋਏ ਹਨ । ਗਉੜੀ ਕਬੀਰ ਜੀ ਦੇ ੬੧ ਸ਼ਬਦ ਨਿਕਲੇ ਹੋਏ ਹਨ । ਆਸਾ ਮ: ੧ ਦੇ ੨ ਸ਼ਬਦ ਰਹੇ ਹੋਏ ਹਨ । ਜਿਹੜੇ ਕਿ ਆਦਿ ਬੀੜ ਵਿਚ ਲਿਖੇ ਹੋਏ ਸਨ । ਇਹਨਾਂ ਸਾਰਿਆਂ ਦੀ ਤਫ਼ਸੀਲ 'ਗਿਣਤੀ ਅੰਗਾਂ ਦੀ ਵਿਚਾਰ' ਸ਼ਿਰਲੇਖ ਥਲੇ ਦਿਤੀ ਹੋਈ ਹੈ । ਇਸ ਗ੍ਰੰਥ ਦਾ ਮੂਲ 'ਭਗਤ ਬਾਣੀ' ਹੈ । ਪ੍ਰੰਤੂ ਉਸ ਨੂੰ ਹੋਰ ਵਧੌਣ ਦੀ ਥਾਂ ਉਸ ਵਿਚੋਂ ਬਹੁਤੀ ਰਚਨਾ ਕੱਢ ਦਿੱਤੀ ਗਈ ਹੈ । ਭਗਤ ਬਾਣੀ ਹੀ ਏਸ ਗ੍ਰੰਥ

ਦੀ ਆਦਿ ਸੀ। ਕਿਉਂਕਿ ਭਗਤਾਂ ਦੇ ਕਾਲ ਇਉਂ ਹਨ :—

ਨੰ:	ਨਾਮ	ਜਨਮ	ਮਰਨ
੧	ਸ਼੍ਰੀ ਜੈਦੇਵ (ਜਯਦੇਵ) ਜੀ	ਸੰਮਤ ੧੦੯੦	ਸੰਮਤ ੧੧੫੦
੨	,, ਬੇਣੀ ਜੀ	,, ੧੧੧੦	,, ੧੨੦੫
੩	,, ਪਰਮਾ ਨੰਦ ਜੀ	,, ੧੩੯੮	,, ੧੪੭੪
੪	,, ਰਾਮਾਨੰਦ ਜੀ	,, ੧੪੨੩	,, ੧੫੭੪
		ਅਥਵਾ ੧੩੫੬	ਅਥਵਾ ੧੪੬੭
੫	,, ਫਰੀਦ ਜੀ	,, ੧੨੩੭	,, ੧੩੫੦
੬	,, ਤ੍ਰਿਲੋਚਨ ਜੀ	,, ੧੩੨੫	,, ੧੪੦੧
੭	,, ਨਾਮਦੇਵ ਜੀ	,, ੧੩੨੮	,, ੧੪੦੮
੮	,, ਰਵਿਦਾਸ ਜੀ	,, ੧੪੫੬	,, ੧੫੪੦
੯	,, ਕਬੀਰ ਜੀ	,, ੧੪੫੫	,, ੧੫੭੫
੧੦	,, ਪੀਪਾ ਜੀ	,, ੧੪੮੩	,, ੧੫੬੬
੧੧	,, ਧੰਨਾ ਜੀ	,, ੧੪੭੩	,, ੧੫੩੨
੧੨	,, ਸੈਣ ਜੀ	,, ੧੩੯੯	,, ੧੪੭੦
੧੩	,, ਸਧਨਾ ਜੀ	,, ੧੩੩੦	,, ੧੪੧੭
੧੪	,, ਸੂਰਦਾਸ ਜੀ	,, ੧੫੪੦	,, ੧੬੧੯
੧੫	,, ਭੀਖਨ ਜੀ	,, ੧੫੨੫	,, ੧੬੩੧
੧੬	,, ਮੀਰਾਂ ਬਾਈ ਜੀ	,, ੧੫੪੮	,, ੧੬੦੩
੧੭	,, ਗੁਰੂ ਨਾਨਕ ਦੇਵ ਜੀ	,, ੧੫੨੬	,, ੧੫੯੬
੧੮	,, ਗੁਰੂ ਅੰਗਦ ਦੇਵ ਜੀ	,, ੧੫੬੧	,, ੧੬੦੯
੧੯	,, ਗੁਰੂ ਅਮਰਦਾਸ ਜੀ	,, ੧੫੨੬	,, ੧੬੩੧
੨੦	,, ਗੁਰੂ ਰਾਮਦਾਸ ਜੀ	,, ੧੫੯੧	,, ੧੬੩੮
੨੧	,, ਗੁਰੂ ਅਰਜੁਨਦਵ ਜੀ	,, ੧੬੨੦	,, ੧੬੬੩
੨੨	,, ਗੁਰੂ ਹਰਿਗਬਿੰਦ ਜੀ	,, ੧੬੫੨	,, ੧੭੦੧
੨੩	,, ਗੁਰੂ ਹਰਿ ਰਾਇ ਜੀ	,, ੧੬੮੬	,, ੧੭੧੮
੨੪	,, ਗੁਰੂ ਹਰਿ ਕ੍ਰਿਸ਼ਨ ਜੀ	,, ੧੭੧੩	,, ੧੭੨੧
੨੫	,, ਗੁਰੂ ਤੇਗ ਬਹਾਦਰ ਜੀ	,, ੧੬੭੮	,, ੧੭੩੨
੨੬	,, ਗੁਰੂ ਗੋਬਿੰਦ ਸਿੰਘ ਜੀ	,, ੧੭੨੩	,, ੧੭੬੫
੨੭	,, ਮਰਦਾਨਾ ਜੀ	,, ੧੫੧੬	,, ੧੫੯੧

੨੮	,, ਸੱਤਾ ਜੀ	,, ੧੫੯੫	,, ੧੬੫੭
੨੯	,, ਬਲਵੰਡ ਜ਼ੀ	,, ੧੫੯੦	,, ੧੬੬੦
੩੦	,, ਸੁੰਦਰ ਜੀ	,, ੧੫੯੯	,, ੧੬੮੨
੩੧	,, ਗੋਰਖ ਜੀ	,, ੫੦੦	,, ੧੦੦੦
੩੨	,, ਗੋਪੀ ਚੰਦ ਜੀ	,, ੭੬੪	,, ੯੧੯
੩੩	,, ਈਸਰ ਜੀ	,, ੮੩੫	,, ੯੫੪
੩੪	,, ਚਰਪਟ ਜ਼ੀ	,, ੭੧੧	,, ੯੭੦
੩੫	,, ਭਰਥਰਿ ਜੀ	,, ੮੪੦	,, ੯੯੫
੩੬	,, ਕਲ (ਭੱਟ) ਕਵਿ ਜੀ	,, ੧੫੯੦	,, ੧੬੫੯
੩੭	,, ਨਲ ਕਵਿ	,, ੧੫੫੦	,, ੧੬੮੦
੩੮	,, ਜਲਜ ਕਵਿ	,, ੧੫੬੫	,, ੧੬੪੦
੩੯	,, ਭਿਖਾ ਕਵਿ	,, ੧੫੪੯	,, ੧੬੫੩
੪੦	,, ਸਲਜ	,, ੧੫੪੭	,, ੧੬੩੫
੪੧	,, ਬਲਜ	,, ੧੫੫੮	,, ੧੬੭੦
੪੨	,, ਭਲ	,, ੧੫੬੭	,, ੧੬੩੪
੪੩	,, ਸੇਵਕ ਦਾਸ	,, ੧੫੭੯	,, ੧੬੫੫
੪੪	,, ਪਰਮਾਨੰਦ	,, ੧੫੮੪	,, ੧੬੬੫
੪੫	,, ਗਯੰਦ	,, ੧੬੩੦	,, ੧੭੪੫
੪੬	,, ਮਥੁਰਾ	,, ੧੫੪੧	,, ੧੬੩੯
੪੭	,, ਹਰਿਬੰਸ	,, ੧੫੯੧	,, ੧੬੬੨

ਇਹਨਾਂ ਤੋਂ ਇਲਾਵਾ ਸੰਪ੍ਰਦਾਇਕ ਗਜ਼ਾਨੀ ਪੰਜ ਭਟ ਹੋਰ ਅਤੇ ਚਾਰ ਭਗਤਾਂ (ਸੰਮਣ, ਮੂਸਣ, ਪਤੰਗ ਤੇ ਜਮਾਲ) ਦੇ ਬੋਲੇ ਹੋਏ 'ਚਉਬੋਲੇ' ਵੀ ਮੰਨਦੇ ਹਨ ।

ਜੇ ਨਿਰਪੱਖ ਨਿਗ੍ਹਾ ਨਾਲ ਵੇਖਿਆ ਜਾਵੇ ਤਾਂ ਕਰੀਬਨ ਸੰਮਤ ੧੦੬੦ ਤੋਂ ਲੈ ਕੇ ੧੭੬੫ ਤਕ ਦੇ ਜਿੰਨੇ ਪੁਰਸ਼ ਜਗਤ-ਉਧਾਰਕ ਹੋਏ ਹਨ । ਸਾਰਿਆਂ ਦੀ ਰਚਨਾ ਇਸ ਗ੍ਰੰਥ ਵਿਚ ਸੰਗ੍ਰਹ ਕੀਤੀ ਹੋਈ ਹੈ । ਜਿਵੇਂ ਜਿਵੇਂ ਇਹਨਾਂ ਮਹਾਂ ਪੁਰਸ਼ਾਂ ਦਾ ਸੰਸਾਰ ਵਿਚ ਜਨਮ ਹੋਇਆ ਓਸੇ ਓਸੇ ਤਰ੍ਹਾਂ ਹੀ ਰਚਨਾਂ ਦੀ ਸ਼ੈਲੀ ਹੋਣੀ ਸੀ । ਪ੍ਰੰਤੂ ਇਸ ਵੇਲੇ ਕਿਸੇ ਵੀ ਬੀੜ ਚੋਂ ਇਹ ਸ਼ੈਲੀ ਨਹੀਂ ਮਿਲਦੀ। ਮੇਰੇ ਖ਼ਯਾਲ ਅਨੁਸਾਰ ਨਵੇਂ ਹਾਸ਼ੀਏ ਤਾਂ ਹੀ ਲਾਏ ਗਏ ਸਨ-ਜਦੋਂ ਇਹ ਰਚਨਾ ਆਦਿ ਚੋਂ ਕੱਢ ਕੇ ਅੰਤ ਵਿਚ ਪਾਈ ਗਈ ਹੈ । ਏਸ ਦਾ ਮੂਲ ਨਸ਼ਟ ਕਰਨ ਲਈ ਕਿ ਖੋਜੀਆਂ ਨੂੰ ਭਗਤਬਾਣੀ ਦੀ ਪਹਿਲ ਵਾਲਾ ਗ੍ਰੰਥ ਨਾ ਮਿਲ ਸਕੇ । ਇਹਨਾਂ

ਤੋਂ ਪਹਿਲੀਆਂ ਲਿਖਤਾਂ ਨਾਸ਼ ਕਰ ਦਿੱਤੀਆਂ ਹਨ। ਕੀਤੇ ਪਾਪਾਂ ਨੂੰ ਲੁਕੋਣ ਲਈ 'ਦਰਿਯਾ ਬਿਆਸ ਵਿਚ ਬੀੜ ਰੱਖੀ ਗਈ' ਆਦਿਕ ਕਰਾਮਾਤਾ ਜੜ ਕੇ ਕਹਾਣੀਆਂ ਪ੍ਰਚਲਿਤ ਕਰ ਦਿੱਤੀਆ ਹਨ। ਇਹ ਪਾਪ ਪੰਥਾਂ ਦਿਆਂ ਅੰਨ੍ਹਿਆਂ ਨੇ ਕੀਤੇ ਹਨ।

(ਛ) ਇਸ ਪਾਵਨ ਸੰਗ੍ਰਹਿ ਵਿਚ ਕਿਸੇ ਜੀਉਂਦੇ ਪੁਰਸ਼ ਦੀ ਰਚਨਾ ਦਾਖਲ ਨਹੀਂ ਕੀਤੀ ਗਈ'। ਗੁਰਬਾਣੀ ਦੇ ਖੋਜੀ ਹੀ ਇਹ ਰਾਜ਼ ਲਭ ਸਕਦੇ ਹਨ। ਭੱਟਾਂ ਦੀਆਂ ਰਚਨਾਵਾਂ ਵਿਚ ਤਾਂ ਹੇਰ ਫੇਰ ਹੋ ਗਿਆ ਹੈ। ਪ੍ਰੰਤੂ ਬਾਂਕੀ ਜਿੰਨੀ ਰਚਨਾ ਹੈ। ਉਸ ਨੂੰ ਜਿਸ ਵੀ ਇਕੱਤ੍ਰ ਕੀਤਾ ਹੈ-'ਦ੍ਰਸ਼ਟਾ ਬਣ ਕੇ ਹੀ ਕੀਤਾ ਹੈ। ਆਪਣੀ ਵੱਲੋਂ' ਉਸ ਮਹਾਂ ਪੁਰਸ਼ ਨੇ ਕੋਈ ਸ਼ਬਦ ਨ ਵੱਧ ਤੇ ਨਾ ਹੀ ਘੱਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿੰਨਾ ਇਸ ਪਾਵਨ ਸੰਗ੍ਰਹ ਨੂੰ ਇਕਤ੍ਰ ਕਰਨਾ ਸ਼ੁਰੂ ਕੀਤਾ ਹੈ। ਉਹ ਪਾਂਵਨ ਹਸਤੀਆਂ, ਪਾਵਨ ਹੀ ਕਰਮ ਕਰ ਗਈਆਂ ਹਨ। ਘੱਟ ਵੱਧ ਕਰਨ ਦੀ ਚੇਸ਼ਟਾ ਪੰਥ ਦਿਆਂ ਸੜਿਆਂ ਹੋਇਆਂ ਨੇ ਕੀਤੀ ਹੈ ਅਤੇ ਅੱਗੇ ਨੂੰ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ। ਵੇਖੋ ਟ੍ਰੈਕਟ 'ਹਜ਼ੂਰੀ ਬੀੜ ਦੀ ਲੋੜ।'

ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਅਜੁਨ ਦੇਵ ਜੀ ਪਾਵਨ ਬਾਣੀ ਦੀ ਬੀੜ ਬੰਨ ਕੇ ਸੁੰਦਰ ਪਲੰਘ ਤੇ ਵਿਰਾਜਮਾਨ ਕਰਵਾਈ ਅਤੇ ਆਪ ਹੇਠਾਂ ਵਿਰਾਜਦੇ ਰਹੇ? ਇਹ ਠੀਕ ਹੈ। ਕਿ ਸ੍ਰੀ ਗੁਰੂ ਜੀ ਨੇ ਬੀੜ ਦਾ ਸਤਿਕਾਰ ਇਉਂ ਹੀ ਕੀਤਾ ਹੈ। ਪ੍ਰੰਤੂ ਜਿਸ ਬੀੜ ਦਾ ਸਤਕਾਰ ਸਤਿਗੁਰਾਂ ਨੇ ਇਉਂ ਕੀਤਾ ਹੈ, ਉਹ ਬੀੜ ਤਾਂ ਸਾਨੂੰ ਮਿਲ ਨਹੀਂ ਰਹੀ। ਜਿਹੜੀ ਬੀੜ ਦਾ ਸਤਕਾਰ ਹੁਣ ਵਾਲੇ ਲੋਕ ਮੰਨਦੇ ਹਨ। ਉਹਨਾਂ ਤੋਂ ਇਹ ਪ੍ਰਸ਼ਨ ਪੁਛਣ ਯੋਗਜ ਹੈ :—ਕਿ ਸ੍ਰੀ ਗੁਰੂ ਅਰਜੁਨ ਦੇਵ ਜੀ ਆਪਣੀ ਰਚੀ ਹੋਈ ਬਾਣੀ ਨੂੰ ਆਪੇ ਹੀ ਮੱਥੇ ਟੇਕਦੇ ਸਨ? 'ਕੋਈ ਪੁਰਸ਼ ਆਪਣੀ ਰਚੀ ਬਾਣੀ ਨੂੰ ਆਪ ਵੀ ਮੱਥੇ ਟੇਕਦਾ ਹੈ?॥' ਕੋਈ ਪਰਮ ਪਾਖੰਡੀ ਤਾਂ ਇਓਂ ਕਰ ਸਕਦਾ ਹੈ। ਪ੍ਰੰਤੂ ਸ੍ਰੀ ਗੁਰੂ ਅਰਜੁਨ ਦੇਵ ਜੀ ਇਹ ਕਦੀ ਵੀ ਨਹੀਂ ਕਰ ਸਕਦੇ। ਇਹ ਬਹੁਤ ਹਾਸੋ-ਹੀਣਾ ਕਰਮ ਹੈ। ਕਿ ਆਪ ਹੀ ਬਾਣੀ ਉਚਾਰ ਕੇ ਲਿਖ ਲੈਣੀ ਤੇ ਆਪ ਹੀ ਮੱਥੇ ਟੇਕਣ ਲੱਗ ਪੈਣਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕਰਮ ਦੀ ਘੋਰ ਨਿੰਦਿਆ ਲਿਖੀ ਹੈ. ਯਥਾ:—"ਮਾਟੀ ਕੇ ਸ਼ਿਵ ਬਨਾਯ ਪੂਜ ਕੇ ਬੈਠਾਯ ਆਯ, ਆਯ ਕੈ ਬਨਾਯ ਫੇਰ ਮਾਟੀ ਕੈ ਸੁਧਾਰ ਕੈ ॥ ××× ॥ ਏਸ ਪ੍ਰਸੰਗ ਨੂੰ ਦ੍ਰਿੜ ਨਿਸ਼ਚਯ ਸਮਝਣ ਲਈ ਮਹਾਕਾਲ ਦਾ ਚਰਿਤ੍ਰ ਪੜ੍ਹਨਾ ਚਾਹੀਦਾ ਹੈ। ਕਿ ਆਪਣੀ ਰਚੀ ਹੋਈ ਵਸਤੂ ਦੀ ਆਪ ਹੀ ਪੂਜਾ ਕਰਨੀ ਪਰਮ

ਨਿਸ਼ੇਧ ਕਰਮ ਹੈ । ਉਹ ਪਰਮਪਾਖੰਡ ਵਿਚ ਦਾਖਲ ਹੈ । ਏਸ ਤੋਂ ਹੀ ਗ਼ਲਤਫਹਿਮੀ ਏਨੀ ਵਧ ਗਈ ਹੈ ਕਿ ਜਿਹੜੀ ਆਪ ਤਾਂ ਨਾਸ਼ ਨਹੀਂ ਹੋਵੇਗੀ, ਉਸ ਦੇ ਹਾਮੀਆਂ ਦਾ ਨਾਸ਼ ਕਰ ਦੇਵੇਗੀ । ਉਹ ਪਾਵਨ ਬਾਣੀ ਜੀ ਨੂੰ ਕੜਾਹ ਖੁਔਣ, ਸਰਦੀਆਂ ਵਿਚ ਰਜਾਈਆਂ ਦੇਣ, ਗਰਮੀਆਂ ਵਿਚ ਪਤਲੇ ਕਪੜੇ ਦੇਣ, ਪਲੰਘਾਂ ਦੇ ਸੁਔਣ, ਅਰਦਾਸ ਕਰਕੇ ਸੁਔਣ ਅਤੇ ਅਰਦਾਸ ਕਰਕੇ ਹੀ ਉਠੌਂਲ ਲਗ ਪਏ ਹਨ । ਜੇ ਗ੍ਰੰਥ ਕੜਾਹ ਖਾ ਸਕਦਾ ਹੈ ਯਾ ਸਮਾਧਿ ਕੜਾਹ ਖਾ ਸਕਦੀ ਹੈ, ਤਾਂ ਪੱਥਰ ਦੀ ਮੂਰਤਿ ਦਾ ਗੁਰਬਾਣੀ ਵਿਚ ਨਿਸ਼ੇਧ ਕਿਉਂ ਕੀਤਾ ਗਿਆ ? ਜੇ ਗ੍ਰੰਥ ਲਈ ਸਾਰੀਆਂ ਕ੍ਰਿਯਾਵਾਂ ਹੋ ਸਕਦੀਆਂ ਹਨ ਤਾ ਮੂਰਤੀਆਂ ਲਈ ਮੋਹਨ ਭੋਗ ਸਨਾਨ, ਧੂਪ, ਦੀਪ, ਚੰਦਨ ਆਰਤੀ ਪੂਜਾ ਆਦਿ ਸਭਿ ਸਮਗ੍ਰੀ ਜਾਇਜ ਹੈ । ਇਹ ਪਰਮ ਪਾਖੰਡ, ਇਸ ਅਣਹੋਣੀ ਕਹਾਣੀ ਤੋਂ ਸ਼ੁਰੂ ਹੋਇਆ ਹੋਇਆ ਹੈ । ਸਿੱਖਾਂ ਵਿਚ ਸੰਤ ਬਣਨ ਲਈ ਕਿਸੇ ਗੁਰੂ ਦੀ ਸੇਵਾ ਦੀ ਲੋੜ ਨਹੀਂ । ਬੱਸ ! ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਵਡੇ ਪਲੰਘ ਤੇ ਵਿਰਾਜਮਾਨ ਕਰਵਾ ਦਿਉ । ਬਹੁਤ ਵਧੀਆ ਰੇਸ਼ਮੀ ਰੁਮਾਲ ਤੇ ਰੇਸ਼ਮੀ ਰਜਾਈਆ ਤੁਲਾਈਆਂ ਉੱਪਰ ਪਾ ਦਿਉ । ਆਪ ਭਾਵੇਂ ਕੁਝ ਹੋਵੇ ਪ੍ਰੰਤੂ ਅਖੰਡਪਾਠਾਂ ਦੀ ਲੜੀ ਚਲਾ ਦਿਓ ਅਤੇ ਗੁਰਦ੍ਵਾਰਾ ਬਨੌਣਾ ਸ਼ੁਰੂ ਕਰ ਦਿਓ । ਬੇਸ਼ਕ ਕਿਸੇ ਭੁੱਖੇ ਨੂੰ ਰੋਟੀ ਵੀ ਨਾ ਦਿਓ । ਗ੍ਰੰਥੀਆਂ ਪਾਠੀਆਂ ਦੀ ਮਿਹਨਤ ਵਿਚੋਂ ਪੈਸੇ ਰਖ ਲਿਆ ਕਰੋ । ਰਾਗੀਆਂ ਢਾਢੀਆਂ ਪ੍ਰਚਾਰਕਾਂ ਦੇ ਪੈਸਿਆਂ 'ਚੋਂ ਪੈਸੇ ਰਖ ਲਿਆ ਕਰੋ । ਕੜਾਹ ਪ੍ਰਸ਼ਾਦ ਦੀਆਂ ਰਸੀਦਾਂ ਕੱਟ ਦਿਆ ਕਰੋ, ਪਰ ਕੜ੍ਹਾਹ ਦੇ ਪੈਸੇ ਰੱਖ ਲਿਆ ਕਰੋ । ਤਾਂ ਵੀ ਮਹਾਂ ਪਰ ਉਪਕਾਰੀ, ਪਰਮਤ੍ਯਾਗੀ ਸੰਤ ਬਣ ਜਾਓਗੇ । ਜੇ ਕਿਤੇ ਦੋ ਸੁਰਾਂ ਵਾਜੇ ਦੀਆਂ ਛੇੜ ਕੇ ਕੀਰਤਨ ਕਰਨ ਜਾਣਦੇ ਹੋਵੋ ਤਾਂ ਤਾਂ ਕਹਿਣਾ ਹੀ ਕੀ ਹੈ ? ਜੇ ਕਿਤੇ ਗੱਲ ਪੱਗ ਲੰਮਾ ਚੋਲਾ ਰੇਸ਼ਮੀ, ਚਿੱਟੀ ਦੁਧਧੋਤੀ ਕੱਛ ਹੋਵੇ ਫਿਰ ਤੇ ਸੋਨੇ ਤੇ ਸੁਹਾਗਾ ਹੈ । ਜੇ ਕਿਸੇ ਮੋਰਚੇ ਦਾ ਆਗਾਜ਼ ਕਰ ਦਿਉ ਤਾਂ ਸ਼੍ਰ. ਗੁ. ਪ੍ਰ. ਕ. ਅਤੇ ਸਾਰੀ ਕੌਮ ਦੀ ਪ੍ਰਧਾਨਗੀ ਮਿਲ ਸਕਦੀ ਹੈ । ਭਾਵੇਂ ਇਲ ਦਾ ਨਾਂ ਕੋਕੋ ਵੀ ਨਾ ਆਉਂਦਾ ਹੋਵੇ, ਸਾਰਿਆਂ ਵਿਦ੍ਵਾਨਾਂ ਨੂੰ ਪੈਰਾਂ ਹੇਠ ਰੋਲ ਸਕਦੇ ਹੋ, ਇਹ ਸਾਰੇ ਕੁਕਰਮ ਮੂਲ-ਰੂਪ ਇਸ ਝੂਠੀ ਕਥਾ ਤੋਂ ਚਲੇ ਹੋਏ ਹਨ । ਏਸੇ ਜਾਦੂ ਨਾਲ ਧੀਰਮੱਲ ਦੀ ਔਲਾਦ ਕਾਮਯਾਬ ਹੋਈ ।

ਹਾਂ ! ਸ਼੍ਰੀ ਗੁਰੂ ਅਰਜੁਨ ਦੇਵ ਜੀ, ਪਹਿਲੇ (ਪੂਰਵਜ) ਸਤਿਗੁਰਾਂ ਅਥਵਾ ਮਹਾਂ-ਪੁਰਸ਼ਾਂ ਦੀ ਬਾਣੀ ਦਾ ਸਤਕਾਰ ਤਾਂ ਆਪਣੇ ਆਪ ਤੋਂ ਵਧ ਕਰ ਸਕਦੇ ਹਨ । ਪ੍ਰੰਤੂ ਪੱਥਰ ਦੀਆਂ ਮੂਰਤੀਆਂ ਵਾਂਗ ਕੜਾਹ ਵਗੈਰਾ ਨਹੀਂ ਖੁਆ ਸਕਦੇ । ਇਸ ਪ੍ਰਸੰਗ ਤੋਂ ਇਹ ਸਿਟਾ ਨਿਕਲਦਾ ਹੈ, ਕਿ ਜਿਸ ਬੀੜ ਦਾ ਸ਼੍ਰੀ ਗੁਰੂ ਅਰਜੁਨ ਦੇਵ ਜੀ ਏਨਾ ਅਦਬ ਸਤਕਾਰ ਕਰਦੇ ਸਨ, ਉਸ ਵਿਚ ਉਹਨਾਂ ਦੀ ਆਪਣੀ ਰਚਨਾ ਨਹੀਂ ਸੀ ਜੇ ਉਹਨਾਂ ਦੀ ਆਪਣੀ ਰਚਨਾ ਓਸੇ ਵੇਲੇ ਹੀ ਇਸ ਸੰਗ੍ਰਹਿ ਵਿਚ ਆਈ ਹੁੰਦੀ ਤਾਂ ਤੁਕਾਂ ਰਹੀਆਂ ਹੋਈਆਂ ਅਤੇ ਭ੍ਰਮ ਉਤਪਾਦਕ ਰਚਨਾ ਨਾ ਹੁੰਦੀ ।]

ਬਿਲਾਵਲੁ ਮਹਲਾ ੫ ॥ ਸਤਿਗੁਰ ਕਰਿ ਦੀਨੇ ਅਸਥਿਰ ਘਰ ਬਾਰ ॥

× × × × × × ॥ ਰਹਾਉ ॥

× × × × × ×

ਜੋ ਜੋ ਨਿੰਦ ਕਰੇ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ ॥ ੧ ॥

× × × × × ×

ਨਾਨਕ ਦਾਸ ਤਾ ਕੀ ਸਰਣਾਈ ਜਾ ਕੋਸਬਦੁ ਅਖਡ ਅਪਾਰ ॥੨॥੯॥੨੭

(ਸਫਾ ੮੦੭ ॥)

ਏਸ ਸ਼ਬਦ ਵਿਚੋਂ ਤਿੰਨ ਤੁਕਾਂ ਰਹੀਆਂ ਹੋਈਆਂ ਹਨ । ਜੇ ਸ਼੍ਰੀ ਗੁਰੂ ਅਰਜੁਨ ਦੇਵ ਜੀ ਆਪਣੀ ਬਾਣੀ ਆਪ ਲਿਖਵੌਂਦੇ ਅਤੇ ਭਾਈ ਗੁਰਦਾਸ ਜੀ ਲਿਖਦੇ ਤਾਂ ਤੁਕਾਂ ਛੁੱਟਣ ਦਾ ਸਵਾਲ ਹੀ ਨਹੀਂ ਹੁੰਦਾ । ਪ੍ਰੰਤੂ ਰਹੀਆਂ ਤੁਕਾਂ ਸਾਹਮਣੇ ਦਿਸ ਰਹੀਆਂ ਹਨ । ਰਹੀਆਂ ਨੂੰ ਤੁਕਾਂ ਨੂੰ ਸਮਝਣ ਵਾਸਤੇ ਗੰਭੀਰ ਵਿਚਾਰ ਕਰਨੀ ਅਤਿਯੋਗ ਹੈ ।

ਇਹ ਸ਼੍ਰੀ ਗੁਰੂ ਅਰਜੁਨ ਦੇਵ ਜੀ ਦਾ ਬਿਲਾਵਲ ਰਾਗ ਦਾ ੨੭ਵਾਂ ਸ਼ਬਦ ਹੈ ਜਿਹੜਾ ਕਿ ਸਫੇ ੧੪੩੦ ਵਾਲੀ ਬੀੜ ਦੇ ਸਫੇ ੮੦੭ ਤੇ ਹੈ । ਇਹਨਾਂ ਸ਼ਬਦਾਂ ਦੀ ਦੀ ਤਖਤੀ ਦਾ ਮੂਲ ਲੇਖ ਸਫੇ ੮੦੯ ਤੇ ਇਹ ਹੈ :—

ੴ ਸਤਿਗੁਰ ਪ੍ਰਸਾਦਿ

ਰਾਗੁ ਬਿਲਾਵਲੁ ਮਹਲਾ੫ ਘਰੁ ੪ ਦੁਪਦੇ ॥ ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥× × ×

ਸ਼ਬਦ ੧੯ ਤੋਂ ਲੈਕੇ ੩੦ ਤਕ ੧੨ ਸ਼ਬਦ ਘਰੁ ੪ ਦੇ ਦੁਪਦੇ ਹਨ। ਘਰੁ ੪: ਦੁਪਦਿਆਂ ਦਾ ਨਿਯਮ ਹੈ ਕਿ ਹਰੇਕ ਸ਼ਬਦ ਵਿਚ ਦੋ ਤੁਕਾਂ ਦਾ ਰਹਾਉ' ਆਵੇਗਾ। ਦੋ ਦੋ ਤੁਕਾਂ ਦਾ ਇਕ ਇਕ ਪਦ (ਪਉੜੀ) ਆਵੇਗਾ। ਦੋ ਦੋ ਪਦਾਂ ਦਾ ਇਕ ਇਕ ਸ਼ਬਦ ਆਵੇਗਾ ਅਰਥਾਤ ਹਰ ਇਕ ਸ਼ਬਦ ਵਿਚ ਛੇ ਛੇ ਤੁਕਾਂ ਔਣਗੀਆਂ । ਫਰਕ ਸਿਰਫ ਏਨਾ ਹੈ ਕਿ ਪਹਿਲੇ ਦੁਹੁੰ ਸ਼ਬਦਾਂ ਦੇ ਰਹਾਉ ਪਹਿਲੇ ਪਦ (ਪਉੜੀ) ਤੋਂ ਬਾਦ ਲਿਖੇ ਹੋਏ ਹਨ। ਬਾਕੀ ਦਸ਼ਾਂ ਸ਼ਬਦਾਂ ਦੇ ਰਹਾਉ ਪਦਾਂ ਤੋਂ ਪਹਿਲੋਂ ਲਿਖੇ ਹੋਏ ਹਨ। ਤੁਕਾਂ ਇਹਨਾਂ ਦੀਆਂ ਵੀ ਛੇ ਛੇ ਹੀ ਹਨ । ਕੋਈ ਘਾਟਾ ਵਾਧਾ ਨਹੀਂ ਹੈ। ਛੋਟੀਆਂ ਤੁਕਾਂ ਵਾਲੇ ਸੱਤ ਸ਼ਬਦ ਹਨ, ਵਡੀਆਂ ਤੁਕਾਂ ਵਾਲੇ ਪੰਜ ਸ਼ਬਦ ਹਨ। 'ਸਗਲ ਅਨੰਦੁ ਕੀਆ ਪਰਮੇਸਰਿ' × × ਪੰਜਵਾਂ ਸ਼ਬਦ ਵਡੀਆਂ ਤੁਕਾਂ ਵਾਲਾ ਹੈ। ਨੰ; ੧॥੧੯, ੨॥੨੦, ੩॥੨੧,੪॥੨੨,੬੨੪, ੭॥੨੫ ਤੇ ੮॥੨੬ ਛੋਟੀਆਂ ਤੁਕਾਂ ਵਾਲੇ ਹਨ। ਨੰ ੫॥੨੩, ੯॥੨੭, ੧੦॥੨੮,੧੧॥੨੯ ਅਤੇ ੧੨। ੩੦ ਵਡੀਆਂ ਤੁਕਾਂ ਵਾਲੇ ਹਨ। ਜੇ ਬਾਕੀ ਸਾਰਿਆਂ ਸ਼ਬਦਾਂ ਦੀਆਂ ਤੁਕਾਂ ਛੇ ਛੇ ਹਨ ਤਾਂ ਨੰ: ੯॥੨੭ ਦੀਆਂ ਤਿੰਨ ਕਿਉਂ ਹਨ ? ਕੀ ਘਰੁ ੪ ਦੇ ਦੁਪਦਿਆਂ ਦਾ ਕੋਈ ਨਿਯਮ (ਧ੍ਰਵਾ) ਹੀ ਨਹੀਂ ਹੈ। ਕੀ ਸ੍ਰੀ ਗੁਰੂ ਅਰਜੁਨ ਦੇਵ ਜੀ ਅਨਿਯਮਿਤ ਬਾਣੀ ਉੱਚਾਰਦੇ ਸਨ ? ਜਿਹੜੀ ਹਸਤੀ ਬਿਲਾਵਲੁ ਰਾਗ ਉਚਾਰਣ ਕਰ ਸਕਦੀ ਹੈ-ਉਸ ਨੂੰ ਅਨਿਯਮਿਤ (ਸੁਤੰਤ੍ਰ) ਕਹਿਣਾ ਯੋਗ ਹੈ ਯਾ ਅਯੋਗ ?—ਕੀ ਜਿਹੜੇ ਸਤਿਗੁਰਾਂ ਨੂੰ ਅਨਿਯਮੀ (ਸੁਤੰਤ੍ਰ) ਕਹਿੰਦੇ ਹਨ-ਉਹ ਅਦਬ ਕਰਦੇ ਹਨ ਯਾ ਬੇਅਦਬੀ ? ਜੇ ਸਤਿਗੁਰਾਂ ਨਿਯਮ ਨਹੀਂ ਥਾਪੇ ਸਨ ਤਾਂ ਬਾਕੀ ਸ਼ਬਦਾਂ ਵਿਚ ਕਿਵੇਂ ਬਣ ਗਏ ? ਜੇ ਸਤਿਗੁਰਾਂ ਨਿਯਮ ਨਹੀਂ ਮੰਨੇ ਤਾਂ ਰਾਗਾਂ ਦੇ ਨਾਮ ਕਿਉਂ ਲਿਖੇ ਹਨ ? ਸਿਰਫ ਲੋਕਾਂ ਨੇ ਨਾਂ-ਸਮਝੀ ਕਾਰਣ ਲਿਖਾਰੀਆਂ ਤੋਂ ਹੋਈਆਂ ਉਕਾਈਆਂ ਨੂੰ ਸਤਿਗੁਰਾਂ ਤੇ ਸਮਝ ਲਿਆ ਹੈ। ਇਸ ਦਾ ਮੂਲ ਕਾਰਣ ਪਾਖੰਡੀਆਂ ਨੇ ਆਪਣੀਆਂ ਲਿਖਵਾਈਆਂ ਹੋਈਆ ਬੀੜਾਂ ਨੂੰ-ਸਤਿਗੁਰਾਂ ਦੀਆਂ ਲਿਖਵਾਈਆਂ ਕਹਿ ਕੇ ਪਰਚਾਰ ਦਿੱਤਾ ਹੈ। ਹੋਰ ਵੇਖੋ ਏਸੇ ਨਾਲ ਦਾ ਸ਼ਬਦ :—

ਬਿਲਾਵਲੁ ਮਹਲਾ ੫॥ ਧੀਰਉ ਦੇਖਿ ਤੁਮ੍ਹਾਰੇ ਰੰਗਾ ॥

ਤੂ ਹੀ ਸੁਆਮੀ ਅੰਤਰਜਾਮੀ, ਤੂ ਹੀ ਵਸਹਿ ਸਾਧ ਕੈ ਸੰਗਾ ॥੧॥ਰਹਾਉ॥

× × × × × × ×

ਖਿਨ ਮਹਿ ਥਾਪਿ ਨਿਵਾਜੇ ਠਾਕੁਰ, ਨੀਚ ਕੀਟ ਤੇ ਕਰਹਿ ਰਾਜੰਗਾ"

× × × × × × ×।੧।

× × × × × × ×

ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗਾ ।੨।੧੫।੧੦੧
(ਸਫਾ ੮੨੪)

ਇਹ ਤਖਤੀ ਸਫੇ ੮੨੧ ਤੋਂ ਇਸ ਸਿਰਲੇਖ ਨਾਲ ਸ਼ੁਰੂ ਹੁੰਦੀ ਹੈ ।

੧ ਓ ਸਤਿਗੁਰ ਪ੍ਰਸਾਦਿ ॥ ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭॥
ਸਤਿਗੁਰ-ਸਬਦਿ ਉਜਾਰੋ ਦੀਪਾ × × ×

ਇਸ ਤਖਤੀ ਵਿਚ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ੧॥੮੭ ਤੋਂ ਲੈ ਕੇ ੩੦॥੧੧੬ ਤੱਕ ੩੦ ਸ਼ਬਦ ਹਨ । ਜਿੰਨਾ ਵਿਚ ਪਹਿਲੇ ਦੋ ਸ਼ਬਦ ਚਉਪਦੇ ਹਨ । "ਚੌਪਦਿਆਂ ਵਿਚ ਡੇਢ ਤਕ ਦਾ ਰਹਾਉ, ਦੋ ਦੋ ਤੁਕਾ ਦਾ ਇਕ ਇਕ ਪਦ (ਪਰੁੇੜੀ), ਚਾਰ ਚਾਰ ਪਦਾਂ ਦਾ ਸ਼ਬਦ" ਨਿਯਮ ਹੈ । "ਦੁਪਦਿਆ ਵਿਚ ਡੇਢ ਤੁਕ ਦਾ ਰਹਾਉ, ਦੋ ਦੋ ਤੁਕਾਂ ਦਾ ਇਕ ਇਕ ਪਦ, ਦੋ ਦੋ ਪਦਾਂ ਦਾ ਸ਼ਬਦ"ਨਿਯਮ ਹੈ । ਏਸ ਸ਼ਬਦ ਵਿਚ, ਇਕ ਇਕ ਤੁਕ ਦਾ ਪਦ (ਪਉੜੀ) ਕਿਉਂ ਹੈ ? ਜੇ ਹੋਰ ਸਾਰਿਆਂ ਸ਼ਬਦਾਂ ਵਿਚ ਵਿਚ ਨਿਯਮ ਠੀਕ ਹੈ ਤਾਂ ਏਥੇ ਕਿਉਂ ਅਨਿਯਮਤਾ ਆ ਗਈ । ਇਹ ਲਿਖਾਰੀ ਦੀ ਭੁੱਲ ਨਾਲ ਤੁਕਾਂ ਛੁਟੀਆਂ ਹੋਈਆਂ ਹਨ । ਜਿਨ੍ਹਾਂ ਨੂੰ ਨਾ ਸਮਝਣ ਵਾਲੇ ਲੋਕ ਸ੍ਰੀ ਸਤਿਗੁਰਾਂ ਤੇ ਅਨਿਯਮਤਾ ਆਰੋਪਣ ਕਰਦੇ ਹਨ । ਇਹਨਾਂ ਸ਼ਬਦਾਂ ਵਿਚ ਨੰ: ੨੯॥੧੧੪ ਦਾ ਸ਼ਬਦ ਲਿਖਾਰੀ ਨੇ ਗ਼ਲਤੀ ਨਾਲ ਇਕ ਤੁਕ ਭੁੱਲਕੇ ਹੋਰ ਰੂਪ ਦਾ ਹੀ ਚੌਪਦਾ ਬਣਾ ਦਿਤਾ ਹੈ ਯਥਾ :—

ਬਿਲਾਵਲੁ ਮਹਲਾ ੫॥ ਮੂ ਲਾਲਨ ਸਿਉ ਪ੍ਰੀਤਿ ਬਨੀ ॥ਰਹਾਉ॥
ਤੋਰੀ ਨਾ ਤੂਟੈ ਛੋਰੀ ਨਾ ਛੂਟੈ ਐਸੀ ਮਾਧੋ ਖਿੰਚ ਤਨੀ ॥੧॥
ਦਿਨਸੁ ਰੈਨਿ ਮਨ ਮਾਹਿ ਬਸਤੁ ਹੈ, ਤੂ ਕਰਿ ਕਿਰਪਾ ਪ੍ਰਭ ਅਪਨੀ ॥੨
ਬਲਿ ਬਲਿ ਜਾਉ ਸਿਆਮ ਸੁੰਦਰ, ਕਉ ਅਕਥ ਕਥਾ ਜਾਕੀ ਬਾਤਸੁਨੀ ॥੩॥
ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ, ਮੋਹਿ ਕਰਹੁ ਕ੍ਰਿਪਾ ਠਾਕੁਰ ਆਪਨੀ॥
੪॥੨੮॥੧੧੪ (ਸਫਾ ੮੨੭)

ਇਕ ਲਿਖਾਰੀ ਤੋਂ ਭੁੱਲ ਹੋਈ ਕਿ, ਇਕਤੁਕ ਭੁਲ ਗਿਆ। ਉਸ ਤੋਂ ਬਾਦ ਨਕਲ ਕਰਨ ਵਾਲੇ ਨੇ ਅਣਥਵੇਂ ਅੰਗ ਲਾ ਕੇ ਏਨੀ ਗੜਬੜ ਕਰ ਦਿੱਤੀ ਹੈ। ਕਿ ਅਨਜਾਣਾ ਨੂੰ ਅਸਲ ਪਾਠ ਲੱਭਣਾ ਮੁਸ਼ਕਲ ਹੋ ਗਿਆ ਹੈ । ਏਸ ਸਾਰੀ ਵਿਚਾਰ ਵਾਸਤੇ ਸਾਨੂੰ ਵਡਾ ਪ੍ਰਕਰਣ ਲਿਖਣਾ ਪੈ ਰਿਹਾ ਹੈ। ਜਦੋਂ ੩੦ ਸ਼ਬਦਾਂ 'ਚੋਂ ੨੯ ਸ਼ਬਦਾਂ ਵਿਚ ਅੱਧੀ ਤੁਕ ਦਾ ਰਹਾਉ ਕਿਤੇ ਨਹੀਂ ਆਇਆ, ਤਾਂ ਏਥੇ ਅੱਧੀ ਤੁਕ ਦਾ ਰਹਾਉ ਕਿਸ ਤਰ੍ਹਾਂ ਸ਼ੁਧ ਹੋ ਸਕਦਾ ਹੈ ? ਜਦੋਂ ਇਹਨਾਂ ਸਾਰਿਆਂ ਸ਼ਬਦਾਂ ਵਿਚ ।੧॥ ਰਹਾਉ ਸ਼ਬਦ ਲਿਖਿਆ ਹੋਇਆ ਹੈ ਤਾਂ ਏਥੇ 'ਰਹਾਉ' ਪਾਠ ਕਿਸ ਤਰ੍ਹਾਂ ਸ਼ੁੱਧ ਹੈ ? ਇਸ ਤੋਂ ਸਾਫ ਲਿਖਾਰੀ ਦੀ ਭੁੱਲ ਦਿਸ ਰਹੀ ਹੈ ਕਿ ੧ ਅੰਗ ਨਾਲੋਂ 'ਰਹਾਉ' ਭੁੱਲ ਨਾਲ ਉੱਪਰ ਲਿਖਿਆ ਗਿਆ ਹੈ।

'ਦਿਨਸੁ ਰੈਨਿ ਮਨ ਮਾਹਿ ਬਸਤੁ ਹੈ' ਪਾਠ ਤੋਂ ਬਾਦ ਪ੍ਰੀਤਿ ਦੀ ਤੜਪ ਦਾ ਵਰਣਨ ਹੋਣਾ ਚਾਹੀਦਾ ਸੀ । ਪ੍ਰੰਤੂ ਅੱਗੇ 'ਤੂ ਕਰਿ ਕਿਰਪਾ ਪ੍ਰਭ ਅਪਨੀ' ਵਿਚ ਸਥਿਲਤਾ ਆ ਗਈ ਹੈ, ਤੇ ਫਿਰ ਏਹੋ ਭਾਵ 'ਮੋਹਿ ਕਰਹੁ ਕ੍ਰਿਪਾ ਠਾਕੁਰ ਅਪਨੀ' ਵਿਚ ਦੁਬਾਰਾ ਆ ਗਿਆ ਹੈ। ਜਿਸ ਤੋਂ ਰਹੀ ਹੋਈ ਤੁਕ ਦੇ ਥਾਂ ਦਾ ਪਤਾ ਲਗਦਾ ਹੈ। ਸ਼ੁੱਧ ਤਾਂ ਕਿਸੇ ਬੀੜ ਦੀ ਗਵਾਹੀ ਬਿਨਾ ਨਹੀਂ ਕੀਤਾ ਜਾ ਸਕਦਾ। ਪ੍ਰੰਤੂ ਅੰਦਾਜ਼ਾ ਸ਼ੁਧ ਸ੍ਰੂਪ ਦਾ ਇਹ ਹੈ :—

ਬਿਲਵਾਲੁ ਮਹਲਾ ੫

× × × ਮੂ ਲਾਲਨ ਸਿਉ ਪ੍ਰੀਤਿ ਬਨੀ।
ਤੋਰੀ ਨਾ ਤੂਟੈ ਛੋਰੀ ਨ ਛੂਟੈ, ਐਸੀ ਮਾਧੋ ਖਿੰਚ ਤਨੀ ॥੧॥ ਰਹਾਉ ॥
ਦਿਨਸੁ ਰੈਨਿ ਮਨ ਮਾਹਿ ਬਸਤੁ ਹੈ——————
————————————ਤੂ ਕਰਿ ਕਿਰਪਾ ਪ੍ਰਭ ਅਪਨੀ ॥੧॥
ਬਲਿ ਬਲਿ ਜਾਉ ਸਿਆਮ ਸੁੰਦਰ ਕਉ, ਅਕਥ ਕਥਾ ਜਾ ਕੀ ਬਾਤ ਸੁਨੀ ॥
ਜਨ ਨਾਨਕ ਦਾਸਨਿ-ਦਾਸੁ ਕਹੀਅਤ ਹੈ,ਮੋਹਿ ਕਰਹੁ ਕ੍ਰਿਪਾ ਠਾਕੁਰ ਅਪਨੀ॥
੨॥੨੯॥੧੧੪

ਇਹ ਦੁਪਦੇ ਦਾ ਰੂਪ ਹੈ। ਪ੍ਰੰਤੂ ਹੁਣ ਉਪਰਲਾ ਰੂਪ ਦੇ ਕੇ ਗ਼ਲਤ ਨਿਯਮ ਵਾਲਾਂ ਚਉਪਦਾ ਬਣਾਇਆ ਹੋਇਆ ਹੈ। ਇਹ ਸ਼੍ਰੀ ਗੁਰੂ ਜੀ ਤੋਂ ਨਹੀਂ ਬਣਿਆ

ਬਲਕਿ ਲਿਖਾਰੀਆਂ ਤੋਂ ਅਸ਼ੁੱਧ ਰੂਪ ਬਣਿਆ ਹੋਇਆ ਹੈ। ਏਸੇ ਵਾਸਤੇ ਸ੍ਰੀ ਕਰਤਾਰਪੁਰ ਜੀ ਆਦਿਕ ਬੀੜਾਂ ਸਤਿਗੁਰਾਂ ਦੀ ਹੋਂਦ ਵਿਚ ਨਹੀਂ ਲਿਖੀਆਂ ਹੋਈਆਂ।

ਸਿਰਫ਼ ਇਹ ਸਮਝਣਾ ਸੀ ਕਿ ਪਰਮਪਾਵਨ ਬੀੜ ਦਾ ਸੰਚਯ ਲੋਕਾਂ ਨੇ ਸਹੀ ਤੇ ਸ਼ੁੱਧ ਰੂਪ ਨਾਲ ਨਹੀਂ ਪ੍ਰਚਾਰਿਆ। ਉਲਟਾ ਲਿਖਾਰੀਆਂ ਦੀਆਂ ਭੁੱਲਾਂ ਨੂੰ ਸਤਿਗੁਰਾਂ ਤੇ ਆਰੋਪਣ ਦੀ ਥਾਂ ਬਣਾ ਦਿਤੀ ਹੈ। ਝੂਠੀਆਂ ਕਹਾਣੀਆਂ, ਭੂਤਾਂ ਪ੍ਰੇਤਾਂ ਦੀਆਂ ਸਾਖੀਆਂ, ਕਰਾਮਾਤਾਂ, ਸਿਧਾਂ ਦੀਆਂ ਮੁਲਾਕਾਤਾਂ ਤੇ ਦਸਤਖਤਾਂ ਦਿਆਂ ਪੜਦਿਆਂ ਨੇ ਅਸਲੀਅਤ ਨੂੰ ਸੰਸਾਰ ਦੇ ਸਾਹਮਣੇ ਔਣ ਹੀ ਨਹੀਂ ਦਿੱਤਾ। ਭਗਤ ਬਾਣੀ ਦੇ ਸ਼ੁੱਧ ਰੂਪ ਨੂੰ ਲੱਭਣ ਦਾ ਬੀਜ ਵੀ ਪਾਵਨ ਬੀੜਾਂ ਵਿਚੋਂ ਹੀ ਮਿਲ ਗਿਆ ਹੈ। ਉਹ ਬੀਜ ਸਫ਼ੇ ੧੪੩੦ ਵਾਲੀ ਬੀੜ ਦੇ ਸਫ਼ੇ ੧੧੩੬ ਉੱਤੇ ਇਹ ਹੈ :—

ਭੈਰਉ ਮਹਲਾ ੫ ॥

ਵਰਤ ਨ ਰਹਉ ਨ ਮਹ ਰਮਦਾਨਾ ॥
ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥
ਏਕ ਗੁਸਾਈ ਅਲਹੁ ਮੇਰਾ ॥
ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥
ਏਕੋ ਸੇਵੀ ਅਵਰੁ ਨ ਦੂਜਾ ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥
ਨਾ ਹਮ ਹਿੰਦੂ ਨ ਮੁਸਲਮਾਨ ॥
ਅਲਹ ਰਾਮ ਕੇ ਪਿੰਡੁ ਪਰਾਨ ॥ ੪ ॥
ਕਹੁ ਕਬੀਰ ਇਹ ਕੀਆ ਵਖਾਨਾ ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥

ਰਾਗੁ ਭੈਰਉ ਵਿਚ ਮਹਲੇ ੫ ਦੇ ੫੭ ਸ਼ਬਦ ਹਨ। ਜਿਨ੍ਹਾਂ ਵਿਚੋਂ ਇਹ ਸ਼ਬਦ

ਨੰ: ੩ ਦਾ ਹੈ। ਕੀ ਸੱਜਣ ਕ੍ਰਿਪਾ ਕਰ ਕੇ ਉੱਤਰ ਲਿਖਣਗੇ ? ਕਿ ਜੇ ਇਹ ਸ਼ਬਦ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਰਚਨਾ ਹੈ ਤਾਂ 'ਕਹਿ ਕਬੀਰ' ਪਾਠ ਕਿਉਂ ਆਇਆ ਹੈ ? ਜੇ ਸ੍ਰੀ ਕਬੀਰ ਸਾਹਿਬ ਜੀ ਦਾ ਹੈ ਤਾਂ 'ਭੈਰਉ ਮਹਲਾ ੫' ਸਿਰਲੇਖ ਕਿਉਂ ਹੈ ? ਅਤੇ ਮ. ਪੰਜਵੇਂ ਦੇ ਸ਼ਬਦਾਂ ਵਿਚ ਕਿਉਂ ਗਿਣਿਆ ਹੋਇਆ ਹੈ ? 'ਮਹਲਾ ੫' ਸਿਰਲੇਖ ਅਤੇ ਕਬੀਰ ਜੀ ਦੇ ਨਾਮ ਵਾਲੇ ਹੋਰ ਸਲੋਕ ਅਥਵਾ 'ਮਹਲਾ ੫ ਧੰਨਾ' ਆਦਿ ਨਾਮਾਂ ਵਾਲੇ ਕਈ ਸ਼ਬਦ ਹਨ। ਪ੍ਰੰਤੂ ਉਹਨਾਂ ਦੀ ਗਿਣਤੀ ਉਹਨਾਂ ਹੀ ਹਸਤੀਆਂ ਦਿਆਂ ਸ਼ਬਦਾਂ ਯਾ ਸ਼ਲੋਕਾਂ ਵਿਚ ਕੀਤੀ ਹੋਈ ਹੈ। ਸਾਰੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ "ਭੈਰਉ ਮਹਲਾ ੫" ਦਾ ਤੀਜਾ ਸ਼ਬਦ ਹੀ ਅੰਤ ਕਬੀਰ ਵਾਲਾ ਹੈ—ਜਿਹੜਾ ਮਹਲੇ ਪੰਜਵੇਂ ਦੇ ਸ਼ਬਦਾਂ ਵਿਚ ਗਿਣਿਆ ਹੋਇਆ ਹੈ। ਗਿਆਨੀ ਨਰੈਣ ਸਿੰਘ ਜੀ ਮੁਜੰਗ ਵਰਗੇ ਕਈ ਹੋਰ ਵੀ ਲਿਖਦੇ ਹਨ ਕਿ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਸ੍ਰੀ ਕਬੀਰ ਨੂੰ ਸਿਰੋਪਾਉ ਦਿੱਤਾ ਹੈ ? ਇਹ ਅਨਜਾਣਾ ਨੂੰ ਵਰਗਲੌਣ ਲਈ ਚੰਗਾ ਸਾਧਨ ਹੈ। ਪ੍ਰੰਤੂ ਸ੍ਰੀ ਕਬੀਰ ਜੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜਨਮ ਦਿਨ ਤੋਂ ਵੀ ਪਹਿਲਾਂ ਸਮਾ ਚੁਕੇ ਸਨ, ਸਿਰਪਾਉ ਮੁਰਦੇ ਨੂੰ ਦਿੱਤਾ ਹੈ ? ਫਿਰ-ਸਿਰੋਪਾ ਤਾਂ ਵੱਡਾ ਛੋਟੇ ਨੂੰ ਦਿਆ ਕਰਦਾ ਹੈ। ਵਡੀ ਉਮਰ ਦੇ ਤਾਂ ਸ੍ਰੀ ਕਬੀਰ ਜੀ ਸਨ-ਕੀ ਉਹ ਸਿਰੋਪਾ ਨਹੀਂ ਦੇ ਸਕਦੇ ? ਫੇਰ–ਸਿਰੋਪਾ ਦੇਣ ਲਈ ਕੋਈ ਪਰਮਪਰਾ ਸੰਬੰਧ ਹੋਇਆ ਕਰਦਾ ਹੈ—ਸ੍ਰੀ ਕਬੀਰ ਜੀ ਅਤੇ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਪਰਮਪਰਾ ਸੰਬੰਧ ਕੀ ਸੀ ? ਜਿਸ ਨਾਲ ਸਿਰੋਪਾ ਦਿੱਤੇ ਗਏ ਹਨ। ਇਹ ਸਾਰੀਆਂ ਕਹਾਣੀਆਂ ਅਨਜਾਣਾ ਨੂੰ ਵਰਗਲੌਣ ਲਈ ਲੋਕਾਂ ਨੇ ਘੜੀਆਂ ਹੋਈਆਂ ਹਨ। ਬਲਕਿ ਸਾਰੇ ਭਗਤ ਗੁਰੂ ਅਰਜੁਨ ਦੇਵ ਜੀ ਨੂੰ ਮਰਨ ਤੋਂ ਬਾਦ ਸ਼ਰੀਰ ਧਾਰੀ ਹੋ ਕੇ ਮਿਲਣ ਆਏ ਦੀ ਕਥਾ ਵੀ ਇਹਨਾਂ ਨੇ ਘੜ ਕੇ ਸ੍ਰੀ ਕਬੀਰ ਜੀ ਆਦਿ ਮਹਾਂ ਪੁਰਸ਼ਾਂ ਦੀ ਬੇਅਦਬੀ ਕੀਤੀ ਹੋਈ ਹੈ। ਜਦੋਂ ਕਿ ਹੈ ਕਰਤਾਰਪੁਰ ਵਾਲੀ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਬੱਧੀ ਹੋਈ ਬੀੜ ਹੀ ਨਹੀਂ ਤਾਂ ਇਹ ਕਥਾ ਕਿਵੇਂ ਸੱਚੀਆਂ ਹਨ ? ਇਹਨਾਂ ਨੇ ਕਥਾਵਾਂ ਹੀ ਕੇਵਲ ਸ਼ਿੱਖਾਂ ਵਿੱਚ ਕਰਨੀਆਂ ਹੁੰਦੀਆਂ ਹਨ। ਉਹਨਾਂ ਵਿਚ ਜਿਵੇਂ ਮਰਜ਼ੀ ਹੋਵੇ ਊਲ ਜਲੂਲ ਕਹਿੰਦੇ ਰਹਿੰਦੇ ਹਨ। ਕੋਈ ਭਗਵਾਨ ਰਾਮਚੰਦ੍ਰ ਜੀ ਦੀ ਨਿੰਦਿਆ ਕਰਦਾ ਰਹਿੰਦਾ ਹੈ। ਕੋਈ ਅਵਤਾਰਾਂ ਦਾ ਖੰਡਨ ਕਰਦਾ ਰਹਿੰਦਾ ਹੈ। ਪ੍ਰੰਤੂ ਅਸਲੀਯਤ ਭੈਰਉ ਮ: ੫ ਦਾ ਤੀਜਾ ਸ਼ਬਦ ਦਸਦਾ ਹੈ ਕਿ ਭਗਤ ਬਾਣੀ ਸਾਰਿਆਂ ਰਾਗਾਂ ਵਿਚ ਪਹਿਲੇ ਲਿਖੀ ਹੋਈ ਸੀ, ਜਿਸ ਨੂੰ ਹਾਸ਼ੀਏ ਬਦਲ ਕੇ ਪਿੱਛੇ ਕੀਤਾ ਹੋਇਆ ਹੈ।

ਕਰਤਾਰਪੁਰ ਅਤੇ ਭਾਈ ਬੰਨੋ ਜੀ ਵਾਲੀ ਬੀੜ ਵਿਚ ਇਕ ਅਜੀਬ ਕ੍ਰਿਆ ਭਗਤ ਬਾਣੀ ਬਾਰੇ ਹੋਰ ਵੀ ਹੈ । ਪ੍ਰੈਸ ਦੀਆਂ ਬੀੜਾਂ ਵਿਚ ਭਗਤ ਬਾਣੀ ਦਾ ਤਤਕਰਾ ਵੀ ਮਹਲਿਆਂ ਦੀ ਬਾਣੀ ਵਾਂਗੂ ਹੀ ਹੈ, ਪਰ ਇਹਨਾਂ ਦੋਹਾਂ ਬੀੜਾਂ ਵਿਚ ਭਗਤਬਾਣੀ ਦਾ ਤਤਕਰਾ ਹੀ ਨਹੀਂ ਸਿਰਫ "ਪਤੀ ਭਗਤ ਬਾਣੀ" ਸ਼ਬਦ ਲਿਖਕੇ ਤਤਕਰੇ ਵਿਚ ਰਾਗਾਂ ਦੇ ਅੰਤ ਨੋਟ ਕੀਤਾ ਹੋਇਆ ਹੈ । ਇਸ ਕਰਮ ਨਾਲ ਹੀ ਭਗਤ ਬਾਣੀ 'ਚੋਂ ਸ਼ਬਦ ਕੱਢੇ ਯਾ ਪਾਏ ਜਾ ਸਕਦੇ ਸਨ । ਜੇ ਤਤਕਰਾ ਪੂਰਾ ਲਿਖਿਆ ਜਾਵੇ ਤਾਂ ਸ਼ਬਦ ਕੱਢਣੇ ਯਾ ਪੌਣੇ ਔਖੇ ਹੁੰਦੇ ਹਨ । ਏਸੇ ਵਾਸਤੇ ਦੋਹਾਂ ਬੀੜਾਂ ਵਿਚ ਭਗਤ ਬਾਣੀ ਦਾ ਤਤਕਰਾ ਨਹੀਂ ਲਿਖਿਆ ਹੋਇਆ ਦੇਖੋ ਬੀੜ ਕਰਤਾਰਪੁਰ ਅਤੇ ਬੜੌਤ (ਜ਼ਿਲਾ ਮੇਰਠ U. P.)

ਭਗਤ ਬਾਣੀ ਨਾਲ ਸੰਬੰਧਿਤ ਪ੍ਰਕਰਣ ਇਤਿਹਾਸ ਵਿਚ ਇਕ ਹੋਰ ਆਇਆ ਹੈ ਕਿ ਭਗਤ ਪੀਲੋ, ਛੱਜੂ, ਸ਼ਾਹ ਹੁਸੈਨ ਅਤੇ ਕਾਨ੍ਹਾ ਜੀ, ਲਾਹੌਰ ਆਦਿ ਸਥਾਨਾਂ ਚੋਂ ਇਕਤ੍ਰਿਤ ਹੋ ਕੇ ਸ਼੍ਰੀ ਗੁਰੂ ਅਰਜੁਨ ਦੇਵ ਜੀ ਪਾਸ ਆਏ ਅਤੇ ਉਹਨਾਂ ਆਪਣੀ ਬਾਣੀ ਪਾਵਨ ਸੈਂਚਯ ਵਿਚ ਦਰਜ ਕਰੇਣ ਲਈ ਕਿਹਾ । ਉਹਨਾਂ ਦੀਆਂ ਬਾਣੀਆਂ ਇਤਿਹਾ-ਸਿਕਾਂ ਨੇ ਇਹ ਲਿਖੀਆਂ ਹਨ । ਇਹ ਗੁਰਬਾਣੀ ਦੇ ਸਗ੍ਰਹ ਦੇ ਭਾਵਾਂ ਤੋਂ ਉਲਟ ਨਹੀਂ ਸਨ ।

ਭਗਤ ਪੀਲੂ ਆਦਿ ਦੀ ਰਚਨਾ	ਗੁਰਬਾਣੀ ਦੇ ਸੰਗ੍ਰਹਿ ਚੋਂ ਮੇਲ
ਸ਼੍ਰੀ ਪੀਲੋ ਜੀ ਅਸਾਂ ਨਾਲੋਂ ਸ ਭਲੇ, ਜਮਦਿਆਂ ਜੁ ਮੁਏ ॥ ਓਨ੍ਹਾਂ ਚਿਕੜ ਪਾਵ ਨ ਬੋੜਿਓ, ਨ ਆਲੂਦ ਭਏ ॥	ਜਿਹ ਕਲਿ ਪੂਤੁ ਨ ਗਿਆਨ-ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥੧॥ ਜਿਹ ਨਰ ਰਾਮ-ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥ ੧॥ਰਹਾਉ ॥ ਮੁਚੁ ਮੁਚੁ ਗਰਭ ਗਏ ਕੀ ਨ ਬਚਿਆ ॥ ਬੁਡਭੁਜ ਰੂਪ ਜੀਵੇ ਜਗ ਮਝਿਆ ॥੨॥ (ਗਉੜੀ ਕਬੀਰ ਜੀ ਸਫਾ ੩੨੮)

ਭਗਤ ਪੀਲੋ ਆਦਿ ਦੀ ਰਚਨਾ	ਗੁਰਬਾਣੀ ਦੇ ਸੰਗ੍ਰਹਿ ਚੋਂ ਮੇਲ

ਸ਼੍ਰੀ ਛੱਜੂ ਜੀ।
ਕਾਗਦ ਸੰਦੀ ਪੁਤਲੀ, ਤਊ ਨ ਤ੍ਰਿਯਾ
ਨਿਹਾਰ ॥
ਯੋਂਹੀ ਮਾਰ ਲਿਜਾਵਹੀ, ਜਥਾ ਬਿਲੋਚਨ
ਧਾਰ ॥

ਮਨਮੁਖਾ ਦੇ ਸਿਰਿ ਜੋਰਾ ਅਮਰੁ ਹੈ,
ਨਿਤ ਦੇਵਹਿ ਭਲਾ ॥
ਜੋਰਾ ਦਾ ਆਖਿਆ ਪੁਰਖ ਕਮਾਵਦੇ
ਸੇ ਅਪਵਿਤ ਅਮੇਧ ਖਲਾ ॥
ਕਾਮਿ ਵਿਆਪੇ ਕੁਸੁਧ ਨਰ,
ਸੇ ਜੋਰਾ ਪੁਛਿ ਚਲਾ ॥
ਸਤਿਗੁਰ ਕੈ ਆਖਿਐ ਜੋ ਚਲੈ
ਸੋ ਸਤਿਪੁਰਖੁ ਭਲ ਭਲਾ ॥ × × ×
(ਸਫਾ ੩੦੪ ਗਉੜੀ ਵਾਰ ਮ. ੪)
ਫਰੀਦਾ ਏ ਵਿਸੁ ਗੰਦਲਾ, ਧਰੀਆਂ ਖੰਡੁ
ਲਿਵਾੜਿ ॥
ਇਕਿ ਰਾਹੇਦੇ ਰਹਿ ਗਏ, ਇਕ ਰਾਧੀ ਗਏ
ਉਜਾੜਿ ॥੩੭॥
(ਸੰਫਾ ੧੩੭੯ ਸ਼ਲੋਕ ਸੇਖ ਫਰੀਦ ਜੀ)

ਸ਼ਾਹ ਹੁਸੈਨੋ ਬਾਚ
ਚੁੱਪ ਵੇ ਅੜਿਆ! ਚੁੱਪ ਵੇ ਅੜਿਆ!
ਬੋਲਣ ਦੀ ਨਹਿ ਜਾਇ, ਵੇ ਅੜਿਆ!
ਸੱਜਣਾ! ਬੋਲਣ ਦੀ ਜਾਇ ਨਾਹੀਂ,
ਅੰਦਰ ਹਿਕਾ ਸਾਈਂ,
ਕਿਸ ਨੂੰ ਆਖ ਸੁਣਾਈਂ?
ਇਕੋ ਦਿਲਬਰ ਸਭਿ ਘਟ ਰਵਿਆ

× × ਐਸੋ ਬੇਢੀ ਬਰਨਿ ਨ ਸਾਕਉ
ਸਭ ਅੰਤਰ ਸਭ ਠਾਈਂ ਹੋ ॥
ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ
ਪੂਛੇ ਕਹਨੁ ਨ ਜਾਈ ਹੋ ॥੩॥ × ×
(ਸਫਾ ੬੫੭ ਧਨਾਸਰੀ ਨਾਮਦੇਵ ਜੀ)
ਸਰਬਭੂਤ ਪਾਰਬ੍ਰਹਮੁ ਕਰਿ ਮਾਨਿਆ,

ਭਗਤ ਪੀਲੂ ਆਦਿ ਦੀ ਰਚਨਾ

ਦੂਜੀ ਨਹੀ ਕਦਾਈਂ ॥
ਕਹੇ ਹੁਸੈਨ ਫ਼ਕੀਰ ਨਿਮਾਣਾ,
ਸਤਿਗੁਰ ਥੋਂ ਬਲਿ ਬਲਿ ਜਾਈਂ ॥ ॥

ਸ੍ਰੀ ਕਾਨ੍ਹ ਵਾਚ ॥
ਓਹੀ ਰੇ ! ਮੈਂ ਓਹੀ ਰੇ !
ਜਾ ਕਉ ਬੇਦ ਪੁਰਾਨ ਸਭਿ ਗਾਵੈਂ
ਖੋਜਤ ਖੋਜ ਨ ਕੋਈ ਰੇ !
ਜਾ ਕੋ ਨਾਰਦ ਸਾਰਦ ਸੇਵੈਂ,
ਸੇਵੈਂ ਦੇਵੀ ਦੇਵਾ ਰੇ !
ਬ੍ਰਹਮਾਂ ਬਿਸਨੁ ਮਹੇਸ਼ ਅਰਾਧਹਿੰ,
ਸਭਿ ਕਰਦੇ ਜਾ ਕੀ ਸੇਵਾ ਰੇ !
ਕਹਿ ਕਾਨ੍ਹਾ ਅਸ ਮਮ ਸੂਰਪ ਹੈ,
ਅਪਰੰਪਰ ਅਲਖ ਅਭੇਵਾਰੇ ! ॥੧॥

ਗੁਰਬਾਣੀ ਦੇ ਸੰਗ੍ਰਿਹ ਚੋਂ ਮੇਲ

ਹੋਵਾਂ ਸਗਲ ਰੇਨਾਰੀ ॥ ੨ ॥
ਪੇਖਿਓ ਪ੍ਰਭ ਜੀਉ ਅਪੁਨੈ ਸੰਗੇ,
ਚੂਕੈ ਭੀਤਿ ਭ੍ਰਮਾਰੀ ॥੩॥
ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ
ਪਾਈਐ ਗੁਰੂਦੁਆਰੀ ॥੪॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ,
ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥
੧੭॥੨੮॥
ਸਫਾ ੬੧੯ ਸੋਰਠਿ ਮ: ੫)

ਤੋਹੀ ਮੋਹੀ ਮੋਹੀ ਤੋਹੀ, ਅੰਤਰ ਕੈਸਾ ?
ਕਨਕ-ਕਟਿਕ, ਜਲ-ਤਰੰਗ ਜੈਸਾ ॥੧॥
(ਸਫਾ ੯੩ ਸ੍ਰੀ ਰਾਗੁ ਰਵਿਦਾਸ ਜੀ)
ਬ੍ਰਹਮਾਦਿਕ ਸਨਕਾਦਿਕ=ਸਨਕ ਸਨੰਦਨ
ਸਨਾਤਨ ਸਨਤਕੁਮਾਰ
ਤਿਨ੍ ਕਉ ਮਹਲੁ ਦੁਲਭਾਵਉ ॥੨॥ ×
(ਸਫ਼ਾ ੪੦੧ ਆਸਾ ਮ. ੫)
ਕਬੀਰ ਜਾ ਕਉ ਖੋਜਤੇ, ਪਾਇਓ ਸੋਈ
ਠਉਰੁ ॥
ਸੋਈ ਫਿਰਿ ਕੈ ਤੂ ਭਇਆ, ਜਾ ਕਉ
ਕਹਤਾ ਅਉਰੁ ॥੮੭॥
(ਸਫਾ ੧੩੬੯ ਸਲੋਕ ਕਬੀਰ ਜੀ)
ਕਬੀਰ ਮਨ ਨਿਰਮਲ ਭਇਆ, ਜੈਸਾ
ਗੰਗਾ ਨੀਰੁ ॥

ਭਗਤ ਪੀਲੂ ਆਦਿ ਦੀ ਰਚਨਾ	ਗੁਰਬਾਣੀ ਦੇ ਸੰਗ੍ਰਿਹ ਚੋਂ ਮੇਲ
	ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ।।੫੫।। (ਸਫਾ ੧੩੬੭ ਸਲੋਕ ਕਬੀਰ ਜੀ)

ਇਹਨਾਂ ਸਾਰਿਆਂ ਮਹਾਂ ਪੁਰਸ਼ਾਂ ਦੀ ਬਾਣੀ ਅਤੇ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਬਾਣੀ ਦੇ ਇੱਕ ਸਮਾਨ ਆਸ਼ਯ ਹਨ । ਪਰ ਇਹਨਾਂ ਨੂੰ ਸ਼੍ਰੀ ਗੁਰੂ ਜੀ ਨੇ ਪਰਵਾਣ ਨਹੀਂ ਕੀਤਾ, ਇਹ ਇਤਿਹਾਸ ਦਾ ਕਥਨ ਹੈ । ਕੋਈ ਵਡੀ ਦਲੀਲ ਵੀ ਨਹੀਂ ਦਿੱਤੀ ਹੋਈ । ਬਲਕਿ ਥੋਥੀ ਜਹੀ ਕ੍ਰਿਯਾ ਨਾਲ ਹਟਾਏ ਹਨ :—

ਇਮ ਆਸ਼ੇ ਜਬਿ ਅਪਨ ਜਨਾਯਹੁ, ਸ਼੍ਰੀ ਅਰਜੁਨ ਸੁਨਿ ਦੀਨਿ ਹਟਾਇ।।
ਹਮਰੇ ਇਹ ਪਰਮਾਣ ਨ ਹੁਇ ਹੈ, ਪਠਹਿਂ ਸਿਖ ਅਹੰਕਾਰ ਬਢਾਇ ।।
ਹੈ ਤੌ ਸਹੀ, ਤਊ ਨਰ ਕਲਿ ਕੇ, ਬਿਗਰਹਿਂ ਲਗਹਿਂ ਬਿਕਾਰਨ ਧਾਇ।।
ਗਤਿ ਕਿਤ ਰਹੀ, ਨਰਕ ਹੁਇ ਪ੍ਰਾਪਤਿ, ਯਾਂ ਤੇ ਹਮ ਨਹਿ ਇਸੈ ਚਢਾਇ ।।੨੭।।

(ਗੁ. ਪ੍ਰ. ਸੂ. ਰ. ੩ ਅੰ. ੪੯

ਭਾਈ ਸੰਤੋਖ ਸਿੰਘ ਜੀ ਨੇ 'ਹੈ ਤੌ ਸਹੀ' ਲਿਖ ਕੇ ਆਪਣੀ ਯੁਕਤੀ ਦੀ ਕਮਜ਼ੋਰੀ ਮੰਨ ਲਈ ਹੈ । ਕੀ ਹੁਣ ਬਾਣੀ ਪੜ੍ਹਣ ਵਾਲੇ ਅਹੰਕਾਰੀ ਨਹੀਂ ਹੋ ਰਹੇ ? ਕੀ ਸਭਿ ਨੇ ਵਿਕਾਰ (ਪਰ ਇਸਤ੍ਰੀ, ਮਾਸ, ਸ਼ਰਾਬ, ਚੋਰੀ,ਜਾਰੀ, ਜੂਆ) ਛੱਡ ਦਿੱਤੇ ਹਨ ? ਕੀ ਸਾਰੇ ਮੁਕਤ ਹੋ ਗਏ ਹਨ ? ਇਹ ਅਣਹੋਣੀਆਂ ਗੱਲਾਂ ਸਤਿਗੁਰਾਂ ਦੇ ਮੁਖੋਂ ਕਢਵੋਣੀਆਂ ਇਤਿਹਾਸਕਾਂ ਨੂੰ ਜਾਇਜ਼ ਨਹੀਂ ਸਨ । ਇਹ ਗ਼ਲਤ ਦਲੀਲਾਂ ਹਨ ਕਿ ਸ਼੍ਰੀ ਗੁਰੂ ਜੀ ਅਤੇ ਇਹਨਾਂ ਸੰਤਾਂ ਦਾ ਆਸ਼ਯ ਨਹੀਂ ਮਿਲਿਆ, ਇਸ ਪ੍ਰਸੰਗ ਦੀ ਵਾਸਤ੍ਵਿਕਤਾ ਇਹ ਹੈ ਕਿ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸੇ ਜੀਊਂਦੇ ਮਹਾਂਪੁਰਸ਼ ਦੀ ਰਚਨਾ ਦਰਜ ਨਹੀਂ ਕੀਤੀ ਜਾਂਦੀ ਸੀ । ਕਿਉਂਕਿ

ਜਿੰਨਾ ਚਿਰ ਤੱਕ ਕਿਸੇ ਮਹਾਤਮਾਂ ਯਾਂ ਹੋਰ ਪੁਰਸ਼ ਦਾ ਸ਼ਰੀਰ ਮੌਜੂਦ ਹੈ, ਓਨਾ ਚਿਰ ਤੱਕ ਗੁਣ ਅਤੇ ਅਵਗੁਣ ਦੋਵੇਂ ਰਹਿੰਦੇ ਹਨ। ਜੇ ਕਿਸੇ ਪ੍ਰਚਾਰਕ ਦੇ ਕਿਸੇ ਪ੍ਰਚਾਰ ਵਾਲੀ ਥਾਂ ਤੇ ਅਵਗੁਣ ਪ੍ਰਗਟ ਹੋ ਜਾਣ ਤਾਂ ਉਸਦੇ ਪ੍ਰਚਾਰ ਦਾ ਬਿਲਕੁਲ ਅਸਰ ਨਹੀਂ ਰਹਿੰਦਾ। ਆਮ ਲੋਕਾਂ ਨੂੰ ਪਤਾ ਹੈ ਕਿ ਸ਼ਰਾਬੀ ਪ੍ਰਚਾਰਕ ਥਾਂ ਪਰਥਾਂ ਫਿਰ ਕੇ ਆਪਣੀਆਂ ਕੌਮਾ ਅਤੇ ਮਜ਼ਹਬਾਂ ਦੀਆਂ ਕਿਸਤਰਾਂ ਬੇਅਦਬੀਆਂ ਕਰਵੌਂਦੇ ਹਨ। ਜਿਹੜੇ ਪੈਸਿਆਂ ਵਾਲੇ ਪ੍ਰਚਾਰਕ ਹਨ, ਉਹਨਾਂ ਵਿਕਾਰਾਂ ਨੂੰ ਲੁਕੋਣ ਵਾਸਤੇ ਪਖੰਡ ਕੀਤਾ ਹੋਇਆ ਹੈ ਕਿ ਟਾਇਮ ਤੋਂ ਬਿਨਾ ਮਿਲਣਾਂ ਹੀ ਨਹੀਂ। ਉਹਨਾਂ ਦੀਆਂ ਕੋਠੀਆਂ ਵਿਚ ਖੂਬ ਐਸ਼ ਇਸ਼ਰਤ ਦੇ ਸਾਜ਼-ਸਮਾਨ ਉਹਨਾਂ ਦੇ ਨਿਕਟ ਵਰਤੀ ਇਕਤ੍ਰਿਤ ਕਰਦੇ ਹਨ। ਸੁੰਦਰ ਤੋਂ ਸੁੰਦਰ ਲੜਕੀਆਂ ਉਨ੍ਹਾਂ ਦੇ ਭੋਗਣ ਲਈ ਤਿਆਰ ਰਖਦੇ ਹਨ। ਮੈਂ ਬਹੁਤ ਸਾਰੇ ਇਹੋਜਹੇ ਵੇਖੇ ਹਨ ਪ੍ਰੰਤੂ ਉਹਨਾਂ ਨੇ ਆਪਣੇ ਨਾਮਾਂ ਨਾਲ 'ਸੰਤ' ਸ਼ਬਦ ਜੋੜ ਰਖਿਆ ਹੋਇਆ ਹੈ। ਸਿਰਫ 'ਸੰਤਾਂ ਦੀ ਸਮੂਚਜ ਬੇਅਦਬੀ ਨਾ ਹੋਵੇ' ਖ਼ਯਾਲ ਕਰ ਕੇ ਨਾਮ ਨਹੀਂ ਲਿਖੇ। ਜੇ ਜ਼ਰੂਰਤ ਪਈ ਤੇ ਲਿਖਣੋ ਸੰਕੋਚ ਨਹੀਂ ਕੀਤਾ ਜਾਵੇਗਾ। ਵੇਦਾਂਤੀਆਂ ਨੇ ਮਨੁਸ਼ ਦੇ ਜਿਸਮ ਨੂੰ ਪੁਨਜ-ਪਾਪ ਦਾ ਜੁਜ਼ ਮੰਨਿਆ ਹੋਇਆ ਹੈ। ਇਹ ਠੀਕ ਹੈ ਕਿ ਕੋਈ ਦੇਹਧਾਰੀ ਪੁੰਨੀ ਨਹੀਂ, ਕੋਈ ਦੇਹਧਾਰੀ ਕੇਵਲ ਪਾਪੀ ਨਹੀਂ। ਸਿਆਸਤਦਾਨਾਂ ਨੂੰ ਵੇਖੋ, ਕਿ ਉਹ ਇਲੈਕਸ਼ਨ ਵੇਲੇ ਵਿਰੋਧੀਆਂ ਦੇ ਔਗੁਣ ਕਿਵੇਂ ਉਛਾਲਦੇ ਹਨ ? ਜਿਹੜੇ ਔਗੁਣ ਦੂਜਿਆਂ ਤੇ ਥੋਪਦੇ ਹਨ, ਉਹੋ ਅਵਗੁਣ ਉਨ੍ਹਾਂ ਦੇ ਆਪਣੇ ਵਿਚ ਹੁੰਦੇ ਹਨ ਪ੍ਰੰਤੂ ਪਤਾ ਓਦੋਂ ਲਗਦਾ ਹੈ ਜਦੋਂ ਉਨ੍ਹਾ ਨੂੰ ਨੇੜੇ ਹੋ ਕੇ ਵੇਖਿਆ ਜਾਵੇ। ਜਿਹੜੇ ਵੱਡੇ ਤਯਾਗੀ ਕਹੌਂਦੇ ਹਨ-ਉਹੀ ਮਹਾਂਲੋਭੀ ਹੁੰਦੇ ਹਨ। ਜਿਹੜੇ ਯਤੀ ਕਹੌਂਦੇ ਹਨ-ਉਹੀ ਮਹਾ ਕਾਮੀ ਹੁੰਦੇ ਹਨ। ਇਸ ਪ੍ਰਕਰਣ ਨੂੰ ਸੰਕੋਚ ਕੇ ਦਸਿ ਦਿੱਤਾ ਗਿਆ ਹੈ। ਸ਼ਰੀਰਧਾਰੀ ਵਿਚ ਗੁਣ ਔਗੁਣ (ਪਾਪ ਪੁਨਜ) ਦਾ ਮਜਮੂਆ ਹੈ ਅਤੇ ਬਾਣੀ ਵਿਚ ਕੇਵਲ ਗੁਣ ਹੀ ਗੁਣ ਹਨ।

ਸ੍ਰੀ ਗੁਰੂ ਅਰਜੁਨ ਦੇਵ ਜੀ ਦੀਆਂ ਰਹੀਆਂ ਹੋਈਆਂ ਤੁਕਾਂ ਅਤੇ ਮੱਥੇ ਟੇਕਣ ਵਿਚੋਂ ਸਾਬਤ ਹੁੰਦਾ ਹੈ ਕਿ ਉਸ ਸੰਚਯ ਵਿਚ ਉਹਨਾਂ ਦੀ ਆਪਣੀ ਰਚੀ ਹੋਈ ਬਾਣੀ ਨਹੀਂ ਸੀ, ਕਿਉਂਕਿ ਆਪ ਅਜੇ ਦੇਹਧਾਰੀ ਸਨ। ਏਸੋ ਅਸੂਲ ਅਨੁਸਾਰ ਪੀਲੋ, ਛੱਜੂ, ਸ਼ਾਹ ਹੁਸੈਨ ਅਤੇ ਕਾਨ੍ਹੋ ਜੀ ਦੀ ਬਾਣੀ ਪਾਵਨ ਸੰਚਯ ਵਿਚ ਨਹੀਂ ਲਿਖੀ। ਬਾਣੀ ਵਿਚ ਕੇਵਲ ਗੁਣ ਹੁੰਦੇ ਹਨ। ਗੁਣਾਂ ਨੂੰ ਸਹੀ ਰੱਖਣ ਲਈ ਅਨਾਤਮ (ਸ਼ਰੀਰ) ਤੋਂ ਅਲੱਗ ਰੱਖਣਾ ਬਹੁਤ ਜ਼ਰੂਰੀ ਸੀ। ਇਹ ਕੋਈ ਵਜ਼ਨਦਾਰ

ਦਲੀਲ ਨਹੀਂ ਕਿ ਭਗਤ ਦੇਹਾਂ ਧਾਰ ਕੇ ਗੁਰੂ ਜੀ ਪਾਸ ਆਏ ਸਨ । ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਭਗਤ ਬਾਣੀ ਦੇ ਟੀਕੇ ਵਿਚ ਇਸ ਦਾ ਖੰਡਨ ਕੀਤਾ ਹੋਇਆ ਹੈ । ਬਲਕਿ ਮਲੂਮ ਪੈਂਦਾ ਹੈ ਕਿ ਸਾਰੀ ਦੀ ਸਾਰੀ ਭਗਤ ਬਾਣੀ ਗੁਰੂ ਬਾਣੀ ਤੇ ਭੱਟ ਬਾਣੀ ਬਹੁਤ ਸਾਰਿਆਂ ਗ੍ਰੰਥਾਂ ਚੋਂ ਇਕਤ੍ਰਿਤ ਕੀਤੀ ਹੋਈ ਹੈ । ਸਮਯ ਦੀ ਹੇਰਾ ਫ਼ੇਰੀ ਕਾਰਣ ਕੁਝ ਗ੍ਰੰਥ ਸਾਨੂੰ ਹੁਣ ਮਿਲਦੇ ਹਨ ਤੇ ਕੁਝ ਨਹੀਂ ਮਿਲਦੇ । ਜਿੰਨਾ ਗ੍ਰੰਥਾਂ ਦਾ ਸਾਰ ਸਾਰਗ੍ਰਾਹੀ ਪੁਰਸ਼ ਲੈ ਲੈਂਦਾ ਹੈ, ਉਹਨਾਂ ਦੇ ਬਾਕੀ ਹਿਸੇ ਨੂੰ ਅਸਾਰ ਸਮਝ ਕੇ ਕੋਈ ਪਰਵਾਹ ਨਹੀਂ ਕਰਦਾ, ਇਸ ਨਕਦਰੀ ਦੀ ਵਜਹ ਨਾਲ ਉਹ ਅਸਲ ਗ੍ਰੰਥ ਨਾਸ਼ ਹੋ ਜਾਂਦੇ ਹਨ । ਏਸੇ ਕਾਰਣ ਤੋਂ ਗੁਰਬਾਣੀ ਦੀ ਪ੍ਰਿਸ਼ਟ ਭੂਮੀ ਦੇ ਗ੍ਰੰਥ ਬਹੁਤ ਥੋੜੇ ਜਹੇ ਮਿਲਦੇ ਹਨ ।

ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹਨਾਂ ਚਹੁੰਆਂ ਭਗਤਾਂ ਦੀ ਰਚਨਾਂ ਨਾ ਦਾਖਲ ਕਰਨ ਦਾ ਹੋਰ ਵਡਾ ਕਾਰਣ, ਗੁਣੀ ਦੇ ਗੁਣਾਂ ਦਾ ਸੰਗ੍ਰਹਿ ਹੈ । ਜਿੰਨਾਂ ਹਸਤੀਆਂ ਦੀ ਬਾਣੀ ਏਸ ਪਾਵਨ ਸੰਚਯ ਵਿਚ ਆਈ ਹੈ । ਓਨ੍ਹਾਂ ਵਿਚ ਪਿੰਗਲ ਸੰਗੀਤ ਅਤੇ ਦਾਰਸ਼ਨਿਕ ਗੁਣਾਂ ਦਾ ਮਜਮੂਆ ਸੀ । ਛੂਜ ਆਦਿ ਦੀ ਰਚਨਾਂ ਵਿਚ ਇਹ ਗੁਣ ਨਹੀਂ ਦਿਸਦੇ । ਮੈਂ ਏਥੇ ਸਾਰਿਆਂ ਪਹਿਲੂਆ ਤੇ ਵਿਚਾਰ ਨਹੀਂ ਲਿਖ ਸਕਦਾ । ਜੇ ਵਿਦ੍ਵਾਨ ਸਾਰੇ ਮੇਲ ਕਰਕੇ ਵੇਖਣ ਤਾਂ ਸਾਰਿਆਂ ਵਿਚ ਕਮੀਆਂ ਦਿਸ ਰਹੀਆਂ ਹਨ । ਜਿਸ ਲਈ ਇਹ ਰਚਨਾਂ ਮਜਮੂਏ ਦੇ ਯੋਗਯ ਹੀ ਨਹੀਂ ਭਾਸਦੀ ਹੋਰ ਗੰਭੀਰ, ਵਿਚਾਰ ਬੀੜ ਭਾਈ ਮਨੀ ਸਿੰਘ ਜੀ ਵਿਚ ਲਿਖਣੀ ਹੈ । ਸੋ ਓਥੋਂ ਪੜਨੀ ।

ਭੱਟ ਬਾਣੀ ਤਾਂ ਇਤਿਹਾਸਿਕ ਗ੍ਰੰਥਾਂ' ਚੋਂ ਆਈ ਹੋਈ ਸਾਫ ਪ੍ਰਤੀਤ ਹੋ ਰਹੀ ਹੈ । ਲਿਖਾਰੀਆਂ ਨੇ ਨਕਲ ਦਰ ਨਕਲਾਂ ਕਰਦਿਆਂ ਕਈ ਛੰਦ ਅਧੂਰੇ ਲਿਖੇ ਹੋਏ ਹਨ । ਜੋ ਕਿ ਭੁੱਲ ਨਾਲ ਤੁਕਾਂ ਦੇ ਛੁਟ ਜਾਣ ਤੋਂ ਟੁੱਟੇ ਹੋਏ ਹਨ । ਮਾਤ੍ਰਾ ਦਾ ਬਹੁਤ ਫਰਕ ਪੈ ਗਿਆ ਹੈ। ਭਾਈ ਮਨੀ ਸਿੰਘ ਜੀ ਨੇ ਇਹਨਾਂ ਦਿਆਂ ਨਾਮਾਂ ਨਾਲ 'ਕਵੀਸ਼ਰ' ਸ਼ਬਦ ਆਪਣੀ ਬੀੜ ਵਿਚ ਲਿਖਿਆ ਹੋਇਆ ਹੈ ਅਤੇ ਗਿਣਤੀ ਵਿਚ ੧੨ ਮੰਨੇ ਹਨ । ਭਾਈ ਸੰਤੋਖ ਸਿੰਘ ਜੀ, ਸੰਪ੍ਰਦਾਯਕ ਅਤੇ ਗੁਰਵਿਲਾਸ ਪਾ: ੬ ਦਾ ਕਰਤਾ ੧੭ ਮੰਨਦੇ ਹਨ । ਪ੍ਰਿੰਸੀਪਲ ਸਾਹਿਬ ਸਿੰਘ ਜੀ ੧੧ ਮੰਨਦੇ ਹਨ । ਮੈਂ ਇਹ ਨਿਰਣਯ ਤਾਂ ਅੱਗੇ ਭਟ ਬਾਣੀ ਦੇ ਆਰੰਭ ਵਿਚ ਹੀ ਲਿਖਾਂਗਾ । ਪ੍ਰੰਤੂ ਇਹ ਦ੍ਰਿੜ ਨਿਸ਼ਚਯ ਹੈ ਕਿ ਇਹ ਰਚਨਾ ਪਾਵਨ ਸੰਚਯ ਵਿਚ ਬਹੁਤ ਚਿਰ ਪਿਛੋਂ ਦਾਖਲ

ਹੋਈ ਹੈ। ਜੇ ਉਸੇ ਵੇਲੇ ਲਿਖੀ ਜਾਂਦੀ ਤਾ ਛੰਦਾਂ ਅਤੇ ਮਾਤ੍ਰਾ ਵਿਚ ਫਰਕ ਨਾ ਪੈਂਦਾ ਛੰਦਾਂ ਦੀਆਂ ਮਾਤ੍ਰਾ ਵਿਚ ਕਾਫੀ ਫਰਕ ਹੈ ਯਥਾ :—

ੴ ਸਤਿਗੁਰ ਪ੍ਰਸਾਦਿ ॥ ਸਵਈਏ ਮਹਲੇ ਤੀਜੇ ਕੇ ੩ ॥
ਸੋਈ ਪੁਰਖ ਸਿਵਰਿ ਸਾਚਾ, ਜਾ ਕਾ ਇਕੁ ਨਾਮੁ ਅਛਲੁ ਸੰਸਾਰੇ ॥
ਜਿਨਿ ਭਗਤ ਭਵਜਲ ਤਾਰੇ, ਸਿਮਰਹੁ ਸੋਈ ਨਾਮੁ ਪਰਧਾਨੁ ॥
ਤਿਤੁ ਨਾਮਿ ਰਸਿਕੁ ਨਾਨਕੁ, ਲਹਣਾ ਥਪਿਓ ਜੇਨ ਸ੍ਰਬ ਸਿਧੀ ॥
ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸਤਰੀਯਾ ।
ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ,ਸਾਖ ਤਰੋਵਰ ਮਵਲਸਰਾ ॥
ਉਤਰਿ ਦਖਿਣਹਿ ਪੁਬਿ ਅਰੁ ਪਸਚਮਿ, ਜੈ ਜੈਕਾਰੁ ਜਪੰਥਿ ਨਰਾ ॥
ਹਰਿ ਨਾਮ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸਚਟਿ ਧਰੀਆ ॥
ਸੋਈ ਨਾਮੁ ਅਛਲੁ ਭਗਤਹ ਭਵਤਾਰਣੁ ਅਮਰਦਾਸ ਗੁਰ ਕਉ ਫੁਰਿਆ॥੧॥

ਇਹ ਦੁਹੁੰ ਛੰਦਾਂ ਤੋਂ ਇਕ ਬਣਾ ਕੇ ਬੀੜ ਵਿਚ ਗਿਣਿਆ ਹੋਇਆ ਹੈ। ਉਪਰਲੇ ਛੰਦ ਦੇ "ਜੇਨ ਸ੍ਰਬ ਸਿਧੀ" ਪਾਠ ਤੋਂ ਪਤਾ ਲਗਦਾ ਹੈ ਕਿ ਇਹ ਕੋਈ ਸੰਸਕ੍ਰਿਤ-ਸ਼ਲੋਕ ਹੈ। ਪ੍ਰੰਤੂ ਹੁਣ ਮੌਜੂਦਾਤ ਵਿਚ ਜੋ ਰੂਪ ਹੈ-ਇਸ ਤੋਂ ਕਠਿਨਤਾ ਹੀ ਪੈਦਾ ਹੋਵੇਗੀ। ਕਿਉਂ ਕਿ ਇਕ ਤਾਂ ਲੋਕਾਂ ਦੀਆਂ ਸ਼ੰਕਾਂ ਤੋਂ ਡਰ ਹੈ। ਦੂਜਾ ਵਿਗੜੀ ਹੋਈ ਪਿੰਗਲ ਕ੍ਰਿਯਾ ਤੋਂ ਡਰ ਹੈ। ਜੇ ਪਰਮੇਸ਼੍ਵਰ ਸਹਾਯਤਾ ਕਰੇ ਤਾਂ ਹੀ ਪਾਰ ਲਗ ਸਕਾਂਗਾ।

ਮੈਂ ਇਹ ਵਿਚਾਰਾਂ ਅੱਗੇ ਲਿਖਣੀਆਂ ਹਨ। ਇਸ ਵਾਸਤੇ ਇਨ੍ਹਾਂ ਦਾ ਮੂਲ ਪਹਿਲੀ ਬੀੜ ਵਿਚ ਹੀ ਵਰਣਨ ਕਰ ਦਿੱਤਾ ਹੈ। ਇਹ ਵਿਚਾਰ ਦ੍ਰਿੜ ਹੈ, ਕਿ ਕਰਤਾਰਪੁਰ ਵਾਲੀ ਬੀੜ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸਮਯ ਅਥਵਾ ਭਾਈ ਗੁਰਦਾਸ ਜੀ ਦੀ ਲਿਖਤ ਨਹੀਂ। ਹਾਂ ! ਗੁਰਬਾਣੀ ਦਾ ਸੰਚਯ ਹੋਣ ਤੋਂ ਪੂਰਣ ਅਦਬ ਦੇ ਯੋਗ ਹੈ।

ਗ੍ਰੰਥਾਂ ਦਿਆਂ, ਲਿਖਾਰੀਆਂ ਨੂੰ ਪਤਾ ਹੈ, ਕਿ ਤਤਕਰੇ ਦੇ ਅੰਗ ਮੂਲ ਪਾਠ ਦੇ ਅੰਗਾਂ ਤੋਂ ਅਡਰੇ ਹੁੰਦੇ ਹਨ। ਪਰ ਕਰਤਾਰਪੁਰ ਤੇ ਬਜੌੜ ਵਾਲੀ ਬੀੜ ਦੇ ਅੰਗ ਤਤਕਰੇ ਤੋਂ ਸ਼ੁਰੂ ਹੋ ਕੇ ਸਾਰੀ ਬੀੜ ਵਿਚ ਇਕਸਾਰ ਚਲਦੇ ਹਨ। ਤਤਕਰੇ ਵਿਚ ਸਬਦਾਂ ਨੂੰ ਦੱਸਣ ਵਾਲੇ ਅੰਗ ਤਾਂ ਆਦਿ ਲਿਖਾਰੀਆਂ ਦੇ ਹੀ ਲਿਖੇ ਹੋਏ

ਹਨ। ਇਸ ਹਿਸਾਬ ਨਾਲ ਕਰਤਾਰਪੁਰ ਦੀ ਬੀੜ ਦੇ ੪੦ ਪਤ੍ਰੇ ਅੱਗੋ ਤੋਂ ਪਿੱਛੇ ਕੀਤੇ ਹੋਏ ਹਨ ਅਤੇ ਬੜੌਤ ਵਾਲੀ ਬੀੜ ਅਨੁਸਾਰ ੩੪ ਪਤ੍ਰੇ ਅੱਗੋਂ ਕਢੇ ਹੋਏ ਹਨ। ਜਿੰਨਾਂ ਚਿਰ ਇਹ ਪਤ੍ਰੇ ਪਿੱਛੇ ਨਾਂ ਕੀਤੇ ਹੋਣ, ਅੰਗ ਠੀਕ ਨਹੀਂ ਢੁਕ ਸਕਦੇ। ਮੇਰੀ ਵਿਚਾਰ ਹੈ ਕਿ ਇਹ ਭਗਤ ਬਾਣੀ ਹੀ ਸੀ—ਜਿਸ ਨੂੰ ਆਦਿ ਵਿਚੋਂ ਕਢ ਕੇ, ਰਾਗਾਂ ਦੇ ਅੰਤਾਂ ਵਿਚ ਪਾਇਆ ਗਿਆ ਹੈ।

ਬੀੜ ਵਿਚ ਸਿਰਲੇਖਾਂ ਦੇ ਬਰੋਬਰ ਅਥਵਾ ਹੇਠਾਂ ਕੁਝ ਅੰਗ ਵੀ ਸ਼ਬਦ ਗਿਣਤੀ ਦੇ ਹਨ। ਉਹਨਾਂ ਸਾਰਿਆਂ ਨੂੰ ਏਥੇ ਦੱਸਣਾ ਅਤਿਜ਼ਰੂਰੀ ਹੈ। ਇਹਨਾਂ ਸਾਰਿਆਂ ਦੇ ਹਿਸਾਬ ਤੋਂ ੬੧ ਸ਼ਬਦ ਕੱਢੇ ਹੋਏ ਮਾਲੂਮ ਪੈਂਦੇ ਹਨ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਣਤੀ ਅੰਗ

ਇਸ ਪਵਿਤ੍ਰ ਬੀੜ ਦਾ ਜਦੋਂ ਤੋਂ ਲਿਖਾਰੀਆਂ ਨੇ ਲਿਖਣ ਦਾ ਕਾਰਯ ਪ੍ਰਾਰੰਭ ਕੀਤਾ ਹੈ। ਓਦੋਂ ਤੋਂ ਹੀ ਇਸ ਦੀ ਗਿਣਤੀ ਵਲ ਖਾਸ ਧ੍ਯਾਨ ਰਖਿਆ ਹੈ। ਪ੍ਰੈਸ ਵਿਚ ਅਸਲ ਰੂਪਾਂ ਨੂੰ ਤੋੜ ਫੋੜ ਕੇ ਛਾਪ ਦਿੱਤਾ ਗਿਆ ਹੋਇਆ ਹੈ। ਜੇ ਕੋਈ ਆਦਮੀ ਲਿਖਤ ਬੀੜਾਂ ਦਾ ਸਬੂਤ ਦੇਂਦਾ ਹੈ ਤਾਂ ਮਤਲਬੀ ਤੇ ਬਾਜ਼ਾਰੀ ਲੋਭੀ ਪਰਖ ਉਸਦੇ ਵਿਰੋਧੀ ਬਣ ਜਾਂਦੇ ਹਨ। ਗੁਣ ਗ੍ਰਹਿਣ ਦੀ ਥਾਂ ਅਵਗੁਣੀਆਂ ਨੂੰ ਏਨਾਂ ਉਕਸਾਇਆ ਜਾਂਦਾ ਹੈ ਕਿ ਰੀਸਰਚ ਸਕਾਲਰ ਯਾ ਤਾਂ ਖੋਜ ਦਾ ਰਾਹ ਹੀ ਛੱਡ ਦੇਵੇ ਯਾ ਉਹਨਾਂ ਦੇ ਅਨੁਸਾਰ ਹੋ ਜਾਵੇ। ਜਿਵੇਂ ਕਿ ਪਿਛਲੇ ਮੰਗਲ ਚਰਨਾਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਜੀ ਅਤੇ ਪੰਡਿਤ ਨਿਸਚਲ ਸਿੰਘ ਜੀ ਜਗਾਧਰੀ ਵਾਲੇ ਅਤੇ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਵਲੋਂ ਹੋਈ ਕਾਰਵਾਈ ਪ੍ਰਤਯਖ ਹੈ।

ਸਾਰਿਆਂ ਤੋਂ ਪਹਿਲੀ ਸਟੇਜ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਲਿਆਂ ਅਤੇ ਘਰਾਂ ਤੋਂ ਬਿਨਾਂ ਆਏ ਅੰਗ ਸਨ। ਇਹ ਅੰਗ ਕਿਸੇ ਥਾਂ ਸਿਰਲੇਖਾਂ ਦੇ ਨਾਲ ਬਰੋਬਰ ਲਿਖੇ ਹੋਏ ਹਨ ਅਤੇ ਕਿਸੇ ਥਾਂ ਸਿਰਲੇਖਾਂ ਦੇ ਹੇਠਾਂ ਹਨ। ਸ਼ਬਦਾਰਥ ਵਿਚ ਇਹਨਾਂ ਨੂੰ 'ਘਰਾਂ ਦੇ ਅੰਗ' ਸੰਪ੍ਰਦਾਈਆਂ ਦੇ ਖ਼ਯਾਲਾਂ ਵਾਂਗੂ ਹੀ ਸ੍ਵੀਕਾਰ ਕੀਤਾ ਹੋਇਆ ਹੈ। ਅਸਲ ਵਿਚ, ਇਹ ਘਰਾਂ ਦੇ ਅੰਗ ਨਹੀਂ ਹਨ। ਕਿਉਂਕਿ ਘਰਾਂ ਨੂੰ 'ਘਰੁ' ਸ਼ਬਦ ਨਾਲ ਹੀ ਸਾਰੀ ਬੀੜ ਵਿਚ ਲਿਖਿਆ ਹੋਇਆ ਹੈ। 'ਘਰੁ' ਤੋਂ ਬਿਨਾਂ ਕਿਤੇ ਭੀ ਘਰ ਦੇ ਅੰਗ ਨਹੀਂ ਲਿਖੇ, ਇਹ ਅੰਗ ਹਿਸਾਬ ਪੂਰਣ-

ਧਜਾਨ ਨਾਲ ਸਾਰੀ ਬੀੜ ਵਿਚ ਹੀ ਲਿਖਾਰੀਆਂ ਨੇ ਨਿਬਾਹਿਆ ਹੋਇਆ ਹੈ। ਇਸ ਦੀ ਸ਼ੁਰੂਆਤ ਤਤਕਰੇ ਵਿਚ ਸਾਰਿਆਂ ਤੋਂ ਪਹਿਲਾਂ ਲਿਖੀ ਹੋਈ ਇਹ ਹੈ :—

'ਸੋਦਰੁ ਸ਼ਬਦ ੫'

'ਸੋਪੁਰਖੁ ਸ਼ਬਦ ੪'

'ਸੋਹਿਲਾ ਸ਼ਬਦ ੫'

ਏਥੇ ਪੰਜ ਆਦਿਕ ਗਿਣਤੀ ਦੇ ਲਈ ਵਰਤੇ ਹੋਏ ਅੰਗ ਹਨ। ਬਿਨਾਂ ਗਿਣਤੀ ਤੋਂ ਇਹਨਾਂ ਅੰਗਾਂ ਦਾ ਹੋਰ ਕੋਈ ਅਰਥ ਨਹੀਂ ਨਿਕਲ ਸਕਦਾ। ਅੰਗਾਂ ਦੀ ਸ਼ੁਰੂਆਤ ਇਹਨਾਂ ਹੀ ਲੇਖਾਂ ਤੋਂ ਸ਼ੁਰੂ ਹੁੰਦੀ ਹੈ। ਬਲਕਿ ਪੁਰਾਤਨਿ ਸੰਪ੍ਰਦਾਈ ਜਨ ਹਰੇਕ ਰਾਗ ਦੇ ਸ਼ਬਦਾਂ, ਅਸ਼ਟਪਦੀਆਂ, ਛੰਤਾਂ, ਵਾਰਾਂ ਦੀਆਂ ਪਉੜੀਆਂ, ਵਾਰਾਂ ਦੇ ਸ਼ਲੋਕ, ਅਤੇ ਬਾਣੀਆਂ ਦੀਆਂ ਪਉੜੀਆਂ ਦੀ ਗਿਣਤੀ ਦਸਕੇ ਅਰਥ ਲੜੀ ਨੂੰ ਤੋਰਿਆ ਕਰਦੇ ਸਨ। ਜਿਨਾਂ ਤੋਂ ਹੋਰ ਪਉੜੀਆਂ ਦੇ ਵਧਣ ਘਟਣ ਦਾ ਪਤਾ ਲਗ ਜਾਂਦਾ ਸੀ ਅਤੇ ਵਿਦਯਾਰਥੀ ਜਨ ਹੁਸ਼ਿਆਰ ਹੋ ਕੇ ਉਸ ਗਿਣਤੀ ਦੇ ਅਨੁਸਾਰ ਚਲਦੇ ਸਨ। ਸ਼ਬਦਾਂਕੀ ਤਤਕਰੇ ਸੰਪੂਰਣ ਬੀੜਾਂ ਦੇ ਅਜੇ ਹੋਰ ਖੋਜ-ਯੋਗ ਹਨ। ਜੇ ਪਰਮੇਸ੍ਵਰ ਨੇ ਕ੍ਰਿਪਾ ਕੀਤੀ ਤਾਂ ਕਿਸੇ ਬੀੜ 'ਚੋਂ ਗਿਣਤੀ ਸਹਿਤ ਤਤਕਰਾ ਵੀ ਮਿਲ ਹੀ ਜਾਇਗਾ। ਮੇਰੇ ਖ਼ਯਾਲ ਅਨੁਸਾਰ ਪੁਰਾਤਨਿ ਬੀੜਾਂ ਵਿਚ ਜਿਹੜੇ ਤਿੰਨ ਤਿੰਨ ਯਾ ਦੋ ਦੋ ਤਤਕਰੇ ਲਿਖੇ ਹੋਏ ਹਨ। ਉਹਨਾਂ ਦਾ ਕਾਰਣ ਹੀ ਏਹੋ ਸੀ ਕਿ ਪਹਿਲੇ ਵਿਚ ਸਾਰਿਆਂ ਸ਼ਬਦਾਂ ਦੀ ਗਿਣਤੀ ਦੱਸੀ ਹੋਇਆ ਕਰਦੀ ਸੀ। ਦੂਜੇ ਵਿਚ ਰਾਗ ਅਤੇ ਪ੍ਰਧਾਨ ਬਾਣੀਆਂ ਦੀ ਗਿਣਤੀ ਹੁੰਦੀ ਸੀ, ਜਿਹੜੀਆਂ ਕਿਸੇ ਦੂਜੇ ਸਿਰਲੇਖ ਹੇਠਾਂ ਨਹੀਂ ਸਨ। ਜਿਸਤਰ੍ਹਾਂ ਕਿ-ਸਲੋਕ ਸਹਸਕ੍ਰਿਤੀ, ਫੁਨਹੇ, ਚਉਬੋਲੇ ਆਦਿਕ ਹਨ। ਤੀਜੇ ਤਤਕਰੇ ਵਿਚ ਸ਼ਬਦਾਂ ਦੇ ਹੈਡਿੰਗ ਸਨ, ਸ੍ਰੀ ਕਰਤਾਰ ਪੁਰ, ਭਾਈ ਬੰਨੋ ਜੀ, ਲਾਲੇ ਵਾਲੀ ਬੀੜ ਆਦਿਕ ਬੀੜਾਂ ਵਿਚ ਤਤਕਰੇ ਤਿੰਨ ਤਿੰਨ ਹਨ।

ਇਹ ਅੰਗ ਕੇਵਲ ਗਿਣਤੀ ਦੇ ਹੀ ਜਣੌਣ ਵਾਲੇ ਹਨ। ਹੋਰ ਕੋਈ ਵੀ ਅਰਥ ਕਰਨਾ, ਅਸਲ ਲਾਇਨ ਤੋਂ ਡਿੱਗਣ ਵਾਲਾ ਖ਼ਯਾਲ ਹੈ, ਜੋ ਤਯਾਗਣ ਯੋਗ ਹੈ। ਹਾਂ! ਜਦੋਂ ਲੋਕਾਂ ਨੂੰ ਅਗੋਂ ਉਸ ਗਿਣਤੀ ਦੇ ਅਨੁਸਾਰ ਸ਼ਬਦ ਨਹੀਂ ਮਿਲੇ ਤਾਂ ਉਹਨਾਂ ਨੇ ਘਰਾਂ ਦੇ ਅੰਗ ਕਹਿ ਯਾ ਲਿਖ ਕੇ ਇਸ ਤੋਂ ਛੁਟਕਾਰਾ ਪਾਇਆ ਹੈ। ਮੈਂ ਹੁਣ ਬੀੜ ਵਿਚੋਂ ਦੋ ਭਾਗ ਅੰਗਾਂ ਦੇ ਕਰਦਾ ਹੋਇਆ ਸਾਰੀ ਬੀੜ ਦਾ ਦਿਗ

ਦਰਸ਼ਣ ਕਰਵੌਂਦੇ ਹਾਂ। ਇਕ ਭਾਗ ਉਹ ਹੈ, ਜਿਸ ਵਿਚ ਗਿਣਤੀ ਅੰਗ ਠੀਕ ਹਨ। ਦੂਜਾ ਭਾਗ ਉਹ ਹੈ, ਜਿਸ ਦੇ ਗਿਣਤੀ ਅੰਗ ਅੱਗੋਂ ਗਿਣਤੀ ਠੀਕ ਨਹੀਂ ਦਸਦੇ। ਉਸ ਵਿਚ ਮੇਰੀ ਇਹ ਸ਼ੰਕਾ ਹੈ ਕਿ ਏਥੋਂ ਸ਼ਬਦ ਮੱਤਾਂ ਅਵਿਲੰਬੀਆਂ ਨੇ ਕੱਢੇ ਹੋਏ ਹਨ। ਕਿਉਂਕਿ ਉਹਨਾਂ ਨੂੰ ਇਨ੍ਹਾਂ ਸ਼ਬਦਾਂ ਦੇ ਭਾਵ ਚੁਭਦੇ ਸਨ। ਜਿਸ ਤਰ੍ਹਾਂ "ਰਾਮਕਲੀ ਮਹਲਾ ੫ ਛੰਤ ॥ ਰਣ ਝੁੰਝਨੜਾ ਗਾਉ" × × ਹੈ।

ਪ੍ਰੈਸ ਦੀ ਬੀੜ ਸਫ਼ੇ ੧੪੩੦ ਵਾਲੀ ਦੇ ੨੦੪ ਸਫੇ ਤੇ ਸਾਰਿਆਂ ਤੋਂ ਪਹਿਲਾਂ ਅੰਗ ਆਇਆ ਹੈ।

ਸਫਾ	ਸ਼ਬਦ ਪਾਠ	ਘਟ ਹਨ ? ਯਾ ਪੂਰੇ ?
੨੦੪	ਰਾਗੁ ਗਉੜੀ ਪੂਰਬੀ ੧ ਮਹਲਾ ੫॥ ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥	ਇਹ ਸ਼ਬਦ 'ਦੋ ਰਹਾਉ ਵਾਲਾ' ਹੈ, ਇਸ ਸਿਰਲੇਖ 'ਵਿਚ ਦੋ ਰਹਾਉ ਵਾਲਾ' ਇਕ ਹੀ ਸ਼ਬਦ ਹੈ। ਏਸ ਵਾਸਤੇ, ਇਹ ਗਿਣਤੀ ਅੰਗ ਠੀਕ ਹੈ।
੨੦੫	ਗਉੜੀ ਮਹਲਾ ੫ ॥ ਐਸੋ ਪਰਚਉ ਪਾਇਓ। ਕਰੀ ਕ੍ਰਿਪਾ ਦਇਆਲ ਬੀਠੁਲੈ, ਸਤਿਗੁਰ ਮੁਝਹਿ ਬਤਾਇਓ ॥੧॥ ਰਹਾਓ। ×	ਭਾਵੇਂ ਏਸ ਸ਼ਬਦ ਦੇ ਹੇਠ ਕੋਈ ਅੰਗ ਨਹੀਂ ਪ੍ਰੰਤੂ ਇਹ 'ਡੇਢ ਤੁਕ ਦੇ ਰਹਾਉ ਵਾਲਾ ਇਕ ਹੀ ਸ਼ਬਦ ਇਸ ਤਖਤੀ ਵਿਚ ਹੈ, ਇਸ ਦਾ ਲਗਾਉ ਨਾ ਪਿਛਲੇ ਸ਼ਬਦ ਨਾਲ ਹੈ, ਕਿਉਂਕਿ ਉਹ ਦੋ ਰਹਾਉ ਵਾਲਾ ਹੈ ਅਤੇ ਨਾ ਅਗਲੇ ਦੋ ਸ਼ਬਦਾਂ ਨਾਲ ਹੈ, ਕਿਉਂਕਿ ਉਹ ਛੋਟੀਆਂ ਤੁਕਾਂ ਦੇ ਰਹਾਉਵਾਂ ਵਾਲੇ ਹਨ। ਏਸ ਵਾਸਤੇ ਇਸ ਨੂੰ ਤਖਤੀ ਤੋਂ ਬਾਹਰ ਹੀ ਰੱਖਿਆ ਹੈ। ਇਕ ਥਾਂ ਗਿਣਤੀ ਇਕੋ ਕਿਸਮ ਦੇ ਸ਼ਬਦਾਂ ਦੀ ਲਿਖੀ ਜਾਂਦੀ ਹੈ। ਇਹ ਆਪਣੀ ਕਿਸਮ ਦਾ ਆਪ (ਨਿਰਾਲਾ) ਹੀ ਹੈ।

ਸਫਾ	ਸ਼ਬਦ ਪਾਠ	ਘਟ ਹਨ ਯਾ ਪੂਰੇ
੨੦੫	ਗਉੜੀ ਮਹਲਾ ੫ ॥ ੨ ਅਉਧ ਘਟੈ ਦਿਨਸੁ ਰੈਨਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ੧॥ਰਹਾਉ॥ × × ×	ਸਿਰਲੇਖ ਹੇਠ 2 ਅੰਗ ਇਸ ਵਾਸਤੇ ਦਿੱਤਾ ਹੋਇਆ ਹੈ ਕਿ ਛੋਟੀਆਂ ਤੁਕਾਂ ਦੇ ਦੇ ਰਹਾਉਵਾਂ ਵਾਲੇ ਦੋ ਸ਼ਬਦ ਹੀ ਹਨ'। ਇਹ ਦੋਵੇਂ ਗਉੜੀ ਪੂਰਬੀ ਵਿਚ ਆਪਣੀ ਕਿਸਮ ਦੇ ਸੰਗੀਤ ਦੇ ਅਨੁਸਾਰ ਨਿਰਲੇ ਹਨ।
੨੦੫	ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ ਰਹਾਉ ॥×	
੨੦੬	ਓਹ ਅਬਿਨਾਸੀ ਰਾਇਆ। ਨਿਰਭਉ ਸੰਗਿ ਤੁਮਾਰੈ ਬਸਤੇ, ਇਹੁ ਡਰਨੁ ਕਹਾ ਤੇ ਆਇਆ। ੧॥ਰਹਾਉ।××	ਇਹ ਸ਼ਬਦ ਪੰਚਪਦਾ ਹੈ। ਏਸ ਣਵਾਸਤੇ ਗਿਤੀ ਵਿਚੋਂ ਅੱਡਰ ਖਿਆ ਹੈ। ਗਉੜੀ ਰਾਗ ਦੇ ਸ਼ਬਦ ਅੰਗ ੧॥੧੨੨॥, ੨॥੧੨੩. ੩॥੧੨੪ ਤੇ ੪॥੧੨੫ ਚੌਪਦੇ ਹਨ। ਇਸ ਸ਼ਬਦ ਦਾ ਗਿਣਤੀ ਅੰਗ ੫॥ ੧੨੬ ਹੈ।
੨੦੬	ਗਉੜੀ ਮਹਲਾ ੫॥ ੩ ਛੋਡਿ ਛੋਡਿ ਰੇ ਬਿਖਿਆ ਰਸੂਆ। ਉਰਝਿ ਰਹਿਓ ਰੇ ਬਾਵਰ ਗਾਵਰ ! ਜਿਓ ਕਿਰਖੈ ਹਰਿਆ ਇਉ ਪਸੂਆ ॥ ੧॥ਰਹਾਉ।××	ਏਸ ਸ਼ਬਦ ਦੇ ਨਾਲ ਦੇ ਤਿੰਨ ਸ਼ਬਦ ਹਨ। ਇਹ ਸੁਰਖੀ ਦਾ ਅੰਗ ਦਸ ਰਿਹਾ ਹੈ। ਪ੍ਰੰਤੂ ਮੌਜੂਦਾ ਬੀੜ ਵਿਚ ਇਸ ਦੇ ਨਾਲ ਦੇ ਹੋਰ ਸ਼ਬਦ ਨਹੀਂ ਮਿਲਦੇ ਬਲਕਿ ਏਸ ਤੋਂ ਅਗਲੇ ਸ਼ਬਦ ਦੇ ਸਿਰ-ਲੇਖ ਦੇ ਹੇਠ ੪ ਅੰਗ ਆਇਆ ਹੋਇਆ ਹੈ। ਜਿਸ ਤੋਂ ਸਾਫ ਮਾਲੂਮ ਪੈ ਰਿਹਾ ਹੈ ਕਿ ਯਾ ਤਾਂ ਲਿਖਾਰੀਆਂ ਨੇ ਆਪਣੇ ਮੱਤ ਤੋਂ ਪ੍ਰਤਿਕੂਲ ਜਾਣ ਕਢਕੇ ਦਿੱਤੇ ਹਨ ਯਾ ਭੁੱਲ ਨਾਲ ਨਹੀਂ ਲਿਖੇ ਗਏ। ਕਿਉਂਕਿ ਜੇ ਪਿਛਲੀ ਗਿਣਤੀ ਵੀ ਨਾ ਮਿਲਦੀ ਤਾਂ

ਸਫਾ	ਸ਼ਬਦ ਪਾਠ	ਘਟ ਹਨ ਯਾ ਪੂਰੇ
		ਤਾਂ ਸਮਝ ਲਿਆ ਜਾਂਦਾ ਕਿ ਸੰਪ੍ਰਦਾਈਆਂ ਦਾ 'ਘਰੁ ਦੇ ਅੰਗ' ਵਾਲਾ ਹੀ ਭਾਵ ਠੀਕ ਹੈ। ਪ੍ਰੰਤੂ ਜਦੋਂ ਪਿਛਲੇ ਇਹੋ ਅੰਗ ਠੀਕ ਗਿਣਤੀ ਦਸਦੇ ਹਨ। ਫਿਰ ਏਥੇ ਕਿਉਂ ਨ ਦੱਸਣ ? ਇਸ ਵਾਸਤੇ, ਇਹ ਦ੍ਰਿੜ ਨਿਸ਼ਚਯ ਵਿਚਾਰ ਹੋ ਜਾਂਦੀ ਹੈ, ਕਿ ਏਥੋਂ ਦੋ ਸ਼ਬਦ ਛੁੱਟੇ ਯਾ ਕੱਢੇ ਹੋਏ ਹਨ ਅਤੇ ਇਕ ਸ਼ਬਦ ਮੌਜੂਦ ਹੈ।
੨੦੬	ਗਉੜੀ ਮਹਲਾ ੫॥ ੪ ਤੁਝ ਬਿਨੁ ਕਵਨ ਹਮਾਰਾ ? ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥ ੧॥ ਰਹਾਉ ॥ × ×	ਇਸ ਤੋਂ ਅਗਲੇ ਅਤੇ ਇਹ ਚਾਰੇ ਸ਼ਬਦ ਇਕੋ ਪ੍ਰਕਾਰ ਦੀ ਸੰਗੀਤੀ ਕ੍ਰਿਯਾ ਵਾਲੇ ਹਨ। ਇਹਨਾਂ ਤੋਂ ਅਗਲਿਆਂ ਸ਼ਬਦਾਂ ਦੇ ਅੰਗ ਤਾਂ ਨਹੀਂ ਲਿਖੇ ਹੋਏ। ਪ੍ਰੰਤੂ ਇਹਨਾਂ ਚਹੁੰਆਂ ਵਿਚ ਛੋਟੀਆਂ ਤੁਕਾਂ ਦੇ ਰਹਾਉ ਹਨ। ਭਾਵੇਂ ਪੰਜਵੇਂ ਸ਼ਬਦ ੧੧॥੧੩੨ ਦਾ ਰਹਾਉ ਵੀ ਛੋਟੀਆਂ ਤੁਕਾਂ ਵਾਲਾ ਹੀ ਹੈ। ਪ੍ਰੰਤੂ ਉਹ ਪੰਚਪਦਾ ਹੈ। ਇਹ ਵਿਚਾਰ ਕਰਦਿਆਂ ਇਕ ਹੋਰ ਦਿੱਕਤ ਆਈ ਹੈ ਕਿ ਇਹਨਾਂ ਚਹੁੰਆਂ ਸ਼ਬਦਾਂ ਦੀ ਕਿਸਮ ਇਕੋ ਹੀ ਹੋਣੀ ਚਾਹੀਦੀ ਹੈ ? ਜਿਸ ਵਿਚ ਸ਼ਬਦ ਨੰ: ੭॥੧੨੮, ੯॥੧੩੦ ਤੇ ੧੦॥੧੩੧ ਤਿੰਨੇ ਚੌਪਦੇ ਹਨ ਅਤੇ ਸ਼ਬਦ ਨੰ: ੮॥੧੨੯ ਦੁਪਦਾ ਹੈ। ਇਸ ਤੋਂ ਵਿਚਾਰ ਫੁਰਦੀ ਹੈ ਕਿ ਅਸਲ ਵਿਚ ਇਹ ਵੀ ਚੌਪਦਾ ਸੀ। ਪ੍ਰੰਤੂ ਐਸ ਵੇਲੇ ਉਹਨਾਂ

ਸਫਾ	ਸ਼ਬਦ ਪਾਠ	ਘਟ ਹਨ ਯਾ ਪੂਰੇ
		ਰਹੀਆਂ ਹੋਈਆਂ ਦਹੂੰ ਪਉੜੀਆਂ ਦੀ ਭਾਲ ਕਰਨ ਹੀ ਬਹੁਤ ਲੋੜ ਹੈ।
੨੦੯	ਗਉੜੀ ਮਹਲਾ ੫ ੬ ਪਾਰ ਬ੍ਰਹਮ ਪੂਰਨ ਪਰਮੇਸੁਰ ਤਾਂ ਕੀ ਓਟ ਗਹੀ ਜੈ ਰੇ। × × ×	ਇਸ ਅੰਗ ੬ ਦੀ ਗਿਣਤੀ ਜੇ ਅਗਾਂਹ ਨੂੰ ਤੁਰੀਏ ਤਾਂ ਠੀਕ ਨਹੀਂ ਉਤਰਦੀ। ਜਿਸ ਤੋਂ ਖ਼ਿਆਲ ਹੈ ਕਿ ਏਥੋਂ ਪੰਜ ਸ਼ਬਦ ਛੁਟੇ ਯਾ ਕੱਢੇ ਹੋਏ ਹਨ। ਪ੍ਰੰਤੂ ਜੇ ਲਿਖਾਰੀ ਨੂੰ ਪਿਛਲੀ ਭੁੱਲ ਕਿਤੇ ਏਥੇ ਪਹੁੰਚ ਕੇ ਚੇਤੇ ਆਈ, ਮੰਨ ਲਈਏ ਅਤੇ ਉਸ ਦੇ ਅਨੁਸਾਰ ਹੀ ਸ਼ਬਦ ਅੰਗ ੧੬॥ ੧੩੭ ਤੋਂ ਪਿਛੇ ਨੂੰ ਗਿਣੀਏ ਤਾਂ ਇਹੋ ਛੇ ਸ਼ਬਦ ਪੂਰੇ ਨਿਕਲ ਔਂਦੇ ਹਨ। ਸਿਰਫ਼ ਲੇਖਿਕ ਦੀ ਭੁਲ ਮੰਨਣੀ ਪਵੇਗੀ। ਮੈਨੂੰ ਤਾਂ ਕੇਵਲ ਦੋ ਵਿਚਾਰਾਂ ਇਹੋ ਹੀ ਫੁਰੀਆਂ ਹਨ। ਜੇ ਕਿਸੇ ਮਹਾਂਪੁਰਸ਼ ਨੂੰ ਹੋਰ ਵਿਚਾਰ ਫੁਰੇ ਤਾਂ ਉਹ ਕ੍ਰਿਪਾ ਕਰ ਕੇ ਲਿਖ ਭੇਜੇ। ਸ੍ਵੀਕਾਰ ਦੇ ਯੋਗ ਦਾ ਜ਼ਰੂਰ ਮਾਣ ਹੋਵੇਗਾ। ਸੰਪਾਦਿਕ—
੨੧੦	ਰਾਗੁ ਗਉੜੀ ਪੂਰਬੀ ੧ ਮਹਲਾ ੫॥ ਹਰਿ ਹਰਿ ਕਥਹੂ ਨ ਮਨਹੁ ਬਿਸਾਰੇ।× × ×	ਇਹ ਇਕ ਅੰਗ ਠੀਕ ਗਿਣਤੀ ਹੀ ਦਸਦਾ ਹੈ।
੨੧੦	ਰਾਗੁ ਗਉੜੀ ਚੇਤੀ ੧ ਮਹਲਾ ੫॥	ਇਹ ਗਿਣਤੀ ਠੀਕ ਹੈ।

ਸਫਾ	ਸ਼ਬਦ ਪਾਠ	ਘਟ ਹਨ ਯਾ ਪੂਰੇ
	ਸੁਖੁ ਨਾਹੀ ਰੇ ! ਹਰਿ ਭਗਤਿ ਬਿਨਾ ॥×××	
੨੧੨	ਗਉੜੀ ਮਹਲਾ ੫॥ ੨ ਜਾ ਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ ॥××	ਇਹ ਠੀਕ ਦੋ ਹੀ ਸ਼ਬਦ ਹਨ ਅਤੇ ਉਪਰ ਵੀ ਗਿਣਤੀ ਅੰਗ ਦੋ ਹੀ ਵਿਖਾਏ ਹਨ।
੨੧੨	ਗਉੜੀ ਮਹਲਾ ੫॥ ੩ ਮੋਹਿ ਦਾਸਰੋ ਠਾਕੁਰ ਕੋ ਧਾਨੁ ਪ੍ਰਭ ਕਾ ਖਾਨਾ ॥੧॥ ਰਹਾਉ ॥ × × ×	ਇਹ ਤਿੰਨ ਅੰਗ ਠੀਕ ਹੀ ਗਿਣਤੀ ਦਸਦਾ ਹੈ। ਕੋਈ ਫਰਕ ਨਹੀਂ।
੨੧੨	ਗਉੜੀ ਪੂਰਬੀ ਮਹਲਾ ੫॥ ੪ ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ। × × ×	ਏਸ ਤੋਂ ਅੱਗੇ ਚਾਰ ਸ਼ਬਦ ਹੋਣੇ ਚਾਹੀਦੇ ਹਨ ਪ੍ਰੰਤੂ ਮੌਜੂਦਾ ਬੀੜ ਵਿਚ ਦੋ ਸ਼ਬਦ ਹਨ। ਏਸ ਵਾਸਤੇ ਖ਼ਯਾਲ ਹੈ ਕਿ ਦੋ ਸ਼ਬਦ ਲਿਖਾਰੀ ਤੋਂ ਛੁਟ ਗਏ ਹਨ, ਜੋ ਲਭਿਆਂ ਜ਼ਰੂਰ ਲਭ ਪੈਣਗੇ।
੨੧੪	ਰਾਗੁ ਗਉੜੀ ਮਾਲਾ ੨ ਮਹਲਾ ੫॥ ਪਾਇਓ ਬਾਲਬੁਧਿ ਸੁਖੁ ਰੇ ! × ×	ਇਹ ਗਿਣਤੀ ਅੰਗ ਵੀ ਠੀਕ ਉਤਰਦਾ ਹੈ।
੨੧੫	ਗਉੜੀ ਮਾਲਾ ਮਹਲਾ ੫॥ ੨ ਪਾਇਆ ਲਾਲੁ ਰਤਨੁ ਮਨਿ ਪਾਇਆ। × × ×	ਇਸ ਅੰਗ ਵਿਚ ਵੀ ਦੋ ਸ਼ਬਦਾਂ ਦੀ ਗਿਣਤੀ ਹੀ ਦੱਸੀ ਹੋਈ ਹੈ, ਜਿਹੜੇ ਕਿ ਸੰਗੀਤ ਪ੍ਰਸਤਾਰ ਨਾਲ ਇਕੋ ਕਿਸਮ ਦੇ ਮੌਜੂਦ ਹਨ।

ਸਫਾ	ਸ਼ਬਦ ਪਾਠ	ਘਟ ਹਨ ਯਾ ਪੂਰੇ
੨੧੬	ਰਾਗੁ ਗਉੜੀ ਮਾਝ ੧ ਮਹਲਾ ੫ ॥ ਦੀਨ ਦਇਆਲ ਦਮੋਦਰ ਰਾਇਆ ਜੀਉ ॥ × ×	ਇਕ ਅੰਗ ਗਿਣਤੀ ਲਈ ਹੀ ਠੀਕ ਹੈ ਅਤੇ ਪੂਰਣ ਹੈ ।
੨੧੭	ਰਾਗੁ ਗਉੜੀ ਮਾਝ ੨ ਮਹਲਾ ੫॥ ਤੂੰ ਮੇਰਾ ਬਹੁ ਮਾਣੁ ਕਰਤੇ ! × × ×	ਏਥੇ ਵੀ ਇਕੋ ਕਿਸਮ ਦੇ ਦੋ ਸ਼ਬਦਾਂ ਦੀ ਗਿਣਤੀ ਲਈ ਹੀ ਇਹ ੨ ਅੰਗ ਲਿਖਿਆ ਹੋਇਆ ਹੈ। ਏਥੋਂ ਅੱਗੇ ਮਹਲੇ ੧.੨.੩.੪. ਅਤੇ ੫ ਦਿਆਂ ਸ਼ਬਦਾਂ ਅਤੇ ਅਸ਼ਟਪਦੀਆਂ ਵਿਚ ਕੋਈ ਹੇਠਾਂ 'ਅੰਗ ਨਹੀਂ' ਆਇਆ । ਇਸ ਤੋਂ ਅੱਗੋਂ ਮ: ੫ ਦੇ ਛੰਤਾਂ ਵਿਚ ਫੇਰ ਹੇਠਲੇ ਅੰਗ ਆਏ ਹਨ । ਜਿਹੜੇ ਕਿ ਇਸ ਪ੍ਰਕਾਰ ਹਨ
੨੪੭	ਰਾਗੁ ਗਉੜੀ ਛੰਤ ੧ ਮਹਲਾ ੫॥ ਮੇਰੈ ਮਨਿ ਬੈਰਾਗੁ ਭਇਆ ਜੀਉ । × × ×	ਇਹ ਗਿਣਤੀ ਅਨੁਸਾਰ ਠੀਕ ਹੈ ।
੨੪੮	ਗਉੜੀ ਮਹਲਾ ੫॥ ੨ ਮੋਹਨ ਤੇਰੇ ਊਚੇ ਮੰਦਰ × × ×	ਦੋ ਅੰਗ ਦਸਦਾ ਹੈ ਕਿ ਇਸ ਦੇ ਨਾਲ ਇਕ ਛੰਤ ਹੋਰ ਸੀ । ਪ੍ਰੰਤੂ ਹੁਣ ਸਾਨੂੰ ਬੀੜ ਵਿਚ ਕੇਵਲ ਇਹ ਇਕੋ ਛੰਤ ਮਿਲ ਰਿਹਾ ਹੈ ।

੨੪੮	ਗਉੜੀ ਮਹਲਾ ੫॥ਸਲੋਕੁ॥ ੩ ਪਤਿਤ ਅਸੰਖ ਪੁਨੀਤ ਕਰਿ × × ×	ਇਸ ੩ ਅੰਗ ਤੋਂ ਪਤਾ ਗਲ ਰਿਹਾ ਹੈ ਕਿ ਇਸ ਤੋਂ ਅੱਗੇ ਦੋ ਛੰਤ ਹੋਰ ਹਨ। ਪ੍ਰੰਤੂ ਮੌਜੂਦਾ ਬੀੜ ਵਿਚ ਇਕੋ ਛੰਤ ਹੋਰ ਹੈ ਅਤੇ ਦੂਜਾ ਨਹੀਂ ਮਿਲ ਰਹਿਆ।
੩੧੩	ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪॥ ਅਬ ਮੋਹਿ ਜਲਤ ਰਾਮ ਜਲੁ ਪਾਇਆ ॥×	ਇਸ ਥਾਂ ਤੋਂ ਅੱਗੇ ਠੀਕ ਗਿਣਤੀ ਵਿਚ ਚੌਦਾਂ ਹੀ ਚੌਪਦੇ ਲਿਖੇ ਹੋਏ ਹਨ।
੩੨੬	ਗਉੜੀ ਕਬੀਰ ਜੀ ਪੰਚਪਦੇ ॥ ੨ ਜਿਉ ਜਲ ਛੋਡਿ ਬਾਹਰ ਭਇਓ ਮੀਨਾ ॥×%×	ਇਹ ਦੋ ਹੀ ਪੰਚਪਦੇ ਹਨ ਭਾਵੇਂ ਅਗਲਾ ਸ਼ਬਦ ਛੇਪਦਾ ਹੈ ਪ੍ਰੰਤੂ ਆਦਿ ਰੀਤੀ ਅਨੁਸਾਰ 'ਛੇਪਦਾ' ਸਿਰਲੇਖ ਨਹੀਂ ਲਿਖਿਆ ਗਿਆ। ਛੇਪਦੇ ਸ਼ਬਦਾਂ ਨੂੰ ਪੰਚਪਦਿਆਂ ਵਿਚ ਅਤੇ ਸੱਤਪਦਿਆਂ ਨੂੰ ਅਸਟਪਦੀਆਂ ਵਿਚ ਮਿਲਾ ਕੇ ਲਿਖਿਆ ਹੋਇਆ ਹੈ। ਏਸ ਵਾਸਤੇ ਸ੍ਰੀ ਕਬੀਰ ਜੀ ਦਾ ਗਉੜੀ ਰਾਗ ਵਿਚ ਸ਼ਬਦ ਨੰ: ੧੬ "ਚੋਆ ਚੰਦਨ ਮਰਦਨ ਅੰਗਾ" ਵੀ ਪੰਚ-ਪਦਾ ਸਿਰਲੇਖ ਦੇ ਹੇਠ ਹੀ ਲਿਖਿਆ ਗਿਆ ਹੈ।
੩੨੬	ਗਉੜੀ ਕਬੀਰ ਜੀ ਤਿਪਦੇ ੨ ਚਾਰਤੁਕੇ ॥ ਜਮ ਤੇ ਉਲਟਿ ਭਏ ਹੈ ਰਾਮ ॥ ×××	ਅੰਗ ੨ ਜਿਹੜਾ ਕਿ ਹੇਠ ਲਿਖਿਆ ਹੋਇਆ ਹੈ। ਇਸ ਦੇ ਅਨੁਸਾਰ ਚਾਰ ਤੁਕੇ ਤਿਪਦੇ ਦੋ ਚਾਹੀਦੇ ਹਨ ਅਰਥਾਤ ਚਹੁੰ ਚਹੁੰ ਤੁਕਾਂ ਦਾ ਇਕ ਇਕ ਪਦ ਅਤੇ ਤਿੰਨਾਂ ਤਿੰਨਾਂ ਪਦਾਂ ਦੇ ਦੋ ਸ਼ਬਦ ਹਨ।

ਪ੍ਰੰਤੂ ਏਥੇ ਉਪਰੋਤਕ ਹਿਸਾਬ ਵਾਲਾ ਇਕੋ ਸ਼ਬਦ ਹੈ ਜਿਹੜਾ ਕਿ ਗਉੜੀ ਰਾਗ ਵਿਚ ਸ੍ਰੀ ਕਬੀਰ ਜੀ ਦਾ ਨੰ: ੧੭ ਤੇ ਹੈ। ਨੰ: ੧੮ ਦਾ ਸ਼ਬਦ "ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ?" ਚਉਪਦਾ ਹੈ। ਉਪਰਲੇ ਸਿਰਲੇਖ ਦੇ ਮੁਤਾਬਕ ਏਥੇ ਤਿਪਦਾ ਚਉਤੁਕਾ ਹੀ ਚਾਹੀਦਾ ਹੈ। ਏਸ ਬਾਰੇ ਮੇਰਾ ਵਿਚਾਰ ਹੈ, ਕਿ ਇਹ ਸ਼ਬਦ ਚੌਪਦਿਆਂ ਦੇ ਨਾਲ ਦਾ ਸੀ। ਜਿਸਦਾ ਨੰ: ੨੫ ਸੀ। ਜਿਹੜਾ ਕਿ ਲਿਖਣ ਵੇਲੇ ਤਖਤੀ ਚੋਂ ਬਾਹਰ ਰਹਿ ਗਿਆ ਅਤੇ ਲਿਖਾਰੀ ਨੂੰ ਇਥੇ ਪੁਜ ਕੇ ਆਪਣੀ ਭੁੱਲ ਮਹਿਸੂਸ ਹੋ ਗਈ ਅਤੇ ਏਥੇ ਹੀ ਲਿਖ ਦਿਤਾ ਗਿਆ ਹੈ ਪ੍ਰੰਤੂ ਇਸ ਥਾਂ ਦਾ ਚਾਰ-ਤੁਕਾ ਤਿਪਦਾ ਭੁੱਲ ਨਾਲ ਛਡ ਗਿਆ ਹੈ।

ਦੂਜੀ ਵਿਚਾਰ :-ਕਿ ਏਸੇ ਤਿਪਦੇ ਵਿਚ ਇਕ ਪਦ ਕਿਸੇ ਹੋਰ ਸ਼ਬਦ ਦਾ ਲਿਖਾਰੀ ਤੋਂ ਭੁੱਲ ਨਾਲ ਲਿਖਿਆ ਗਿਆ ਹੈ। ਜਿਸ ਤੇ ਹੜਤਾਲ ਫੇਰ ਕੇ ਸ਼ੁੱਧ ਕਰਨ ਦਾ ਮੌਕਾ ਨਹੀਂ ਮਿਲਿਆਂ। ਏਡੇ ਵਡੇ ਗ੍ਰੰਥ ਨੂੰ ਲਿਖ ਕੇ ਸੋਧਣ ਤੋਂ ਪਹਿਲਾਂ ਹੀ ਲਿਖਾਰੀ ਦੀ ਮ੍ਰਿਤਜੂ ਹੋ ਗਈ ਹੈ।

੩੨੭ ਗਉੜੀ ਕਬੀਰ ਜੀ ਤਿਪਦੇ ॥

੧੫ ਇਸ ਥਾਂ ਤੋਂ ਅੱਗੇ ਠੀਕ ਤਿਪਦੇ

ਕੰਚਨ ਸਿਉ ਪਾਈਐ ਨਹੀ ਪੰਦਰਾਂ ਹੀ ਆਏ ਹਨ। ਪ੍ਰੰਤੂ '੧੫'

	ਤੋਲਿ॥ × × ×	ਅੰਗ ਸਾਰੀਆਂ ਬੀੜਾਂ ਵਿਚੋਂ ਨਹੀਂ ਮਿਲਦਾ ਕਿਸੇ ਕਿਸੇ ਬੀੜ ਵਿਚ ਕੇਵਲ '੧' ਅੰਗ ਵੀ ਮਿਲਦਾ ਹੈ। ਲਿਖਤ ਬੀੜਾਂ ਵਿਚੋਂ ੧੫ ਅੰਗ ਮਿਲ ਜਾਂਦਾ ਹੈ।
੩੨੯	ਗਉੜੀ ਕਬੀਰ ਜੀ ਦੁਪਦੇ ॥ ੨ ਨਾ ਮੈ ਜੋਗ ਧਿਆਨ ਚਿਤੁ ਲਾਇਆ ॥ ÷ × ×	ਇਹ ਦੂਆ ਅੰਗ ਠੀਕ ਗਿਣਤੀ ਹੀ ਦਸਦਾ ਹੈ। ਸ੍ਰੀ ਕਬੀਰ ਜੀ ਦੇ ਸ਼ਬਦ ਨੰ: ੩੪ ਤੇ ੩੫ ਗਉੜੀ ਰਾਗ ਵਿਚ ਠੀਕ ਦੁਪਦੇ ਹਨ।
੩੩੩	ਗਉੜੀ ਬੈਰਾਗਣਿ ਤਿਪਦੇ ॥ ੩ ਉਲਟਤ ਪਵਨ ਚਕ੍ਰ ਖਟੁ ਭੇਦੇ ॥ × × ×	ਹੇਠਲਾ ਤੀਆ ਅੰਗ ਤਿਪਦਿਆਂ ਦੀ ਗਿਣਤੀ ਤਿੰਨ ਦਸ਼ਦਾ ਹੈ। ਬੇਸ਼ਕ ੩॥੪੭, ੪॥੪੩ ਅਤੇ ੫॥੪੯ ਤਿਪਦੇ ਹਨ। ਪ੍ਰੰਤੂ ਸ਼ਬਦ ਨੰ: ੫॥੪੯ ਦੇ ਅਰੰਭ ਵਿਚ ਫਿਰ ॥ਗਉੜੀ॥ ੨ "ਪਾਪੁ ਪੁੰਨੁ ਦੁਇ ਬੈਲ ਬਿਸਾਹੇ × × ×" ਇਓਂ ਸਿਰਲੇਖ ਆ ਗਿਆ ਹੈ। ਉਪਰੋਕਤ ਅੰਗ ਵਿਚਾਰ ਧਾਰਾ ਅਨੁਸਾਰ 'ਏਥੋਂ ਦੋ ਸ਼ਬਦ ਛੁੱਟੇ ਯਾ ਕੱਢੇ ਹੋਏ ਹਨ' ਯਾ ਦੋ ਅੰਗ ਕਿਸੇ ਲਿਖਾਰੀ ਤੋਂ ਸਹਵਨ ਚੱਲੀ ਹੋਈ ਕਲਮ ਦਾ ਫਲ ਹੈ।
੩੩੩	ਗਉੜੀ ਪੰਚਪਦਾ ॥ ੩ ਪੇਵਕੜੇ ਦਿਨ ਚਾਰਿ ਹੈ ॥ × × ×	ਹੇਠਲਾ ਅੰਗ ਸਾਬਤ ਕਰਦਾ ਹੈ ਕਿ ਇਸ ਥਾਂ ਤੇ ਤਿੰਨ ਪੰਚਪਦੇ ਸਨ। ਪ੍ਰੰਤੂ ਹੁਣ ਮੌਜੂਦਾ ਬੀੜ ਵਿਚ ਇੱਕੋ ਹੀ

ਪੰਚਪਦਾ ਹੈ। ਜਿਸ ਤੋਂ ਸਾਫ ਪਤਾ ਲਗ ਲਗ ਰਿਹਾ ਹੈ ਕਿ ਦੋ ਪੰਚਪਦੇ ਛੁੱਟੇ ਯਾ ਕੱਢੇ ਹੋਏ ਹਨ। ਪਿਛਲੇ ਨਕਲ ਕਰਨ ਵਾਲਿਆਂ ਨੂੰ ਜਦੋਂ ਹੋਰ ਪੰਚਪਦੇ ਨਹੀਂ ਲੱਭੇ ਤਾਂ ਉਹਨਾਂ 'ਪੰਚਪਦੇ' ਦੇ ਥਾਂ 'ਪੰਚ-ਪਦਾ' ਸਿਰਲੇਖ ਕਰ ਦਿੱਤਾ ਹੈ। ਕਿਸੇ ਬੀੜ ਚੋਂ 'ਪੰਚਪਦੇ' ਸੁਧ ਸਿਰਲੇਖ ਵੀ ਜ਼ਰੂਰ ਮਿਲ ਜਾਵੇਗਾ।

੩੩੪ ਗਉੜੀ ॥

੨

ਜੋਗੀ ਕਹਹਿ ਜੋਗੁ ਭਲ ਮੀਠਾ ×

ਹੇਠਲਾ ਦੂਆ ਅੰਗ ਦਸਦਾ ਹੈ ਕਿ ਇਸ ਤੋਂ ਅੱਗੇ ਦੋ ਸ਼ਬਦ ਹਨ। ਪ੍ਰੰਤੂ ਮੌਜੂਦਾਂ ਬੀੜ ਵਿਚ ਸ਼੍ਰੀ ਕਬੀਰ ਜੀ ਦਾ ਗਉੜੀ ਰਾਗ ਦਾ ਸ਼ਬਦ ਨੰ: ੫੧ ਇਕੋ ਹੈ। ਜਿਸ ਤੋਂ ਵਿਚਾਰ ਧਾਰਾ ਕਿਤਿਓਂ ਵੀ ਟੇਢੀ ਨਹੀਂ ਚਲਦੀ ਕਿ "ਏਥੋਂ ਇਕ ਸ਼ਬਦ ਛੁੱਟਿਆ ਯਾ ਕਢਿਆ ਹੋਇਆ ਹੀ ਹੈ"।

੩੩੪ ਰਾਗ ਗਉੜੀ ਪੂਰਬੀ

੧

ਕਬੀਰ ਜੀ ॥ ਜਹ ਕਛੁ ਅਹਾ ਤਹਾ ਕਿਛੁ ਨਾਹੀ ×

'ਇਕ ਸ਼ਬਦ ਤਾਂ ਹੈ ਹੀ' ਇਸ ਅੰਗ ਦਾ ਕੰਮ ਪੂਰਾ ਹੋ ਗਿਆ। ਅੱਗੇ ਇਸਦਾ ਕੋਈ ਸੰਬੰਧ ਨਹੀਂ ਰਿਹਾ। ਪ੍ਰੰਤੂ ਸਫੇ ੩੩੪ ਕਬੀਰ ਜੀ ਦੇ ਸ਼ਬਦ ਨੰ: ੧॥੫੨ ਰਾਗੁ ਗਉੜੀ ਤੋਂ ਲੈ ਕੇ ਸਫੇ ੩੩੯ ਸ਼ਬਦ ਨੰ: ੧੨॥੬੯ ਤਕ ਕਬੀਰ ਜੀ ਸ਼ਬਦ ਜੋੜ ਦੇ ਅੰਗਾਂ ਵਿਚ

ਏਨੀ ਗੜਬੜ ਹੈ ਕਿ ਜਿਸ ਦਾ ਹਿਸਾਬ ਕਿਸੇ ਤਣ ਪੱਤਣ ਤੇ ਨਹੀਂ ਲਗਦਾ। ਇਨ੍ਹਾਂ ਸ਼ਾਰੀਆਂ ਗ਼ਲਤੀਆਂ ਦਾ ਸਿਹਰਾ ਸਿੱਖਾਂ ਦੇ ਸਿਰਾਂ ਤੇ ਖ਼ੂਬ ਸਜਿਆ ਹੋਇਆ ਹੈ। ਚਾਹੇ ਉਹ ਕਿਸੇ ਦੁਕਾਨ ਵਾਲੇ ਹਨ, ਚਾਹੇ ਕਿਸੇ ਪਾਰਟੀ ਵਾਲੇ ਹਨ ਅਥਵਾ ਕਿਸੇ ਪੰਥ ਵਾਲੇ ਹਨ। ਟੀਕੇ ਲਿਖਣ ਵਾਲੇ, ਸੰਪ੍ਰਦਾਇਕ ਅਰਥ ਪੜ੍ਹੋਣ ਵਾਲੇ, ਮੰਡਲੀਆਂ ਫੇਰਨ ਵਾਲੇ, ਪੁਠੀਆਂ ਪੱਗਾਂ ਕਰ ਕੇ ਕੀਰਤਨ ਕਰਨ ਵਾਲੇ, ਅਖੰਡ ਪਾਠਾਂ ਦੀਆਂ ਲੜੀਆਂ ਤੋਰਨ ਵਾਲੇ ਅਤੇ ਕੇਵਲ ਮੱਥੇ ਟੇਕਣ ਤੇ ਜ਼ੋਰ ਪੌਣ ਵਾਲੇ ਸਾਰੇ ਸਾਵਣ ਦੇ ਅੰਨੇ ਵਾਂਗੂ ਹਰਾ ਹਰਾ ਹੀ ਵੇਖਦੇ ਫਿਰਦੇ ਹਨ। ਸ਼੍ਰ, ਗੁ, ਪ੍ਰ, ਕ, ਚੀਫ ਖ਼ਾਲਸਾ ਦੀਵਾਨ ਆਦਿਕ ਵੀ ਲੋਕਾਂ ਨੂੰ ਕੱਛਾਂ ਕੇਸ਼ ਆਦਿਕ ਰਖਵੋਣ ਤੋਂ ਬਿਨਾ ਕੋਈ ਅਜ ਤਕ ਇਸ ਪਰਮ ਪਵਿਤ੍ਰ ਬਾਣੀ ਦੀ ਖੋਜ ਨਹੀਂ ਕਰ ਸਕੇ। ਉਹ ਸਿਰਫ ਏਹ ਸਮਝ ਬੈਠੇ ਹਨ ਕਿ ਕੱਛਾਂ ਕੇਸ ਆਦਿਕ ਹੀ ਗੁਰਬਾਣੀ ਦਾ ਪਰਮ ਭਾਵ ਹੈ। ਹਾਲਾਂ ਕਿ ਗੁਰਬਾਣੀ ਮਜ਼ੁਬਾਂ ਦੀ ਵੈਰਨਿ ਹੈ।

੩੩੬ ਗਉੜੀ ॥
੮
ਪਾਨੀ ਮੈਲਾ ਮਾਟੀ ਗੋਰੀ ॥
× × ×

ਇਹ ੮ ਅੰਗ ਦਸਦਾ ਹੈ ਕਿ ਇਸ ਸ਼ਬਦ ਨਾਲ ਅਠ ਸ਼ਬਦਾਂ ਦਾ ਮਜਮੂਆ ਹੈ। ਪ੍ਰਤੂ ਏਥੇ ਸਿਰਫ ਸ਼ਬਦ ਨੰ.

੯॥੬੦ ਅਤੇ ੧੦॥੬੧ ਦੋ ਹੀ ਹਨ। ਛੇ ਸ਼ਬਦ ਇਸ ਥਾ ਤੋਂ ਕੱਢੇ ਯਾ ਛੁੱਟੇ ਹੋਏ ਹਨ। [ਜਿਨਾਂ ਦੀ ਖੋਜ ਕਰਨੀ ਯੋਗਯ ਹੈ।

੩੩੭ ਗਉੜੀ ੯॥ ਜੋਨਿ ਛਾਡਿ ਜਉ ਜਗ ਮਹਿ ਆਇਓ ॥ ×××

ਅੰਗ ਨੌ ਦਸਦਾ ਹੈ ਕਿ ਇਸ ਸ਼ਬਦ ਨਾਲ ਨੌਂ ਸ਼ਬਦਾਂ ਦਾ ਮੰਡਲ ਹੈ। ਪ੍ਰੰਤੂ ਮੌਜੂਦਾ ਬੀੜ ਵਿਚ ਇਸ ਨਾਲ ਚਾਰ ਸ਼ਬਦ ਹਨ। ਇਸ ਵਿਚੋਂ ਪੰਜ ਸ਼ਬਦ ਕੱਢੇ ਯਾ ਛੁੱਟੇ ਹੋਏ ਹਨ। ਖੋਜ ਕੀਤਿਆਂ ਹੀ ਨਾ ਕਾਮਯਾਬੀ ਯਾ ਕਾਮਯਾਬੀ ਦਾ ਫਲ ਚਖਿਆ ਜਾ ਸਕੇਗਾ। ਪ੍ਰੰਤੂ ਖੋਜੀਆਂ ਨੂੰ ਇਹਨਾਂ ਤੁਕਾਂ ਤੋਂ ਸਿਖਿਆ ਅੰਗੀ-ਕਾਰ ਕਰਨੀ ਚਾਹੀਦੀ ਹੈ ਯਥਾ: ਨਾ ਹੀ ਦੇਖਿ ਨ ਭਾਜੀਐ, ਪਰਮ ਸਿਆਨਪ ਏਹ।×××

ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥×××

ਹੋਰ ਵਿਚਾਰ ਲਈ-ਇਸ ਥਾਂ ਪਿਛਲੀ ਸ਼ਰੇਣੀ ਤੋਂ ਵਿਲੱਖਣਤਾ ਦੀ ਆਈ ਹੈ ਕਿਉਂਕਿ ਪਿਛਲੇ ਅੰਗ ਸਤਰਾਂ ਤੋਂ ਥੱਲੇ ਲਿਖੇ ਯਾ ਛਪੇ ਹੋਏ ਹਨ। ਪ੍ਰੰਤੂ ਇਹ ੯ ਅੰਗ ਸਤਰਾਂ ਦੇ ਅੰਦਰ ਬਰੋਬਰ ਲਿਖਿਆ ਹੋਇਆ ਹੈ।

'ਸ਼ਬਦਾਰਥ' ਦਾ ਲੇਖਿਕ ਏਥੋਂ ਤੱਕ ਤਾਂ ਸੁੱਤਾ ਹੀ ਤੁਰਿਆਂ ਆਇਆ

ਹੈ । ਏਥੇ ਆ ਕੇ ਨੋਟ ਦੇਂਦਾ ਹੈ ਕਿ 'ਇਹ ਅੰਗ ਘਰਾਂ ਦੇ ਹਨ ।

ਉਸਨੂੰ ਇਹ ਸੂਝ ਨਹੀਂ ਆਈ ਕਿ 'ਘਰੁ' ਸ਼ਬਦ ਲਿਖੇ ਬਿਨਾ 'ਘਰੁ ਦਾ ਅੰਗ —ਲਿਖਣਾ' ਗੁਰਬਾਣੀ ਦੀ ਮਰਯਾਦਾ ਨਹੀਂ ? ਬਲਕਿ ਇਹ ਅੰਗ ਜਿਨਾਂ ਨਾਲ ਕੋਈ ਹੋਰ ਸ਼ਬਦ ਨਹੀਂ ਲਿਖਿਆ ਹੋਇਆ ਗਿਣਤੀ ਦੇ ਹੀ ਹਨ । ਇਹਨਾਂ ਅੰਗਾਂ ਨੂੰ ਘਰਾਂ ਵਾਲਿਆਂ ਸ਼ਬਦਾਂ ਦੇ ਨਾਲ ਵੀ ਗਿਣਤੀ ਵਾਸਤੇ ਹੀ ਲਿਖਿਆ ਹੋਇਆ ਹੈ । ਯਥਾ :—ਆਸਾ ਮਹਲਾ ੫ ਇਕ ਤੁਕੇ ੨॥ ਜੀਵਤ ਦੀਸੈ ਤਿਸੁ ਸਰਪਰ ਮਰਣਾ ॥ X X X (ਸਫਾ ੩੭੪)

ਮਹਲਾ ੪ ਰਾਗੁ ਆਸਾ ਘਰੁ ੬ ਕੇ ੩॥ ਹਥਿ ਕਰਿ ਤੰਤੁ ਵਜਾਵੈ ਜੋਗੀ X X (ਸਫਾ ੩੬੯)

ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ ॥ ਹਉ ਅਨਦਿਨੁ ਹਰਿਨਾਮੁ ਕੀਰਤਨੁ ਕਰਉ ॥ X X X (ਸਫਾ ੩੬੯) ਇਹ ਬਰੋਬਰ ਵਾਲੇ ਅੰਗ ਹਨ । ਜਿਨਾਂ ਦਾ ਗਿਣਤੀ ਤੋਂ ਬਿਨਾ ਕੋਈ ਹੋਰ ਮਤਲਬ ਨਹੀਂ ਹੈ, ੨ ਸ਼ਬਦ, ੩ ਸ਼ਬਦ ਅਤੇ ੨ ਸ਼ਬਦ ਹੀ ਇਨਾਂ ਦਾ ਅਰਥ ਹੈ ।

ਇਹਨਾਂ ਦੇ ਨਾਲ ਹੀ ਇਹਨਾਂ

ਗਿਣਤੀ ਅੰਗਾਂ ਨੂੰ ਸਤਰਾਂ ਤੋਂ ਥਲੇ ਵੀ ਲਿਖਿਆ ਹੋਇਆ ਹੈ ਯਥਾ :—ਰਾਗੁ ਆਸਾ ਘਰੁ ੮ ਕੇ ਕਾਫੀ ਮਹਲਾ ੪॥
੨
ਆਇਆ ਮਰਣੁ ਧੁਰਾਹੁ ਹਉਮੈ ਰੋਈਐ ॥ × × × (ਸਫਾ ੩੬੯)
ਇਨ੍ਹਾਂ ਪ੍ਰਮਾਣਾਂ ਤੋਂ ਇਹੋ ਦਸਿਆ ਗਿਆ ਹੈ ਕਿ ਅੰਗ ਭਾਂਵੇ ਬਰੋਬਰ ਲਿਖਿਆ ਹੋਇਆ ਹੋਵੇ ਅਤੇ ਭਾਂਵੇਂ ਸਤਰਾਂ ਤੋਂ ਥੱਲੇ ਲਿਖਿਆ ਹੋਵੇ—ਉਹ ਗਿਣਤੀ ਦਾ ਹੀ ਭਾਵ ਰਖਦਾ ਹੈ। ਇਹਨਾਂ ਨੂੰ ਘਰੁ ਮੰਨਣਾਂ ਗ਼ਲਤੀ ਹੈ।

੩੩੮ ਰਾਗੁ ਗਉੜੀ ੧੧॥ ਆਸ ਪਾਸ ਘਨ ਤੁਰਸੀ ਕਾ ਬਿਰਵਾ। × × ×

ਅੰਗ ਯਾਰਾਂ ਇਹ ਸਬੂਤ ਦੇਂਦਾ ਹੈ ਕਿ ਏਸ ਸ਼ਬਦ ਨਾਲ ਦਸ-ਸ਼ਬਦ ਹੋਰ ਵੀ ਸਨ। ਪ੍ਰੰਤੂ ਮੌਜੂਦਾ ਬੀੜ ਵਿਚ ਹੁਣ ਵਿਚਾਰਾ ਇਕੋ (ਸਵਾ ਲੱਖ) ਹੀ ਰੜੇ ਆਕੀ ਖਲੋਤਾ ਹੋਇਆ ਹੈ।

੩੩੮ ਗਉੜੀ ਪੂਰਬੀ ੧੨॥ ਬਿਪਲ ਬਸਤ੍ਰ ਕੇਤੇ ਹੈਂ ਪਹਿਰੇ × × ×

ਅੰਗ ਗਵਾਹੀ ਦੇਂਦਾ ਹੈ—ਮੇਰੇ ਨਾਲ ਯਾਰਾਂ ਹੋਰ ਸਨ। ਪ੍ਰੰਤੂ ਉਹਨਾਂ ਯਾਰਾਂ ਨੂੰ ਕਿਨ ਚੁਰਾਇਆ ? ਕਿਉਂ ਚੁਰਾਇਆ ? ਇਹ ਕੁਝ ਨਹੀਂ ਦਸਦਾ। ਗਵਾਹ ਮੌਜੂਦ ਹੈ—ਉਹ ਅਵਿਨਾਸ਼ੀ ਹੈ ਚੋਰਾਂ ਨੂੰ ਜ਼ਰੂਰ ਫੜ ਲਏਗਾ।

੩੩੯ ਗਉੜੀ ੧੨॥ ਮਨ ਰੇ ! ਛਾਡਹੁ ਭਰਮੁ ਪ੍ਰਗਟੁ ਹੋਇ ਨਾਚਹੁ × × ×

ਸ਼ਾਹਦ ਬੜਾ ਤਕੜਾ ਹੈ। ਲੋਕਾਂ ਨੇ ਕਈ ਸਦੀਆਂ ਤੋਂ ਇਸ ਖਜ਼ਾਨੇ ਦੀਆਂ ਚੋਰੀਆਂ ਸ਼ੁਰੂ ਕੀਤੀਆਂ ਹੋਈਆਂ ਸਨ।

		ਸਾਹਦ ਤਾਂ ੧੨ ਅੰਗ ਹੈ ਅਤੇ ਖੋਜੀ ਸੁਾਮੀ ਹੈ। ੧੧ ਸ਼ਬਦਾਂ ਨੂੰ ਚੁਰੋਣਵਾ ਲਿਆਂ ਨੂੰ ਜ਼ਰੂਰ ਪਕੜਨਾ ਹੈ। ਸ਼ਹੀਦਾਂ ਦੀ ਫੌਜ ਆਈ ਹੈ।
੩੩੮	ਗਉੜੀ ੧੩॥ ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥ × × ×	ਮੇਰੇ ਸਾਥੀ ਬਾਰਾਂ ਲੁੱਟੇ ਗਏ ਹਨ 'ਮੈਂ ਇਕੱਲਾ ਹੀ ਰਹਿ ਗਿਆ ਹਾਂ' ਤੇਰਾਂ। ਅੰਗ ਇਹ ਪੁਕਾਰ ਕਰ ਰਿਹਾ ਹੈ।
੩੩੮	ਗਉੜੀ ॥ ੫ ਲਖ ਚਉਰਾਸੀਹ ਜੀਅ ਜੋਨਿ ਮਹਿ × ×	ਸਤਰ ਦੇ ਹੇਠ ਲਿਖਿਆ ਪੰਜਾ ਅਜੇ ਆਪਣੀ ਮੰਡਲੀ ਪੂਰੀ ਲਈ ਬੈਠਾ ਹੈ। ਮਜ਼ਬੂਤ ਪਹਿਰੇਦਾਰ ਨੇ ਆਪਣੇ ਚਾਰ ਸਾਥੀ ਨਾਲ ਜਜੋਂ ਕੇ ਤਜੋਂ ਰਖੇ ਹੋਏ ਹਨ। "ਸਹੀ ਸਲਾਮਤਿ ਸਭਿ ਥੋਕ ਉਬਾਰਿਆ"।
੩੫੪	ਆਸਾ ਮਹਲਾ ੧ ਪੰਚਪਦੇ ੬ ਦੂਧ ਬਿਨੁ ਧੇਨੁ ਪੰਖ ਬਿਨੁ ਪੰਖੀ × × × ×	ਅੰਗ ਛੇ ਤੋਂ ਗਜਾਨ ਉਪਜਦਾ ਹੈ ਕਿ ਇਸ ਦੇ ਨਾਲ ਛੀ ਪੰਚਪਦੇ ਸਨ। ਭਾਂਵੇ ਆਸ਼ਾ ਮ: ੧ ਦੇ ਸ਼ਬਦ ਨੰ: ੧੯ ਤੋਂ ਲੈ ਕੇ ਸ਼ਬਦ ਨੰ: ੨੪ ਤਕ ਪੰਚਪਦੇ ਹੀ ਹਨ। ਪ੍ਰੰਤੂ ਸ਼ਬਦ ਨੰ: ੨੩ ਤੋਂ ਨਵਾਂ ਸਿਰਲੇਖ ਅੱਡਰਾ ਲਿਖਿਆ ਹੋਇਆ ਹੈ। ਜਿਸ ਕਰ ਕੇ ਦੋ ਵਿਚਾਰਾਂ ਉਪੰਜ ਪਈਆਂ ਹਨ ਕਿ ਜਾਂ ਤਾਂ ਸ਼ਬਦ ਨੰ: ੨੩ ਦਾ ਹੇਠਲਾ ਅੰਗ ਲਿਖਾਰੀ ਤੋਂ ਭੁੱਲ ਨਾਲ ਵਧੀਕ ਲਿਖਿਆ ਗਿਆ ਹੈ ਯਾ ਇਸ ਛੀਕੇ ਅੰਗ ਦੇ ਜੁਮਲੇ ਵਾਲੇ ਦੋ ਪੰਚਪਦੇ ਛੱਡੇ ਯਾ ਕੱਢੇ ਗਏ ਹਨ।

੩੫੬ ਆਸਾ ਮਹਲਾ ੧ ਪੰਚਪਦੇ ॥
੨
ਮੋਹੁ ਕੁਟੰਬੁ ਮੋਹੁ ਸਭ ਕਾਰ ॥
× × + ×

ਇਹ ਦੂਆ ਅੰਗ ਆਪਣੀ ਅਮਾਨਤ ਸੰਭਾਲ ਕੇ ਅਮਨ ਅਮਾਨ ਬੈਠਾ ਹੋਇਆ ਹੈ ।

੩੫੯ ਆਸਾ ਮਹਲਾ ੧ ਚਉਪਦੇ ॥
੪
ਵਿਦਿਆ ਵੀਚਾਰੀ ਤਾਂ ਪਰ-ਉਪਕਾਰੀ ॥ × × ×

ਇਹ ਚਾਰੇ ਚੌਪਦੇ ਸਹੀ ਸਲਾਮਤ ਮੌਜੂਦ ਹਨ । ਅੰਗ ਠੀਕ ਹਿਸਾਬ ਤੇ ਹੀ ਰਖਿਆ ਗਿਆ ਹੈ ।

੩੬੪ ਆਸਾ ਮਹਲਾ ੩ ਪੰਚਪਦੇ ।
੨
ਸ਼ਬਦਿ ਮਰੈ ਤਿਸੁ ਸਦਾ ਅਨੰਦ । × × ×

ਇਹ ਦੋਵੇਂ ਪੰਚਪਦੇ ਠੀਕ ਸਰੂਪ ਨਾਲ ਮੌਜੂਦ ਹਨ । ਅੰਗ ਆਪਣੀ ਡਿਊਟੀ ਤੇ ਠੀਕ ਹੈ ।

੩੬੮ ਮਹਲਾ ੪ ਰਾਗੁ ਆਸਾ
ਘਰੁ ੬ ਕੇ ੩ ॥ ਹਥਿ
ਕਰਿ ਤੰਤੁ ਵਜਾਵੈ ਜੋਗੀ × ×

ਅੰਗ ਤਿੰਨ ਹੈ ਅਤੇ ਸ਼ਬਦ ਵੀ ਤਿੰਨੇ ਮੌਜੂਦ ਹਨ । ਕੋਈ ਚੋਰੀ ਨਹੀਂ ਹੋਈ, ਮਾਲ ਠੀਕ ਠਾਕ ਹੈ ।

੩੬੯ ਰਾਗੁ ਆਸਾ ਘਰੁ ੮ ਕੇ
ਕਾਫੀ ਮਹਲਾ ੪ ॥
੨
ਆਇਆ ਮਰਣੁ ਧੁਰਾਹੁ
ਹਉਮੈ ਰੋਈਐ ॥ × × ×

ਦੋਵੇਂ ਸ਼ਬਦ ਹਨ ਅਤੇ ਦੂਆ ਹੀ ਅੰਗ ਹੈ । ਘਾਟਾ ਨਹੀਂ ਪਿਆ ।

੩੬੯ ਰਾਗੁ ਆਸਾਵਰੀ ਘਰੁ
੧੬ ਕੇ ੨ ਮਹਲਾ ੪
ਸੁਧੰਗ ॥ ਹਉ ਅਨਦਿਨੁ
ਹਰਿਨਾਮੁ ਕੀਰਤਨ ਕਰਉ
× × ×

ਦੋਹਾਂ ਸ਼ਬਦਾਂ ਦੇ ਹਿਸਾਬ ਨਾਲ ਦੂਆ ਅੰਗ ਆਪਣੀ ਭਾਵ ਸ਼ਿੰਖਲਾ ਠੀਕ ਦਸ ਰਿਹਾ ਹੈ ।

੩੭੩ ਆਸਾ ਮਹਲਾ ੫ ਪੰਚਪਦੇ ॥

੩॥ ਪ੍ਰਥਮੇ ਤੇਰੀ ਨੀਕੀ ਜਾਤਿ ॥ × × ×

ਪੰਚਪਦੇ ਤਿੰਨ ਠੀਕ ਹਨ ਪ੍ਰੰਤੂ ਪਹਿਲਾ ਚੋਤੁਕਾ ਪੰਚਪਦਾ ਹੈ ਅਤੇ ਦੋ ਇਕ ਤੁਕੇ ਪੰਚਪਦੇ ਹਨ। ਇਸ ਵਾਸਤੇ ਦੂਜੇ ਪੰਚਪਦੇ ਦਾ ਸਿਰਲੇਖ ਵੀ ਅੰਗ ਸਮੇਤ ਕਰ ਦਿਤਾ ਗਿਆ ਹੈ।

੩੭੪ ਆਸਾ ਮਹਲਾ ੫

ਇਕ ਤੁਕੇ ੨॥ ਜੀਵਤ ਦੀਸੈ ਤਿਸੁ ਸਰਪਰ ਮਰਣਾ ॥ × × ×

ਦੂਆ ਅੰਗ ਠੀਕ ਹੈ ਕਿਉਂਕਿ ਪਹਿਲਾਂ ਚੋਤੁਕਾ ਪੰਚਪਦਾ ਸੀ ਅਤੇ ਹੁਣ ਦੋ ਇਕਤੁਕੇ ਪੰਚਪਦੇ ਹਨ। ਮੈਨੂੰ ਏਸ ਵਿਚਾਰਧਾਰਾ ਵਿਚ ਡੁੱਬੇ ਹੋਏ ਨੂੰ ਇਹ ਵੀ ਮਾਲੂਮ ਪੈ ਰਿਹਾ ਹੈ ਕਿ ਕੁਝ ਥਾਵਾਂ ਏਹੋ ਜਹੀਆਂ ਵੀ ਹਨ। ਜਿਨਾਂ ਦੇ ਅੰਗ ਲਿਖਾਰੀਆਂ ਤੋਂ ਨਕਲਾਂ ਕਰਨ ਵੇਲੇ ਅਣਗਹਿਲੀ ਨਾਲ ਛੁੱਟੇ ਹੋਏ ਹਨ। ਯਥਾ :—

ਆਸਾ ਮਹਲਾ ੫ ਇਕਤੁਕੇ ਚਉਪਦੇ ॥ ਇਕ ਘੜੀ ਦਿਨਸੁ ਮੋਕਉ ਬਹੁਤ ਦਿਹਾਰੇ ॥ × × ×

ਮੇਰੇ ਖਯਾਲ ਅਨੁਸਾਰ 'ਇਕਤੁਕੇ ਚਉਪਦੇ' ਪਦ ਦੇ ਹੇਠ ਅੰਗ ਸੀ ਜੋ ਲਿਖਾਰੀ ਦੀ ਅਣਗਹਿਲੀ ਨਾਲ ਛੁੱਟ ਗਿਆ ਹੈ। ਕਿਸੇ ਬੀੜ ਚੋਂ ਜ਼ਰੂਰ ਮਿਲ ਜਾਵੇਗਾ।

੩੭੭ ਆਸਾ ਮਹਲਾ ੫ ਤਿਪਦੇ੨॥

ਦੂਏ ਅੰਗ ਦੇ ਹਿਸਾਬ ਨਾਲ ਅਤੇ

ਹਰਿ ਰਸੁ ਪੀਵਤ ਸਦ ਹੀ ਰਾਤਾ ॥ ×××

ਮੌਜੂਦਾਤ ਦੇ ਹਿਸਾਬ ਨਾਲ ਏਥੇ ਠੀਕ ਦੋ ਹੀ ਤਿਪਦੇ ਹਨ ।

੩੭੮ ੩੪॥ ਦੂਜੇ ਘਰ ਕੇ ਚਉਤੀਸ ।

ਬੇਸਕ ! ਇਹ ਗਿਣਤੀ ਜੁਮਲਾਂ ਪਦਾਂ ਦੀ ਹੈ । ਜਿਹੜੀ ਕਿ ਤਖਤੀਆਂ ਦੇ ਆਖਿਰ ਕੀਤੀ ਜਾਂਦੀ ਹੈ । ਉਪਰੋਕਤ ਪ੍ਰਕਰਣ ਸਿਰਲੇਖਾਂ ਦੇ ਨਾਲ ਅੰਗਾਂ ਦੀ ਆਦਿ ਵਿਚ ਗਿਣਤੀ ਦਾ ਹੈ । ਇਹ ਨੋਟ ਸਿਰਫ ਏਸ ਵਾਸਤੇ ਕੀਤਾ ਗਿਆ ਹੈ ਕਿ ਜੁਮਲਾ ਗਿਣਤੀ ਦਾ ਇਹ ਪਾਠ ਅਸ਼ੁੱਧ ਹੈ ਕਿਉਂਕਿ 'ਦੂਜੇ ਘਰ ਦੇ ਸੈਂਤੀ' ਸ਼ਬਦ ਹਨ ਤੇ ਜੁਮਲਾ ਗਿਣਤੀ ਘਰ ਦੇ ਸ਼ਬਦਾਂ ਦੇ ਅੰਤ ਵਿਚ ਚਾਹੀਦੀ ਸੀ ਰਾਗੁ ਆਸਾ ਮ: ੫ ਦਾ ਅਠੱਤੀਵਾਂ ਸ਼ਬਦ ਹੀ ਘਰ ਤੀਜੇ ਦਾ ਪਹਿਲਾ ਸ਼ਬਦ ਹੈ । ਵੇਖੋ ਪ੍ਰੈਸ ਦੀ ਬੀੜ ਦਾ ਸਫਾ ੩੭੯ ।

੩੯੦ ਆਸਾ ਮਹਲਾ ੫ ਦੁਤੁਕੇ੯॥

ਉਨ ਕੈ ਸੰਗਿ ਤੂ ਕਰਤੀ ਕੇਲ ॥ ×××

ਬੀੜ ਦਾ ਸ਼ਬਦ ਨੰ. ੩੧॥ ੮੨ ਮ: ੫ ਤੋਂ ਲੈ ਕੇ ਸ਼ਬਦ ਨੰ. ੩੯ ॥ ੯੦ ਤਕ ਦੁਤੁਕੇ ਚੋਪਦੇ ਨੌਂ ਹੀ ਹਨ ।

੩੯੩ ਆਸਾ ਮਹਲਾ ੫ ਪੰਚਪਦਾ॥ ੧

ਜਿਹ ਪੈਡੇ ਲੂਟੀ ਪਨਿਹਾਰੀ ॥ ×××

ਪੰਚਪਦਾ ਸ਼ਬਦ ਨੰ. ੪੦ ॥ ੯੧ ਠੀਕ ਇੱਕੋ ਹੈ ।

੩੯੩ ਆਸਾ ਮਹਲਾ ੫ ਦੁਪਦਾ ੧॥

ਇਕ ਦੁਪਦਾ ਲਿਖ ਕੇ ਅਗੇ ਸਿਰ-

	ਸਾਧੂ ਸ਼ੰਗਿ ਸਿਖਾਇਓ ਨਾਮੁ ॥ X X X	ਲੇਖ ਵਿਚ ਦੁਬਾਰਾ 'ਘਰੁ ੭' ਪਦ ਲਿਖਿਆ ਗਿਆ ਹੈ। ਜਿਹੜਾ ਕਿ ਸਫੇ ੩੯੪ ਉਪਰ ਪਹਿਲੇ ਵੀ ਲਿਖਿਆ ਹੋਇਆ ਸੀ। ਇਸ ਪਾਠ ਅਤੇ ਸਫੇ ੩੭੯ ਦੇ 'ਦੂਜੇ ਘਰ ਕੇ ਚਉਤੀਸ' ਪਾਠ ਤੋਂ ਮਾਲੂਮ ਪੈਂਦਾ ਹੈ ਕਿ ਇਹਨਾਂ ਪਠਾਂ ਅਰਥਾਤ ਆਸਾ ਮਹਲਾ ੫ ਘਰੁ ੨ ਦੇ ੩੩ ਸ਼ਬਦਾਂ ਤੋਂ ਬਾਦ ਵੀ ਖੋਜੀ ਲਿਖਾਰੀਆਂ ਨੂੰ ਆਸਾ ਮ: ੫ ਘਰੁ ੨ ਦੇ ਤਿੰਨ ਸ਼ਬਦ ਹੋਰ ਮਿਲ ਗਏ ਜਿਹੜੇ ਕਿ ਉਹਨਾਂ ਬੀੜ ਵਿਚ ਯਥਾ ਯੋਗ ਸਥਾਨ ਤੇ ਲਿਖੇ। ਆਸ਼ਾ ਮ: ੫ ਘਰੁ ੭ ਦੇ ਸ਼ਬਦ ਨੰ. ੪੧ ॥ ੯੨ ਤੋਂ ਬਾਦ ਖੋਜੀ ਲਿਖਾਰੀਆਂ ਨੂੰ ਦਸ ਸ਼ਬਦ ਹੋਰ ਆਸਾ ਮ. ੫ ਘਰੁ ੭ ਦੇ ਮਿਲ ਗਏ ਉਹਨਾ ਨੇ ਨਵਾਂ ਸਿਰਲੇਖ 'ਆਸਾ ਘਰੁ ੭ ਮਹਲਾ ੫' ਦੇ ਕੇ ਅੱਗੇ ਲਿਖ ਦਿਤੇ ਹਨ। ਨਹੀਂ ਤਾਂ ਏਥੇ 'ਘਰੁ ੭' ਅਤੇ ਸਫੇ ੩੭੯ ਤੇ 'ਦੂਜੇ ਘਰ ਕੇ ਚਉਤੀਸ' ਪਾਠ ਲਿਖਣ ਦਾ ਕੋਈ ਮਤਲਬ ਹੀ ਨਹੀਂ ਸੀ।
੪੭੯	ਆਸਾ ਸ੍ਰੀ ਕਬੀਰ ਜੀਉਕੇ	
	ਪੰਚਪਦੇ ੯ ਦੁਤੁਕੇ ੫ ॥ ਪਾਤੀ ਤੋਰੈ ਮਾਲਿਨੀ ਪਾਤੀ ਜੀਉ ॥ X X X	ਪੰਚਪਦੇ ਠੀਕ ਨੌਂ ਹੀ ਹਨ 'ਪੰਚਪਦੇ ੯' ਦਾ ਅਰਥ ਹੋ ਗਿਆ। ਇਹਨਾਂ ਨੌਆਂ ਦੀ ਅੱਗੇ ਤਕਸੀਮ (ਵੰਡ) ਕੀਤੀ ਗਈ ਹੈ ਕਿ ਦੁਤੁਕੇ ਪੰਚਪਦੇ ਪੰਜ ਹਨ। ਅਤੇ ਇਕਤੁਕੇ ਪੰਚਪਦੇ ਚਾਰ ਹਨ।

ਇਕਤੁਕਿਆਂ ਦੀ ਤਫਸੀਲ ਸਫੇ ੪੮੦ ਆਸਾ ਕਬੀਰ ਜੀ ਦੇ ਬਬਦ ਨੰ. ੬ ॥ ੧੯ ਦੇ ਆਦਿ ਵਿਚ ਕੀਤੀ ਹੋਈ ਹੈ। ਜਿਥੋਂ ਇਕਤੁਕੇ ਪੰਚਪਦੇ ਸ਼ੁਰੂ ਹੁੰਦੇ ਹਨ।

੪੮੦ ਆਸਾ ਇਕਤੁਕੇ ੪॥ ਸਰਪਨੀ ਤੇ ਊਪਰਿ ਨਹੀ ਬਲੀਆ ॥×××

ਹੈਨ ਤਾਂ ਇਹ ਵੀ ਪੰਚਪਦੇ ਪ੍ਰੰਤੂ ਪਿੱਛੇ ਆਏ ਦੁਤੁਕੇ ਪੰਚਪਦੇ ਪੰਜ ਹਨ ਅਤੇ ਹੁਣ ਇਸ ਤੋਂ ਅੱਗੇ ਇਕਤੁਕੇ ਚਾਰ ਪੰਚਪਦੇ ਲਿਖਦੇ ਹਾਂ, ਇਓਂ ਸਾਰੇ ਮਿਲਕੇ ਜੁਮਲਾ ਨੌ ਹੋਏ ਹਨ।

੪੯੧ ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮, ਦੁਤੁਕੇ ੭, ਇਕਤੁਕਾ ੧॥ ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥××

ਸ਼੍ਰੀ ਕਬੀਰ ਜੀ ਦੇ ਆਸਾ ਰਾਗੁ ਵਿਚ ਤਿਪਦੇ (ਸ਼ਬਦ) ਅੱਠ ਹਨ। ਉਹਨਾਂ ਅੱਠਾਂ ਦੀ ਵੰਡ ਇਓਂ ਹੈ ਕਿ ਦੁਤੁਕੇ ਤਿਪਦੇ ਸੱਤ ਹਨ ਅਤੇ ਇਕਤੁਕਾ ਤਿਪਦਾ ਇਕ ਹੈ। ੭+੧=੮ ਹੋਏ।

ਮੈਂ ਸਰਸਰੀ ਤੌਰ ਤੇ ਸਾਰੀ ਬੀੜ ਜੀ-ਦੇ ਸਿਰਲੇਖਾਂ ਤੇ ਦ੍ਰਿਸ਼ਟੀ ਫੇਰੀ ਹੈ। ਪ੍ਰੰਤੂ ਮੈਨੂੰ ਆਸਾ ਰਾਗੁ ਤੋਂ ਅੱਗੇ ਕਿਸੇ ਵੀ ਸਬਦ ਦੇ ਆਦਿ ਵਿਚ ਗਿਣਤੀ ਦੇ ਅੰਗ ਨਹੀਂ ਮਿਲੇ। ਸ਼ਾਇਦ-ਇਹ ਅੰਗ ਸਾਰੀ ਬੀੜ ਵਿਚ ਹੀ ਪਹਿਲੋਂ ਲਿਖੇ ਜਾਂਦੇ ਹੋਣਗੇ। ਲਿਖਾਰੀਆਂ ਨੂੰ ਆਦਿ ਤੇ ਅੰਤ ਦੋਵੇਂ ਗਿਣਤੀਆਂ ਮਿਲੌਣੀਆਂ ਔਖੀਆਂ ਪ੍ਰਤੀਤ ਹੋਈਆਂ ਹਨ। ਜਿਸ ਕਾਰਣ ਤੋਂ ਉਹਨਾਂ ਆਦਿ ਗਿਣਤੀ ਨੂੰ ਲਿਖਣ ਦੀ ਸ਼ੈਲੀ ਹੀ ਤਜਾਗ ਦਿੱਤੀ ਹੈ। ਇਹ ਬਹੁਤ ਚੰਗਾ ਕੰਮ ਕੀਤਾ ਨੇ ਕਿਉਂਕਿ ਨਾ ਰਹੇਗਾ ਬਾਂਸ਼, ਨਾ ਵਜੇਗੀ ਬਾਂਸੁਰੀ ?

ਜਿਹੜੇ ਸੰਪ੍ਰਦਾਈ ਗਜਾਨੀ ਇਹਨਾਂ ਅੰਗਾਂ ਨੂੰ 'ਘਰੁ' ਦੇ ਅੰਗ, ਮੰਨ ਦੇ ਹਨ। ਉਹਨਾਂ ਤੇ ਪ੍ਰਸ਼ਨ ਉਠਦਾ ਹੈ ਕਿ ਜੇ ਇਹ ਘਰਾਂ ਦੇ ਅੰਗ ਹੁੰਦੇ ਤਾਂ ਘਰਾਂ

ਵਾਲਿਆ ਸ਼ਬਦਾਂ ਨਾਲ ਇਹ ਨਹੀਂ ਚਾਹੀਦੇ ਸਨ। ਪ੍ਰੰਤੂ ਬੀੜ ਦੇ ਸਫੇ ੩੬੮ ਅਤੇ ੩੬੯ ਉਤੇ ਘਰਾਂ ਦੇ ਨਾਲ ਹੇਠਾਂ ਤੇ ਬਰੋਬਰ ਏਹੋ ਅੰਗ ਲਿਖੇ ਹੋਏ ਹਨ। ਜਿਹੜੇ ਸਹੀ ਗਿਣਤੀ ਦਸ ਰਹੇ ਹਨ। ਨਿਯਮ ਸਾਰੀਆਂ ਥਾਵਾਂ ਵਿਚ ਇੱਕ ਹੀ ਹੁੰਦਾ ਹੈ। ਏਸ ਵਾਸਤੇ ਇਹ ਅੰਗ ਗਿਣਤੀ ਦੇ ਹੀ ਹਨ। ਘਰਾਂ ਦੇ ਨਹੀਂ। ਇਹਨਾਂ ਚੋਂ ਘਟੇ ਹੋਏ ਭਗਤ ਬਾਣੀ ਦੇ ੬੧ ਸ਼ਬਦ ਹਨ।

ਕਿੰਨ੍ਹਾ ਕਿੰਨਾਂ ਗ੍ਰੰਥਾਂ ਚੋਂ ਬਾਣੀ ਦਾ ਸੰਚਯ ਕੀਤਾ

ਪਾਵਨ ਬਾਣੀ ਦਾ ਸੰਚਯ ਕਿਸੇ ਇਕ ਵਯਕਤੀ ਤੋਂ ਤਿਆਰ ਨਹੀਂ ਹੋਇਆ। ਬਲਕਿ ਗ੍ਰੰਥਾਂ ਤੋਂ ਤ੍ਰਿਆਰ ਹੋਇਆ ਹੈ। ਜਿਸ ਤਰ੍ਹਾਂ ਕੁਰਾਨ ਮਜੀਦ,ਤੌਰੇਤ, ਅੰਜੀਲ ਅਤੇ ਜਬੂਰ ਤੋਂ ਤਿਆਰ ਹੋਇਆ ਹੈ ਕਿਉਂਕਿ ਜਿਹੜੇ ਪ੍ਰਕਰਣ ਸ੍ਰਿਸ਼ਟੀ-ਰਚਨਾ ਆਦਿ ਤੌਰੇਤ ਵਿਚ ਅਤੇ ਬਾਇਬਲ ਵਿਚ ਹਨ—ਓਹੀ ਕੁਰਾਨ ਮਜੀਦ ਵਿਚ ਮੌਜੂਦ ਹਨ। ਏਸੇ ਤਰ੍ਹਾਂ ਜਿਹੜਾ ਅਧਯਾਤਮ ਵਾਦ ਨਾਰਦ ਭਗਤੀ ਸੂਤ੍ਰ, ਪੰਚਰਾਤ੍ਰ, ਬ੍ਰਹਮ ਸੂਤ੍ਰ, ਉਪਨਿਸ਼ਦਾਂ ਅਤੇ ਪੁਰਾਣਾਂ ਵਿਚ ਹੈ—ਓਹੋ ਹੀ ਗੁਰਬਾਣੀ ਵਿਚ ਹੈ। ਤਰਕ ਦਾ ਮਾਰਗ ਨ੍ਯਾਯ ਵਿਚ ਮੌਜੂਦ ਹੈ। ਕੋਈ ਨਵੀਂ ਗਲ ਨਹੀਂ—ਜਿਹੜੀ ਪਹਿਲੋਂ ਨਹੀਂ ਹੋ ਸਕੀ ਤੇ ਹੁਣ ਹੋ ਗਈ ਹੈ। ਫਰਕ ਸਿਰਫ ਲੋਕਾਂ ਦੇ ਪ੍ਰਚਾਰ ਦਾ ਹੁੰਦਾ ਹੈ। ਸਰਲ ਭਾਸ਼ਾ ਦਾ ਪ੍ਰਚਾਰ ਆਮ ਲੋਕਾਂ ਨੂੰ ਸਮਝਣਾ ਸੁਖੇਨ ਹੁੰਦਾ ਹੈ। ਕਠਿਨ ਭਾਸ਼ਾ ਦਾ ਪ੍ਰਚਾਰ ਵਿਦ੍ਵਾਨ ਹੀ ਸਮਝ ਸਕਦੇ ਹਨ। ਸਿਖ ਇਤਿਹਾਸਿਕਾਂ ਨੇ ਏਥੇ ਇਕ ਹੋਰ ਗਲ ਲਿਖੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਵਿਚੋਂ ਬਾਬਾ ਮੋਹਣ ਜੀ (ਸ੍ਰੀ ਗੁਰੂ ਅਮਰਦਾਸ ਜੀ ਦੇ ਪੁਤ੍ਰ) ਪਾਸੋਂ ਪੋਥੀਆਂ ਲਿਆਏ। ਇਹ ਪੋਥੀਆਂ ਸੰਸਰਾਮ ਜੀ ਦੀਆਂ ਲਿਖੀਆਂ ਹੋਇਆਂ ਸਨ, ਸੰਸਰਾਮ ਜੀ ਬਾਬਾ ਮੋਹਣ ਜੀ ਦੇ ਸਪੁਤ੍ਰ ਸਨ।

ਬਾਬਾ ਮੋਹਣ ਜੀ ਦਾ ਜਨਮ ਸੰਮਤ੧੫੯੩ ਵਿਚ ਹੋਇਆ। ਸ੍ਰੀ ਮੋਹਣ ਜੀ ਅਤੇ ਮੋਹਰੀ ਜੀ ਯਮਲ (ਜੌੜੇ) ਸਨ (ਮਹਿਮਾ ਪ੍ਰਕਾਸ਼) ੨੦ ਸਾਲ ਦੀ ਉਮਰ (ਸੰਮਤ ੧੬੩੧) ਵਿਚ ਸ਼ਾਦੀ ਹੋਈ। ਦੋ ਸਾਲ ਬਾਦ (ਸੰਮਤ ੧੬੫੧ ਵਿਚ) ਸੰਸਰਾਮ ਜੀ ਦਾ ਜਨਮ ਹੋਇਆ। ੨੫ ਸਾਲ ਦੀ ਉਮਰ (ਸੰਮਤ ੧੬੪੦) ਤਕ ਪ੍ਰਵਰਸ਼ ਅਤੇ

ਵਿਦਿਆ ਅਥਵਾ ਗੁਰੁਮੁਖੀ ਲਿਖਣ ਦਾ ਅਭਿਆਸ ਕੀਤਾ । ਫਿਰ ਬਾਣੀ ਦੀ ਪ੍ਰਾਪਤੀ ਲਈ ਦੇਸ਼ ਪ੍ਰਦੇਸ਼ ਗਾਹਣ ਵਿਚ ਦਸ ਕੁ ਸਾਲ ਸਮਾਂ ਜ਼ਰੂਰ ਚਾਹੀਦਾ ਹੈ ਜਿਸ ਤੋਂ ਸੰਮਤ ੧੬੫੦ ਬਣ ਜਾਂਦਾ ਹੈ। ਪੋਥੀਆਂ ਦੇ ਲਿਖਣ ਦਾ ਸਮਯ ਘਟੋ ਘਟ ਦੋ ਸਾਲ (ਸੰਮਤ ੧੬੫੨) ਹੋਣਾ ਹੈ। ਸੰਮਤ ੧੬੫੨ ਤੋਂ ੧੬੬੦ ਤੱਕ ਸ੍ਰੀ ਬਾਬਾ ਮੋਹਣ ਜੀ ਪਾਸ ਪੋਥੀਆਂ ਰਹੀਆਂ । ਸੰਸਰਾਮ ਜੀ ਦਾ ਪਰਲੋਕ ਕਦੋਂ ਹੋਇਆ—ਇਤਿਹਾਸ ਨਹੀਂ ਦਸਦਾ। ਬਾਬਾ ਮੋਹਣ ਜੀ ਦੇ ਪਰਲੋਕ-ਸਿਧਾਰਨ ਦਾ ਸੰਮਤ ਭੀ ਇਤਿਹਾਸ ਚੋਂ ਨਦਾਰਦ ਹੈ । ਸ੍ਰੀ ਗੁਰੂ ਅਮਰਦਾਸ ਜੀ ਦਾ ਸੰਮਤ ੧੬੩੭ ਵਿਚ ਪਰਲੋਕ ਸਿਧਾਰਨ ਹੋ ਗਿਆ । ਗੁ. ਪ੍ਰ. ਸੂ, ਵਿਚ ਬਾਬਾ ਮੋਹਣ ਜੀ ਨੂੰ ਤਿਆਗੀ (ਸਾਧੂ) ਲਿਖਿਆ ਹੋਇਆ ਹੈ । ਇਤਿਹਾਸਾਂ ਦੀ ਠੀਕ ਗਵ ਹੀ ਹੈ ਕਿ ਸ੍ਰੀ ਗੁਰੂ ਅਰਜੁਨ ਦੇਵ ਜੀ ਬਾਬਾ ਮੋਹਣ ਜੀ ਤੋਂ ਗੁਰਬਾਣੀ ਦੀਆਂ ਪੋਥੀਆਂ ਲਿਆਏ ਹਨ ? ਪ੍ਰੰਤੂ ਹੈਰਾਨਗੀ ਏਸ ਗਲ ਦੀ ਹੈ ਕਿ ਸਾਰੀਆਂ ਪੁਰਾਤਨਿ ਬੀੜਾਂ ਦੇ ਤਤਕਰੇ ਵਿਚ ਲਿਖਿਆ ਹੋਇਆ ਹੈ 'ਜਪੁ ਗੁਰੂ ਰਾਮਦਾਸ ਜੀ ਕੇ ਨਕਲ ਕਾ ਨਕਲੁ' । ਸ੍ਰੀ ਗੁਰੂ ਰਾਮਦਾਸ ਜੀ ਦੀ ਲਿਖਤ ਕਿਸੇ ਪੋਥੀ ਯਾ ਜਪੁ ਦਾ ਕਿਸੇ ਇਤਿਹਾਸਕਾਰ ਨੇ ਕੋਈ ਜ਼ਿਕਰ ਨਹੀਂ ਕੀਤਾ, ਜਿਸ ਨੂੰ ਸ੍ਰੀ ਗੁਰੁ ਅਰਜੁਨ ਦੇਵ ਜੀ ਨੇ ਪ੍ਰਾਪਤ ਕੀਤਾ ਹੋਵੇ । ਗਿਆਨੀ ਈਸਰ ਸਿੰਘ ਜੀ ਨਾਰਾ ਦਿੱਲੀ ਗੇਟ (ਦਿੱਲੀ) ਨੇ ਲਿਖਿਆ ਹੈ ਕਿ ਸ੍ਰੀ ਗੁਰੂ ਅਰਜੁਨ ਦੇਵ ਜੀ ਸ੍ਰੀ ਸਤਿਗੁਰੂ ਸ੍ਰੀ ਚੰਦ੍ਰ ਜੀ ਮਹਾਰਾਜ ਪਾਸੋਂ ਬਾਰਠ (ਜ਼ਿਲਾ ਗੁਰਦਾਸਪੁਰ) ਵਿਚੋਂ ਵੀ ਗੁਰੁਬਾਣੀ ਦੀਆਂ ਪੋਥੀਆਂ ਲਿਆਏ ਹਨ। ਪ੍ਰੰਤੂ ਸ੍ਰੀ ਗੁਰੂ ਰਾਮਦਾਸ ਜੀ ਦੇ ਬਾਰੇ ਕਿਸੇ ਇਤਿਹਾਸਕਾਰ ਨੇ ਕੋਈ ਪਤਾ ਨਹੀਂ ਦਿਤਾ। ਤ੍ਰਾਰੀਖ ਗੁਰੂ ਖਾਲਸਾ ਹਿੱਸਾ ੧ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਸਤਿਗੁਰੂ ਸ੍ਰੀ ਚੰਦ੍ਰ ਜੀ ਦਾ ਪੋਥੀ ਅਤੇ ਮਾਲਾ ਦਾ ਝਗੜਾ ਹੋਇਆ ਲਿਖਿਆ ਹੈ। ਪ੍ਰੰਤੂ ਏਸ ਤੋਂ ਪੋਥੀ ਸ੍ਰੀ ਗੁਰੂ ਅੰਗਦ ਜੀ ਪਾਸ ਸਾਬਤ ਹੁੰਦੀ ਹੈ। ਸ੍ਰੀ ਸਤਿਗੁਰੂ ਸ੍ਰੀ ਚੰਦਰ ਜੀ ਮਹਾਰਾਜ ਪਾਸ ਕੋਈ ਪੋਥੀ ਸਾਬਤ ਨਹੀਂ ਹੁੰਦੀ। ਇਹਨਾਂ ਸਾਰੀਆਂ ਕਥਾਂ ਤੋਂ ਮੇਰਾ ਮਤਲਬ ਇਹ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦਾ ਜ਼ਿਕਰ ਬੀੜਾਂ ਵਿਚੋਂ ਮਿਲਦਾ ਹੈ। ਸੰਸਰਾਮ ਜੀ ਦਾ ਜ਼ਿਕਰ ਇਤਿਹਾਸਾਂ ਚੋਂ ਮਿਲਦਾ ਹੈ। ਇਹਨਾਂ ਦੋਹਾਂ 'ਚੋਂ ਸਹੀ ਕਿਹੜਾ ਹੈ ? ਏਸ ਸਵਾਲ ਦਾ ਹੱਲ ਕੀਤਾ ਜਾਵੇ। ਏਸ ਦੇ ਹੱਲ ਕਰਨ ਤੋਂ ਪਹਿਲਾਂ ਇਕ ਹੋਰ ਖ਼ਿਆਲ ਵੀ ਆਇਆ ਹੈ ਕਿ ਸ੍ਰੀ 'ਗਇੰਦਵਾਲ ਜੀ ਅਤੇ ਅਈਯਾਪੁਰ (ਜ਼ਿਲਾ ਹੁਸਿਆਰਪੁਰ) ਵਿਚ ਭਲੇ ਸਾਹਿਬਜ਼ਾਦਿਆਂ ਪਾਸ ਦੋ ਪੋਥੀਆਂ

ਵੀ ਹਨ। ਜਿਨ੍ਹਾਂ ਦਾ ਜ਼ਿਕਰ ਪ੍ਰਿੰਸੀਪਲ ਤੇਜਾ ਸਿੰਘ ਜੀ ਐਮ. ਏ. ਨੇ ਜੂਨ ੧੯੫੬ ਦੇ ਗਿਆਨ ਅੰਮ੍ਰਿਤ ਰਸਾਲੇ ਵਿਚ ਕੀਤਾ ਹੈ। ਉਨ੍ਹਾਂ ਦਸਿਆ ਹੈ ਕਿ ਪੋਥੀਆਂ ਵਿਚ ੧੯ ਰਾਗ ਹਨ। ਭਗਤ ਬਾਣੀ ਵੀ ਹੈ। ਬਾਣੀ ਸ੍ਰੀ ਗੁਰੂ ਨਾਨਕ, ਗੁਰੂ ਅੰਗਦ ਅਤੇ ਗੁਰੂ ਅਮਰਦਾਸ ਜੀ ਦੀ ਹੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਉਨ੍ਹਾਂ ਪੋਥੀਆਂ ਵਿਚ ਨਹੀਂ ਹੈ। ਸ੍ਰ. ਬ. ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਵੀ ਪੋਥੀਆਂ ਅਤੇ ਸ੍ਰੀ ਗੁਰੂ ਅਰਜੁਨ ਦੇਵ ਜੀ ਵਾਲੀ ਪਾਲਕੀ ਦਾ ਜ਼ਿਕਰ ਕੀਤਾ ਹੈ। ਪ੍ਰੰਤੂ ਸ੍ਰੀ ਗੁਰੂ ਰਾਮਦਾਸ ਜੀ ਪਾਸ ਜਿਹੜਾ ਬਾਣੀ ਦਾ ਸੰਚਯ ਸੀ. ਉਸ ਦਾ ਜ਼ਿਕਰ ਕਿਸੇ ਨਹੀਂ ਕੀਤਾ।

ਅਸਲ ਵਿਚ :—ਬਾਣੀ ਦਾ ਸੰਚਯ ਕਰਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ, ਆਪ ਜੀ ਨੇ ਬਹੁਤ ਦੇਸ਼ਾਂ ਵਿਚ ਫਿਰ ਕੇ ਅਤੇ ਕਰੀਬਨ ਕਰੀਬਨ ਹਰੇਕ ਮੁਲਕ ਵਿਚ ਜਾ ਕੇ, ਹਰਿ ਮਹਾਂਪੁਰਸ਼ਾਂ ਦੇ ਅਨੁਯਾਈਆਂ (ਸਿਖਾਂ ਸੇਵਕਾਂ) ਨੂੰ ਮਿਲ ਕੇ ਬਾਣੀਆਂ ਨੂੰ ਲਿਆਂਦਾ, ਉਹ ਬਾਣੀ 'ਭਗਤ ਬਾਣੀ' ਨਾਮ ਵਾਲਾ ਸੰਚਯ ਹੈ। ਓਸ ਬਾਣੀ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਚਾਰ ਕਰਦੇ ਰਹੇ। ਆਪਣੀ ਬਾਣੀ ਸ੍ਰੀ ਕਰਤਾਰਪੁਰ (ਰਾਵੀ ਦੇ ਕੰਢੇ) ਰਹਿਣ ਦੇ ਸਮਯ ਉਚਾਰਨ ਕੀਤੀ— ਜਨਮ ਸਾਖੀ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਅੰਗਦ ਜੀ ਨੂੰ ਉਪਦੇਸ਼ ਰੂਪ 'ਜਪੁ' ਏਥੇ ਹੀ ਉੱਚਾਰਿਆ। 'ਜਦੋਂ ਜਪੁ ਜੀ (ਆਦਿ ਬਾਣੀ) ਦਾ ਹੀ ਉੱਚਾਰਨ ਏਥੇ ਹੋਇਆ ਹੈ' ਤਾਂ ਹੋਰ ਬਾਣੀ ਦਾ ਉੱਚਾਰਨ ਇਸ ਤੋਂ ਪਹਿਲੋਂ ਨਹੀਂ ਹੋ ਸਕਦਾ, ਇਹ ਮੇਰਾ ਵਿਚਾਰ ਹੈ। ਹੋਰ ਸੰਪੂਰਣ ਬਾਣੀ ਵੀ ਸ੍ਰੀ ਕਰਤਾਰਪੁਰ ਵਿਚ ਹੀ ਉੱਚਾਰਨ ਕੀਤੀ। ਜਿਸ ਨੂੰ ਸ੍ਰੀ ਗੁਰੂ ਅੰਗਦ ਜੀ ਨੇ ਸ੍ਰੀ ਗੁਰੂ ਨਾਨਕ ਜੀ ਦੇ ਇਕਤ੍ਰਿਤ ਕੀਤੇ ਸੰਚਯ ਵਿਚ ਹੀ ਲਿਖਿਆ। ਸ੍ਰੀ ਗੁਰੂ ਨਾਨਕ ਜੀ ਦਾ ਪ੍ਰਲੋਕ ਸੰਮਤ **੧੫੯੬** ਵਿਚ ਹੋਇਆ ਅਤੇ ਸ੍ਰੀ ਗੁਰੂ ਅੰਗਦ ਜੀ ਪਾਸ ਸ੍ਰੀ ਗੁਰੂ ਅਮਰਦਾਸ ਜੀ ਸੰਮਤ **੧੫੯੭** ਵਿਚ ਹੀ ਆ ਗਏ, ਓਸੇ ਸੰਚਯ ਵਿਚ ਸ੍ਰੀ ਗੁਰੂ ਅੰਗਦ ਜੀ ਦੀ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਨੇ ਨਵੀਂ ਲਿਖਤ ਕਰ ਕੇ ਦਾਖਲ ਕਰ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਸ੍ਰੀ ਗੁਰੂ ਰਾਮਦਾਸ ਜੀ ਸੰਮਤ ੧੬੦੫ ਨੂੰ (ਚੌਦਾਂ ਸਾਲ ਦੀ ਉਮਰ ਵਿਚ) ਆਏ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਨੂੰ ਨਵਾਂ ਖਰੜਾ ਲਿਖ ਕੇ ਉਸ ਪੁਰਾਤਨਿ ਸੰਚਯ ਵਿਚ ਦਾਖਲ ਕੀਤਾ। ਉਹ ਸੰਚਯ ਸ੍ਰੀ ਗੁਰੂ ਅਰਜੁਨ ਜੀ

ਨੇ ਪ੍ਰਾਪਤ ਕੀਤਾ ਅਤੇ ਸ਼੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਨੂੰ ਵਿਚ ਲਿਖਵਾ ਕੇ ਨਵਾਂ ਖਰੜਾ ਰਚਿਆ। ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਬਾਣੀ ਨੂੰ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਨੇ ਓਸੇ ਸੰਚਯ ਦਾ ਨਵਾਂ ਖਰੜਾ ਤਿਆਰ ਕਰਵਾ ਕੇ ਦਾਖਲ ਕਰ-ਵਾਇਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਓਸੇ ਸੰਚਯ ਵਿਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਾਖਲ ਕੀਤਾ। ਮੈਨੂੰ ਸਿਰਫ ਭੱਟਾਂ ਦੀ ਬਾਣੀ ਦਾ ਹੱਲ ਨਹੀਂ ਲੱਭਾ ਕਿ ਇਹ ਕਿਸ ਲਿਆਂਦੀ ਤੇ ਕਦੋਂ ਬੀੜ ਵਿਚ ਆਈ ਹੈ ? ਬਾਕੀ ਮੇਰੀ ਵਿਚਾਰ ਸਾਰਿਆਂ ਪਹਿਲੂਆਂ ਤੋਂ ਸੋਚ ਤੇ ਖੋਜ ਕਰ ਕੇ ਪੂਰਣ ਹੋਈ ਹੈ। ਆਪਣੀ ਵਿਚਾਰ ਨੂੰ ਸੰਖੇਪ ਨਾਲ ਇਸ ਵਾਸਤੇ ਲਿਖਿਆ ਹੈ ਕਿ ਅਜੇ ਇਸ ਦਾ ਪ੍ਰਚਾਰ ਨਹੀਂ ਹੋਇਆ ਅਤੇ ਨਵੀਨਤਾ ਤੇ ਸ਼ੰਕਾ ਹੋਣੀਆਂ ਲਾਜ਼ਮੀ ਹਨ। ਉੱਤਰ ਪ੍ਰਸ਼ਨ ਹੀ ਕਿਸੇ ਵਿਚਾਰਧਾਰਾ ਨੂੰ ਲੰਮਿਆਂ ਕਰਦੇ ਹਨ। ਉੱਤਰ ਪ੍ਰਸ਼ਨ ਹੋ ਲੈਣ ਤਾਂ ਫੇਰ ਲਿਖਾਂਗਾ।

ਸ਼੍ਰੀ ਗੁਰੂ ਅਰਜੁਨ ਦੇਵ ਜੀ ਜਿਹੜੀਆਂ ਪੋਥੀਆਂ ਲਿਆਏ—ਓਹ ਸ਼੍ਰੀ ਗੁਰੂ ਰਾਮਦਾਸ ਜੀ ਦੀਆਂ ਲਿਖੀਆਂ ਹੋਈਆਂ ਸਨ। ਸ਼੍ਰੀ ਗੁਰੂ ਅਰਜੁਨ ਦੇਵ ਜੀ ਨੇ ਜੋ ਬੀੜ ਤਿਆਰ ਕਰਵਾਈ—ਓਹ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਤੱਕ ਸੀ। ਕਿਉਂਕਿ ਇਹ ਮਰਯਾਦਾ ਸੀ ਕਿ ਮੌਜੂਦਾ ਗੁਰੂ ਦੀ ਬਾਣੀ ਉਹਨਾਂ ਦੇ ਪਰਲੋਕ ਸਿਧਾਰਨ ਤੋਂ ਬਾਦ ਪਾਵਨ—ਸੰਚਯ ਵਿਚ ਦਾਖਲ ਕੀਤੀ ਜਾਵੇ।

ਪੋਥੀਆਂ ਦਾ ਰੂਪ ਕੀ ਸੀ ?

ਗੋਇੰਦਵਾਲ ਜੀ ਦੀਆਂ ਪੋਥੀਆਂ ਵਿਚਲੀ ਬਾਣੀ ਦਾ ਰੂਪ ਹੋਰ ਦਿਸਿਆ ਹੈ। ਮਹਲੇ ੧ ਦੇ ਇਕ ਰਾਗ ਦੇ ਸ਼ਬਦ, ਘਰੁ ੧ ਦੇ ਸ਼ਬਦ, ਘਰੁ ੨ ਦੇ ਸ਼ਬਦ, ਘਰੁ ੩ ਅਥਵਾ ਸਾਰਿਆਂ ਘਰਾਂ ਦੇ ਚਉਪਦੇ, ਤਿਪਦੇ, ਦੁਪਦੇ, ਚਉਤੁਕੇ, ਤਿਤੁਕੇ, ਦੁਤੁਕੇ ਤੇ ਇਕਤੁਕੇ ਇਹ ਇਕ ਪੋਥੀ ਸਨ। ਮਹਲੇ ੨ ਦੇ ਸ਼ਲੋਕ ਇਕੋ ਪੋਥੀ ਸਨ। ਮਹਲੇ ੩ ਦੇ ਇਕਰਾਗ ਦੇ ਸ਼ਬਦ, ਸਭਿ ਘਰਾਂ ਦੇ ਸ਼ਬਦ, ਪੰਚਪਦੇ, ਚਉਪਦੇ ਤਿਪਦੇ, ਦੁਪਦੇ, ਚਉਤੁਕੇ, ਤਿਤੁਕੇ, ਦੁਤੁਕੇ ਤੇ ਇਕਤੁਕੇ ਇਕ ਪੋਥੀ ਸਨ। ਮਹਲੇ ੪ ਦੇ ਇਕ ਰਾਗ ਦੇ ਸ਼ਬਦ, ਸਾਰਿਆਂ ਘਰਾਂ ਦੇ ਸ਼ਬਦ, ਪੰਚਪਦੇ, ਚਉਪਦੇ, ਤਿਪਦੇ, ਦੁਪਦੇ, ਚਉਤੁਕੇ ਤਿਤੁਕੇ, ਦੁਤੁਕੇ ਤੇ ਇਕਤੁਕੇ ਇਕ ਪੋਥੀ ਸਨ। ਮਹਲੇ ੫ ਦੇ

ਇਕਰਾਗ ਦੇ ਸ਼ਬਦ, ਸਭ ਘਰਾਂ ਦੇ, ਪੰਚਪਦੇ, ਚਉਪਦੇ, ਤਿਪਦੇ, ਦੁਪਦੇ, ਚਉਤੁਕੇ, ਤਿਤੁਕੇ, ਦੁਤੁਕੇ ਤੇ ਇਕ-ਤੁਕੇ, ਇਕ ਪੋਥੀ ਹਨ ।

ਮਹਲੇ ੧ ਦੀਆਂ ਇਕ ਰਾਗ ਦੀਆਂ ਸਾਰਿਆਂ ਘਰਾਂ ਦੀਆਂ ਅਸ਼ਟਪਦੀਆਂ; ਚਉਤੁਕੀਆਂ, ਤਿਤੁਕੀਆਂ, ਦੁਤੁਕੀਆਂ, ਇਕਤੁਕੀਆਂ ਆਦਿ ਇਕ ਪੋਥੀ ਸਨ । ਮਹਲੇ ੩ ਦੀਆਂ ਇਕ ਰਾਗ ਦੀਆਂ ਸਾਰਿਆਂ ਘਰਾਂ ਦੀਆਂ ਅਸ਼ਟਪਦੀਆਂ ਇਕ ਪੋਥੀ ਸਨ । ਮਹਲੇ ੪ ਦੀਆਂ ਇਕ ਰਾਗ ਦੀਆਂ ਸਾਰਿਆਂ ਘਰਾਂ ਦੀਆਂ ਸਭਿ ਅਸ਼ਟਪਦੀਆਂ ਇਕ ਪੋਥੀ ਸਨ । ਮਹਲੇ ੫ ਦੀਆਂ ਇਕ ਰਾਗ ਦੀਆਂ ਸਾਰਿਆਂ ਘਰਾਂ ਦੀਆਂ ਸਭਿ ਅਸ਼ਟਪਦੀਆਂ ਇਕ ਪੋਥੀ ਹਨ ।

ਮਹਲਾ ੧ ਦੇ ਇਕ ਰਾਗ ਦੇ ਸਾਰਿਆਂ ਛੰਤਾਂ ਦੀ ਪੋਥੀ । ਮਹਲੇ ੩ ਦੇ ਇਕਰਾਗ ਦੇ ਛੰਤਾਂ ਦੀ ਇਕ ਪੋਥੀ । ਮਹਲੇ ੪ ਦੇ ਇਕਰਾਗ ਦੇ ਛੰਤਾਂ ਦੀ ਇਕ ਪੋਥੀ । ਮਹਲੇ ੫ ਦੇ ਇਕਰਾਗ ਦੇ ਛੰਤਾ ਦੀ ਇਕ ਪੋਥੀ । ਹੋਰ ਵੀ ਮਹਲੇ ਵਾਰ ਅਤੇ ਰਾਗ ਅਨੁਸਾਰ ਬਾਣੀਆਂ (ਓਅੰਕਾਰ ਆਦਿ) ਅਤੇ ਵਾਰਾਂ ਆਦਿਕ ਪੋਥੀਆਂ ਸਨ । ਇਹ ਤਰਤੀਬ ਪੋਥੀਆਂ ਦੀ ਹੀ ਹੈ । ਭਗਤ ਬਾਣੀ ਵਿਚ ਅਸ਼ਟਪਦੀਆਂ ਆਦਿਕਾਂ ਨੂੰ ਤਰਤੀਬ ਵਾਰ ਨਹੀਂ ਪਾਇਆ ਜਾ ਰਿਹਾ । ਉਸ ਦੀ ਤਰਤੀਬ ਆਂਦਿਹੋਣ ਦੀ ਵਜ਼੍ਹਾ ਨਾਲ ਹੁਣ ਤਕ ਨਹੀਂ ਹੈ । ਵੇਖੋ ਸਫੇ ੧੧੦੫ ਤੇ ਸ੍ਰੀ ਕਬੀਰ ਜੀ ਦੀ ਅਸ਼ਟਪਦੀ 'ਅਨਭਉ ਕਿਨੈ ਨ ਦੇਖਿਆ' ਪਹਿਲੋਂ ਹੈ ਅਤੇ ਸ਼ਬਦ ''ਰਾਜਨ ਕਉਨੁ ਤੁਮਾਰੇ ਆਵੈ'', ਬਾਦ ਹੈ । ਸਫੇ ੬੭੧ ਉਤੇ ਬਿਨਾ ਸਿਰਲੇਖ ਤੋਂ ਅਸ਼ਟਪਦੀ ''ਜਿਹ ਸਿਮਰਨਿ ਹੋਇ ਮੁਕਤਿ ਦੁਆਰੁ' ਆਈ ਹੋਈ ਹੈ ਇਤਯਾਦਿ...।

ਮੈਨੂੰ ਇਤਿਹਾਸ ਚੋਂ ਪੋਥੀਆਂ ਸ੍ਰੀ ਗੁਰੂ ਅਰਜੁਨ ਦੇਵ ਜੀ ਦੋ ਲਿਔਣ ਦਾ ਪ੍ਰਸੰਗ ਤਾਂ ਮਿਲਿਆ ਹੈ—ਪ੍ਰੰਤੂ ਵਾਪਸ ਗੋਇੰਦਵਾਲ ਪਹੁਚੋਣ ਦਾਂ ਪ੍ਰਸੰਗ ਨਹੀਂ ਮਿਲਿਆ ਜਿਸ ਤੋਂ ਮੈਂ ਮੰਨਦਾ ਹਾਂ ਕਿ ਗੋਇੰਦਵਾਲ ਦੀਆਂ ਮੌਜੂਦਾ ਪੋਥੀਆਂ ਅਸਲ ਨਹੀਂ, ਇਹ ਭੱਲੇ ਸਾਹਿਬਜ਼ਾਦਿਆਂ ਨੇ ਇਤਿਹਾਸ ਪੜ੍ਹਕੇ ਪੋਥੀਆਂ ਲਿਖ ਕੇ ਅਸਲ ਵਾਂਗੁ ਥਾਪ ਲਈਆਂ ਹਨ । ਜਿਸਤਰ੍ਹਾਂ ਕਰਤਾਰਪੁਰ ਦੇ ਸੋਢੀ ਸਾਹਿਬਜ਼ਾਦਿਆਂ ਨੇ ਬੀੜ ਥਾਪ ਲਈ ਹੈ । ਇਤਿਹਾਸ ਵਿਚ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਬੀੜ ਨੂੰ

ਹਰਿਮੰਦਰ ਜੀ ਵਿਚ ਸਥਾਪਣ ਦਾ ਪ੍ਰਸੰਗ ਤਾਂ ਔਂਦਾਂ ਹੈ ਪ੍ਰੰਤੂ ਬੀੜ ਨੂੰ ਚੁੱਕਣ ਦਾ ਪ੍ਰਸੰਗ ਨਹੀਂ ਔਂਦਾ।

ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨਾਂ ਨੂੰ ਨਿੰਦਿਆ ਹੈ ?

ਵਿਚਾਰ ਦੀ ਗੰਭੀਰ ਕਸੌਟੀ ਤੇ ਪੁਜ ਕੇ ਪਤਾ ਲਗਦਾ ਹੈ । ਕਿ ਇਕ ਇਨਸਾਨ ਦੂਜੇ ਇਨਸਾਨ ਨੂੰ ਜ਼ਰੂਰ ਹੀ ਨਿੰਦਦਾ ਹੈ। ਇਕ ਅਵਤਾਰ ਦੂਜੇ ਅਵਤਾਰ ਨੂੰ ਨਿੰਦਦਾ ਹੈ। ਇਕ ਦੇਵਤਾ ਦੂਜੇ ਦੇਵਤੇ ਨੂੰ ਨਿੰਦਦਾ ਹੈ। ਗੱਲ ਕੀ ਹਰੇਕ ਗ੍ਰੰਥ ਵਿਚ ਕਿਸੇ ਨ ਕਿਸੇ ਦੀ ਨਿੰਦਜਾ ਕੀਤੀ ਹੋਈ ਹੁੰਦੀ ਹੈ। ਨਿੰਦਜਾ ਇਨਸਾਨੀ ਫਿਤਰਤ ਹੈ ਅਤੇ ਜ਼ਜਬੇ ਨਾਲ ਇਸਦਾ ਸੰਬੰਧ ਹੈ ! ਮਜ਼ਹਬਾਂ ਦੀ ਤਹਿ ਵਿਚ ਜਾ ਕੇ ਵੇਖਿਆ ਜਾਵੇ ਤਾਂ ਨਿੰਦਜਾ ਦੇ ਮਜ਼ਮੂਏ ਦਾ ਨਾਮ ਮਜ਼ਹਬ ਯਾ ਪੰਥ ਹੈ। ਜਿਹੜਾ ਮਨੁੱਖ ਨਿੰਦਜਾ ਨਹੀਂ ਕਰ ਸਕਦਾ—ਉਸ ਦਾ ਮਜ਼ਹਬ ਜਾਂ ਪੰਥ ਨਹੀਂ ਚਲ ਸਕਦਾ। ਨਿੰਦਜਾ ਦੀ ਥਜ਼ੂਰੀ ਨੂੰ ਕਰਮ ਅਤੇ ਧਰਮ ਵਿਚ ਵੰਡਿਆ ਜਾ ਸਕਦਾ ਹੈ। ਕੁਝ ਅਵਤਾਰ ਐਹੋ ਜਹੇ ਵੀ ਹੋਏ ਹਨ। ਜਿਨ੍ਹਾਂ ਨੇ ਕਿਸੇ ਗ੍ਰੰਥ ਵਿਚ ਪਹਿਲੇ ਅਵਤਾਰਾਂ ਦੀ ਨਿੰਦਜਾ ਨਹੀਂ ਲਿਖੀ। ਪਰ ਕਰਮ ਵਿਚ ਉਹਨਾਂ ਪਹਿਲੇ ਅਵਤਾਰਾਂ ਦਾ ਵਿਰੋਧ ਕੀਤਾ ਹੈ, ਇਹ ਕਰਮ ਨਿੰਦਜਾ ਹੈ। ਕੁਝ ਹਸਤੀਆਂ ਐਹੋ ਜਹੀਆਂ ਹੋਈਆਂ ਹਨ, ਜਿਨ੍ਹਾਂ ਦੇ ਵੈਰੀ ਵੀ ਉਸੇ ਹੀ ਵਸਤੂ ਨੂੰ ਮੰਨਦੇ ਸਨ-ਜਿਸ ਨੂੰ ਉਹ ਆਪ ਮੰਨਦੇ ਸਨ । ਪ੍ਰੰਤੂ ਉਹ ਆਪਣੇ ਤਰੀਕੇ ਨਾਲ ਧਰਮ ਨੂੰ ਮੰਨਣ ਵਿਚ ਸਦਗਤਿ (ਇਸਲਾਮ) ਅਤੇ ਦੂਜੇ ਤਰੀਕੇ ਨਾਲ ਧਰਮ ਨੂੰ ਮੰਨਣਾਂ ਕੁਫ਼ਰ ਮੰਨਦੇ ਹਨ। ਨਿੰਦਜਾ ਦੀ ਅੰਸ਼ ਸਾਰਿਆਂ ਇਨਸਾਨਾਂ ਦੇ ਵਿਚੋਂ ਮਿਲਦੀ ਹੈ। ਸ੍ਵਾਮੀ ਗੌੜਪਾਦਾਚਾਰਯ ਨੇ ਮੁੰਡਕ ਉਪਨਿਸ਼ਦ ਕਾਰਿਕਾ ਵਿਚ ਉਸ ਵੇਲੇਂ ਦੇ ਸਾਰਿਆਂ ਧਰਮਾਂ ਦੀ ਭਰਸਕ ਨਿੰਦਜਾ ਕੀਤੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਅ: ੬ ਵਿਚ ਪਹਿਲੇ ਅਵਤਾਰਾਂ ਤੇ ਪੰਥਾਂ ਚਲੌਣ ਵਾਲਿਆਂ ਨੂੰ ਦੋਈਂ ਦੋਈਂ ਹੱਥੀਂ ਲਿਆ ਹੈ। ਸ੍ਵਾਮੀ ਦਯਾਨੰਦ ਜੀ ਨੇ ਵੀ ਕੋਈ ਮਜ਼ਹਬ ਨਹੀਂ ਛੱਡਿਆ ਜਿਸਨੂੰ ਕਿ ਨਿੰਦਜਾ ਨਹੀਂ। ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਨਯਾਸੀਆਂ, ਯੋਗੀਆਂ, ਉਦਾਸੀਆਂ, ਮੁਸਲਮਾਨਾਂ, ਹਿੰਦੂਆਂ, ਕਾਜ਼ੀਆਂ, ਪੰਡਿਤਾਂ, ਮੌਲਵੀਆਂ, ਵਿਦ੍ਵਾਨਾਂ, ਬ੍ਰਾਹਮਣਾ, ਭਗਉੱਤੀਆਂ, ਰਾਮਦਾਸੀਆ, ਮੁਨੀਆਂ, ਅਵਤਾਰਾਂ

ਤਪਿਆਂ, ਸੇਖਾਂ ਅਤੇ ਜੈਨੀਆਂ ਨੂੰ ਖੂਬ ਦੋਈਂ ਦੋਈਂ ਹੱਥੀਂ ਲਿਆ ਹੋਇਆ ਹੈ। ਇਸ ਵਿਚ ਉਦਾਸੀਨ ਆਚਾਰਯ ਸ਼੍ਰੀ ਸਤਿਗੁਰੂ ਭਗਵਾਨ ਸ਼੍ਰੀ ਚੰਦ੍ਰ ਜੀ ਅਤੇ ਵੇਦੀ ਵੰਸ਼ ਸਾਹਿਬਜ਼ਾਦਿਆਂ ਦੇ ਆਦਿ ਰੂਪ ਸ਼੍ਰੀ ਗੁਰੂ ਲਖਸ਼ਮੀ ਦਾਸ ਜੀ ਦੀ ਮਹਾਨ ਨਿੰਦਜਾ ਲਿਖੀ ਹੋਈ ਹੈ ।

ਬਾਣੀ ਦਾ ਅਦਬ

ਗੁਰੁਬਾਣੀ ਭਾਵੇਂ ਗਲਤ ਲਿਖੀ ਹੋਈ ਹੋਵੇ-ਭਾਵੇਂ ਸ਼ੁੱਧ। ਅਦਬ ਵਲੋਂ ਕਿਸੇ ਕਦੀ ਫਰਕ ਨਹੀਂ ਕੀਤਾ। ਇਸ ਨੂੰ ਹਿੰਦੁਸਤਾਨ ਵਿਚ ਪਹਿਲਾਂ ਤਾਂ ੨੯ ਮਜ਼ਹਬ ਮੰਨਦੇ ਸਨ। ਗੁਰੁਬਾਣੀ ਵਿਚੋਂ ਭਾਵੇਂ ਇਕ ਸ਼ਬਦ, ਸ਼ਲੋਕ, ਬਾਣੀ ਯਾ ਬਾਣੀ ਦਾ ਹਿੱਸਾ ਹੋਵੇ, ਉਸ ਨੂੰ ਸਤਿਕਾਰ ਨਾਲ ਸਾਰਿਆਂ ਨੇ ਸਿਰ ਝੁਕਾਇਆ ਹੈ। ਕੁਝ ਮਜ਼ਹਬ ਵੀ ਕੇਵਲ ਬਾਣੀ ਦੀਆਂ ਤੁਕਾਂ ਦੇ ਜਾਪ ਕਰਨ ਦੇ ਭਾਵਾਂ ਨਾਲ ਚੱਲੇ ਹਨ–ਜਿਸ ਤਰ੍ਹਾਂ ਨਿਰੰਕਾਰੀ। ਨਿਰੰਕਾਰੀਆਂ ਦਾ ਪਰਮਪਰਾ ਸੰਬੰਧ ਸ਼੍ਰੀ ਗੁਰੂ ਨਾਨਕ ਜੀ ਤੋਂ ਲੈਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਕਿਸੇ ਸਤਿਗੁਰੂ ਨਾਲ ਨਹੀਂ, ਇਹ ਕੇਵਲ 'ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕੁ ਨ ਜਾਈਏ,' ਆਦਿਕ ਤੁਕਾਂ ਦੇ ਆਧਾਰ ਤੇ ਭਾਈ ਦਿਆਲ ਜੀ ਨੇ ਚਲਾਇਆ ਹੈ। ਭਾਈ ਤਿਆਲ ਦਾਸ ਜੀ ਦਾ ਜਨਮ ੧੫ ਵਿਸਾਖ ਸੰਮਤ ੧੯੪੦ ਨੂੰ ਪਿਸ਼ੋਰ ਵਿਚ ਪਿਤਾ ਰਾਮਸਹਾਇ ਜੀ ਅਤੇ ਮਾਤਾ ਲਡਿੱਕੀ ਜੀ ਦੇ ਉਦਰ ਤੋਂ ਹੋਇਆ। ਮੈਂ ਕਈਆਂ ਥਾਵਾਂ ਵਿਚ ਪੰਜ ਗ੍ਰੰਥੀਆਂ ਪ੍ਰਕਾਸ਼ ਹੁੰਦੀਆਂ ਵੇਖੀਆਂ ਹਨ, ਜਦੋਂ ਪੋਥੀਆਂ ਨੂੰ ਸ਼੍ਰੀ ਗੁਰੁ ਅਰਜੁਨ ਦੇਵ ਲਿਆਏ ਤਾਂ ੩੦ ਮੀਲ ਨੰਗੇ ਚਰਨੀ ਚੋਰ ਕਰਦੇ ਆਏ, ਬਾਬਾ ਬ੍ਰਿਧ ਅਤੇ ਭਾਈ ਗੁਰਦਾਸ ਜੀ ਨੇ ਮੋਢਿਆਂ ਤੇ ਪਾਲਕੀ ਚੁਕੀ, ਇਹ ਇਤਿਹਾਸ ਦਾ ਕਥਨ ਹੈ। ਜਿਹੜਾ ਸਤਿਗੁਰ ਦੀ ਬਾਣੀ ਦਾ ਜਿੰਨਾਂ ਸਤਿਕਾਰ ਕਰਦਾ ਹੈ, ਸੰਸਾਰ ਉਸ ਦਾ ਓਨਾ ਹੀ ਸਤਿਕਾਰ ਕਰਦਾ ਹੈ । ਇਹ ਕੇਵਲ ਸਤਿਗੁਰਾਂ ਦੀ ਹੀ ਬਾਣੀ ਨਹੀਂ ਬਲਕਿ ਕਲਿਯੁਗ ਦੀਆਂ ਸਾਰੀਆਂ ਮਹਾਨ ਹਸਤੀਆਂ ਦੀ ਬਾਣੀ ਹੈ। ਸ਼੍ਰੀ ਗੁਰੂ ਨਾਨਕ ਜੀ ਆਪਣੇ ਤੋਂ ਵਡਿਆਂ ਸੰਤਾਂ ਦੀ ਬਾਣੀ ਨੂੰ ਨਮਸਕਾਰ ਕਰਦੇ ਸਨ । ਉਹਨਾਂ ਤੋਂ ਚਲੀ ਪਰਮਪਰਾ ਅਨੁਸਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਗੁਰਬਾਣੀ ਨੂੰ ਨਮਸਕਾਰ ਕਰਦੇ ਸਨ। 'ਸਹਿਜਧਾਰੀ' ਉਸ ਨੂੰ ਕਹਿਆ ਜਾਂਦਾ ਹੈ-ਜਿਹੜਾ ਬਾਣੀ ਦੇ ਉਪਦੇਸ਼ ਰਾਹੀਂ 'ਸਹਿਜਗਯਾਨ ਨੂੰ ਧਾਰਨ ਕਰੇ। ਚੇਲਾ ਬਣਨਾ ਤਾਂ ਉਹਨਾਂ ਦਾ ਫ਼ਰਜ਼ ਹੈ,

ਜਿਨ੍ਹਾਂ ਨੇ ਕਿਸੇ ਨੂੰ ਗੁਰੂ ਨਹੀਂ ਧਾਰਿਆ। ਪ੍ਰੰਤੂ ਗਜ਼ਾਨ ਲੈਣਾ ਹਰ ਪ੍ਰਾਣੀ ਦਾ ਫਰਜ਼ ਹੈ। ਤਜੁਰਬੇ ਤੋਂ ਪਤਾ ਲਗਦਾ ਹੈ ਕਿ ਗਜ਼ਾਨ ਸਾਰੀ ਉਮਰ ਸਿਖਿਆਂ ਵੀ ਪੂਰਣ ਗਜ਼ਾਨ ਪ੍ਰਾਪਤ ਨਹੀਂ ਹੁੰਦਾ, ਕੁਝ ਨਾ ਕੁਝ ਥੁੜ ਜ਼ਰੂਰ ਰਹਿ ਜਾਂਦੀ ਹੈ। ਗਜ਼ਾਨ ਜਿਸ ਤਰ੍ਹਾਂ ਵੇਦ, ਸ਼ਾਸਤਰ, ਉਪਨਿਸ਼ਦ, ਪੁਰਾਣ, ਤੌਰੇਤ, ਅੰਜੀਲ, ਜਬੂਰ, ਕੁਰਾਨ ਜੈਨ-ਸ਼ਾਸਤ੍ਰ, ਬੋਧ-ਸ਼ਾਸਤ੍ਰ, ਸਿੰਮ੍ਰਿਤੀਆਂ ਆਦਿ ਗ੍ਰੰਥਾਂ ਵਿਚੋਂ ਮਿਲਦਾ ਹੈ। ਉਸੇ ਤਰ੍ਹਾਂ ਗੁਰੁਬਾਣੀ ਚੋਂ ਮਿਲਦਾ ਹੈ। ਨਿਹਸੰਕੋਚ ਬਾਣੀ ਦੀ ਸੂਝ ਸੰਸਕ੍ਰਿਤ, ਅਰਬੀ, ਤੁਰਕੀ ਆਦਿ ਭਾਸ਼ਾ ਨਾਲੋਂ ਪੰਜਾਬੀਆਂ ਅਥਵਾ ਹਿੰਦੁਸਤਾਨੀਆਂ ਨੂੰ ਛੇਤੀ ਪੈਂਦੀ ਹੈ। ਗਜ਼ਾਨ ਗ੍ਰਹਣ ਸ਼ਕਤੀ ਜਿਸ ਮਨੁੱਖ ਦੀ ਉੱਚੀ ਹੈ। ਉਹ ਬਹੁਤ ਛੇਤੀ ਏਸ ਪਾਵਨ-ਸੰਚਯ ਚੋਂ ਗਜ਼ਾਨ ਲੈ ਕੇ (ਸਹਿਜਧਾਰੀ) ਗਜ਼ਾਨੀ ਬਣ ਸਕਦਾ ਹੈ। ਗਜ਼ਾਨ ਵਾਸਤੇ ਮਨ ਨੂੰ ਸਿਮਰਨ ਨਾਲ ਮਾਂਜਣਾ ਜ਼ਰੂਰੀ ਹੈ।

ਧਜ਼ਾਨ ਵਾਸਤੇ ਕੀਰਤਨ ਸੁਣਨਾਂ ਤੇ ਕਰਨਾ ਜ਼ਰੂਰੀ ਹੈ। ਗਜ਼ਾਨ ਦੀ ਸਮੱਗ੍ਰੀ ਬਹੁਤ ਜ਼ਜ਼ਾਦਾ ਹੈ। ਇਸ ਵਾਸਤੇ ਉਸਦਾ ਵਰਣਨ ਵਿਸਤਾਰ ਭਯ ਤੋਂ ਛੱਡ ਦਿੱਤਾ ਹੈ। ਜਿਹੜਾ ਗਜ਼ਾਨ ਸਿੱਖੇਗਾ—ਉਹ ਅਵਸ਼ਜ਼ ਅਦਬ ਕਰੇਗਾ; ਜਿਹੜਾ ਲੋਕਾਂ ਦੇ ਕਹਿਣ ਮਾਤ੍ਰ ਤੋਂ ਸਿਰ ਨਿਵਾਏਗਾ—ਉਹ ਬੁਤ ਪ੍ਰਸਤੀ ਕਰੇਗਾ। ਰੁਮਾਲ, ਕੜਾਹ, ਧੂਪ, ਦੀਪ, ਆਰਤੀ, ਭੋਗ ਆਦਿਕ। ਸਮੱਗ੍ਰੀ ਗ੍ਰੰਥ ਨੂੰ ਅਰਪਣ ਕਰਨੀ ਅਯੋਗ ਹੈ। ਇਸ ਸਮੱਗਰੀ ਨਾਲ ਦੇਹਧਾਰੀ ਦੀ ਪ੍ਰਸੰਨਤਾ ਹੁੰਦੀ ਹੈ। ਗ੍ਰੰਥ ਲਈ ਕੜਾਹ ਰੱਖਣਾ ਬੇਅਦਬੀ ਹੈ। ਇਸ ਨਾਲ ਅਧਜ਼ਾਤਮ ਬਲ ਨਹੀਂ ਵਧਦਾ ਬਲਕਿ ਘਟਦਾ ਹੈ। ਮੂਰਖ ਆਦਮੀ ਐਂਵੇ ਮੱਥੇ ਟੇਕਣ ਟਿਕੌਣ ਵਾਲੇ, ਪਾਖੰਡੀ, ਦੰਭੀ, ਪਾਪੀ, ਗ੍ਰੰਥ ਦੀ ਪੂਜਾ ਨਾਲ ਕੁਕਰਮ ਕਰਨ ਵਾਲੇ ਪੈਦਾ ਹੁੰਦੇ ਹਨ। ਗ੍ਰੰਥਾਂ ਦੇ ਨਾਮ ਤੇ ਪਾਰਟੀਆਂ, ਮਜ਼ਹਬ ਬਣੌਣਾ ਮਹਾਂ-ਪਾਪ ਹੈ। ਇਸ ਨਾਲ ਬਾਣੀ ਦਾ ਸਤਕਾਰ ਆਮ ਲੋਕਾਂ 'ਚੋਂ' ਘਟ ਕੇ, ਚੰਦ ਮਤਲਬ-ਪ੍ਰਸਤਾਂ ਵਿਚ ਹੀ ਰਹਿ ਜਾਂਦਾ ਹੈ। ਬਾਣੀ ਨੂੰ ਜਨਮ ਯਾ ਮਰਨ ਸਮਯ ਪੜ੍ਹਨਾ ਅਧਜ਼ਾਤਮ ਬਲ ਨੂੰ ਘਟੌਂਦਾ ਹੈ। 'ਬਾਣੀ ਦਾ ਮਹਾਤਮ ਮ੍ਰਿਤਕ ਨੂੰ ਅਰਪਣਾਂ' ਬਾਣੀ ਤੋਂ ਵਿਰੋਧੀ ਹੈ। ਜਿਹੜੇ ਆਦਮੀ ਸਟੇਜ਼ ਦਰ ਸਟੇਜ਼ ਗਜ਼ਾਨ ਸਿਖੌਣਾ ਮੰਨਦੇ ਹਨ—ਉਹ ਪਾਵਨ ਬਾਣੀ ਤੋਂ ਉਲਟ ਕੇ ਬੁੱਤ ਪ੍ਰਸਤੀ ਨੂੰ ਵਧੌਂਦੇ ਹਨ। ਚਾਨਣੀ, ਜਾਨਵਰਾਂ ਦੀਆਂ ਵਿੱਠਾਂ ਤੋਂ ਬਚੌਣ ਲਈ ਲਾਈਦੀ ਹੈ। ਰੁਮਾਲ, ਗਰਦ

ਤੋਂ ਬਚੋਣ ਦਾ ਸਾਧਨ ਹਨ। ਪਲਕਾਂ, ਪਤਰੇ ਨਾ ਟੁੱਟਣ ਵਾਸਤੇ ਹਨ। ਚਉਰ, ਪਾਠ ਕਰਨ ਵਾਲੇ ਦੀਆਂ ਅੱਖਾਂ ਤੇ ਮੱਖੀਆਂ ਨਾ ਬਹਿਣ ਦੇਣ ਦਾ ਸਾਧਨ ਹੈ। ਧੂਪ, 'ਮਨੁੱਖਾਂ ਨੂੰ ਦੁਰਗੰਧ ਨਾ ਆਵੇ' ਦਾ ਕਰਮ ਕਰਦਾ ਹੈ। ਇਹਨਾਂ ਨਾਲ ਬਾਣੀ ਨੂੰ ਕੋਈ ਪ੍ਰਯੋਜਨ ਨਹੀਂ। ਬਾਣੀ ਇਹਨਾਂ ਤੋਂ ਬਿਨਾ ਵੀ ਪਾਵਨ ਹੈ। ਬਾਣੀ ਨੂੰ ਪੀੜੀ ਤੇ ਇਸ ਕਾਰਣ ਰੱਖਿਆ ਜਾਂਦਾ ਹੈ-ਕਿ ਲੋਕ ਬਾਣੀ ਸੁਨਣ ਲਈ ਸਤਕਾਰ ਨਾਲ ਔਣ। ਜਿਸਦਾ ਸਤਕਾਰ ਨ ਹੋਵੇ-ਉਜਦਾ ਉਪਦੇਸ਼ ਕੋਈ ਅਰਥ ਨਹੀਂ ਰਖਦਾ। ਮੈਂ ਨਿਰਮਲਿਆਂ ਦੀ ਕੁੰਭਾ ਤੇ ਸ਼ਾਹੀ ਵੇਖੀ ਹੈ। ਇਹ ਲੋਕ ਪਾਵਨ ਬੀੜ ਨੂੰ ਮੰਦਿਰਾਂ ਦੀਆਂ ਪਰਕਰਮਾ ਕਰਵੋਂਦੇ ਹਨ-ਜੋ ਕਿ ਮਹਾਂ ਬੇਅਦਬੀ ਹੈ। ਮੈਂ ਕਈਆਂ ਸਿੱਖਾਂ ਨੂੰ ਵੇਖਿਆ ਹੈ ਕਿ ਬੀੜ ਨੂੰ ਸਿਰ ਤੇ ਚੁਕ ਕੇ ਗੁਰੁਦੁਆਰਿਆਂ ਦੀਆਂ ਪਰ-ਕਰਮਾਂ ਲੈਂਦੇ ਹਨ। ਕਈ ਥੜਿਆਂ ਦੀਆਂ ਪਰਕਰਮਾਂ ਕਰਦੇ ਹਨ-ਇਹ ਘਟੀਆ ਦਰਜੇ ਦੇ ਪੁਰਸ਼ ਹਨ-ਜਿੰਨਾਂ ਨੇ ਬਾਣੀ ਨੂੰ ਲੋਕ ਦਿਖਾਵੇ ਲਈ ਅਪਨਾਇਆ ਹੋਇਆ ਹੈ।

ਕਿਸੇ ਇੱਟਾਂ, ਪਥਰਾਂ, ਸੀਮਿੰਟਾਂ, ਸੰਗ ਮਰਮਰਾਂ, ਤਾਂਬਿਆਂ, ਚਾਂਦੀਆਂ, ਸੋਨਿਆਂ ਵਾਲੀ ਬਿਲਡਿੰਗ ਦਾ ਨਾਮ ਗੁਰੁਦ੍ਵਾਰਾ ਨਹੀਂ। ਗੁਰੁਦ੍ਵਾਰਾ-ਬਾਣੀ ਦਾ ਸੰਚਯ ਹੈ। ਇੱਟਾਂ ਪਥਰਾਂ ਦੀ ਪਰਕਰਮਾ ਬਾਣੀ ਨਹੀਂ ਕਰਦੀ। ਬਲਕਿ ਬਾਣੀ ਦੇ ਆਲੇ ਦੁਆਲੇ ਇੱਟਾਂ, ਪਥਰ, ਸੋਨੇ, ਚਾਂਦੀਆਂ ਫਿਰਦੇ ਹਨ। ਜਿਹੜੇ ਦੁਕਾਨਦਾਰ ਬਾਣੀ ਦੇ ਸੰਚਯ ਨੂੰ ਵੇਚਦੇ ਹਨ—ਉਹ ਅਦਬ ਨੂੰ ਤਿਲਾਂਜਲੀ ਦੇ ਬਹਿੰਦੇ ਹਨ। ਮੈਂ ਅਦਬ ਦੇ ਲਿਹਾਜ਼ ਨਾਲ ਸਿਰਫ ਕੁਝ ਥਾਵਾਂ ਦੁਨੀਆਂ ਵਿਚ ਵੇਖੀਆਂ ਹਨ। ਨਿਹੰਗ ਸਿੰਘਾਂ ਦਾ ਪੁਰਾਤਨਿ ਜਥਾ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ (ਹਿੰਦੁਸਤਾਨ) ਬਾਣੀ ਦਾ ਪੂਰਣ ਸਤਕਾਰ ਰੱਖਦਾ ਹੈ। ਕਿਸੇ ਮਹੱਲੇ ਨਾਲ, ਕਿਸੇ ਜਲੂਸ ਨਾਲ, ਪਾਵਨ ਬੀੜ ਨੂੰ ਨਹੀਂ ਲਿਜਾਇਆ ਜਾਂਦਾ। ਸ਼੍ਰੀ ਹਜ਼ੂਰ ਸਾਹਿਬ ਜੀ ਨਾਂਦੇੜ (ਦੱਖਣ) ਵਿਚ ਵੀ ਇਹੋ ਰੀਤਿ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਸਮੇਤ ਇਕ-ਰੂਪ-ਬਾਣੀ ਮੰਨ ਕੇ ਸਤਕਾਰ ਕੀਤਾ ਜਾਂਦਾ ਹੈ।

ਮੈਂ ਵੇਖਿਆ ਹੈ, ਫ਼ਤਹ ਗੜ ਸਾਹਿਬ (ਸਰਹਿੰਦ) ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਦਿਣ ਫਤਹ ਗੜ ਦਰਬਾਰ ਚੋਂ ਮਹੱਲਾ (ਜਲੂਸ) ਜੋਤੀਸਰ ਦਰਬਾਰ ਨੂੰ ਜਾਂਦਾ ਹੈ। ਮਹਾਰਾਜਾ ਪਟਿਆਲਾ ਸ੍ਰੀ ਭੂਪਿਦਰ ਸਿੰਘ ਜੀ ਆਪ ਨੰਗੇ ਪੈਰੀਂ ਪਾਲਕੀ

ਨੂੰ ਮੌਢਾ ਲਾਕੇ ਚਲਦੇ ਸਨ। ੯੬ ਕਰੋੜੀ ਜਥੇਦਾਰ ਬੁੱਢਾ ਦਲ ਬਾਬਾ ਸਾਹਿਬ ਸਿੰਘ ਜੀ ਪਰਮ ਸਤਕਾਰ ਸਹਿਤ ਪਾਲਕੀ ਦੇ ਨਾਲ ਚਲ ਰਹੇ ਸਨ। ਸ੍ਰੀ ਮਹੰਤ ਸੰਤਰਾਮ ਜੀ ਸੰਗਲ ਵਾਲਾ ਅਖਾੜਾ ਅੰਮ੍ਰਿਤਸਰ ਜੀ ਪਰਮ ਸਤਕਾਰ ਨਾਲ ਸਿਰ ਝੁਕਾਏ ਹੋਏ ਸਨ। ਨਿਰਮਲੇ ਮਹਾਂ ਪੁਰਸ਼ਾਂ ਦੀ ਭਗਵੇ ਵਸਤ੍ਰਾਂ ਵਾਲੀ ਜਮਾਤ ਨਾਲ ਸੀ। ਮਹੱਲਾ (ਜਲੂਸ) ਜੋਤੀਸਰ ਨੂੰ ਜਾਂਦਾ ਹੋਇਆ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਬਦਾਂ ਦਾ ਵੈਰਾਗ ਮਈ ਕੀਰਤਨ ਕਰਦਾ ਸੀ। ਸ਼ਾਇਦ ਹੀ ਕੋਈ ਨਿਭਾਗਾ ਹੋਵੇ – ਜਿਸ ਦੇ ਨੇਤ੍ਰ-ਸਜੱਲ ਨਾ ਹੋਣ। ਪਰ-ਮੇਰੀ ਨਿਗ੍ਹਾ ਜਿਥੋਂ ਤਕ ਗਈ-ਓਥੋਂ ਤੱਕ ਬੂੰਦਾਂ ਦੀ ਝੜੀ ਵਾਲੇ ਨੈਣ ਹੀ ਦਿੱਸੇ। ਕੁਝ ਸ਼ੁੱਧਿ ਬੁੱਧਿ ਜਵਾਬ ਜਿਹਾ ਦੇ ਗਈਆਂ। ਕੋਈ ਸੁੰਨਜ ਮਾਰਗ ਅਸੰਨਜ 'ਚੋਂ ਨਿਕਲ ਆਇਆ। ਕਰੀਬਨ ਦੋ ਘੰਟੇ ਤਕ ਜਲੂਸ ਕਸਬੇ ਸਰਹਿੰਦ ਨੂੰ ਫਤਹ ਕਰਨ ਵਾਲੇ ਬੰਦੇ, ਜਥੇਦਾਰ ਮੱਲਾ ਸਿੰਘ ਜੀ ਦਾ ਇਕ 'ਸ਼ਹੀਦ ਗੰਜ' ਹੈ। ਏਸ ਨੇ ਜੈਨਖਾਂ ਨੂੰ ਫਤਹ ਕਰਨ ਵੇਲੇ 4 ਮਾਘ ਸੰਨਤ ੧੮੨੦ ਵਿਚ ਸ਼ਹੀਦੀ ਪਾਈ ਸੀ। ਇਕ ਸਥਾਨ 'ਥੜਾ ਸਾਹਿਬ' ਨਾਮ ਦਾ ਹੈ, ਇਸ ਥਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਥੋੜਾ ਸਮਯ ਕੀਰਤਿਪੁਰ ਨੂੰ ਜਾਂਦਿਆਂ ਵਿਰਾਜੇ ਹਨ। ਜਦੋਂ ਮਹੱਲਾ ਇਹਨਾਂ ਦੇ ਪਾਸ ਪਹੁੰਚਾ ਤਾਂ ਪਾਵਨ ਬੀੜ ਵਾਲੀ ਪਾਲਕੀ ਸੜਕ ਤੇ ਖਲਿਹਾਰ ਦਿੱਤੀ ਅਤੇ ਕੇਵਲ ਝੰਡਿਆਂ ਨੂੰ ਨਾਲ ਲੈ ਕੇ ਸੰਗਤ ਨੇ ਸ਼ਹੀਦ ਗੰਜ ਅਤੇ ਥੜੇ ਸਾਹਿਬ ਦੀ ਪਰਕਰਮਾਂ ਕੀਤੀ। ਜੋਤੀਸਰੂਪ ਪਹੁੰਚ ਕੇ ਪਾਵਨ ਬੀੜ ਵਾਲੀ ਪਾਲਕੀ ਦੀਵਾਨ ਸਥਾਨ ਤੇ ਹੀ ਰੱਖ ਦਿੱਤੀ ਅਤੇ ਝੰਡਿਆਂ ਨਾਲ ਸੰਗਤ ਨੇ ਦਰਬਾਰ ਦੀ ਪਰਕਰਮਾਂ ਕੀਤੀ। ਇਹ ਹੈ 'ਗੁਰੁਬਾਣੀ ਦਾ ਸਤ-ਕਾਰ'। ਗੁਰਬਾਣੀ ਕਿਸੇ ਸਥਾਨ ਦੀ ਪ੍ਰਤਿਸ਼ਟਾ, ਪੂਜਾ, ਪਰਕਰਮਾ ਨਹੀਂ ਕਰਦੀ। ਸ੍ਰੀ ਅੰਮ੍ਰਿਤਸਰ ਜੀ ਹਰਿਮੰਦਰ ਜੀ ਵਿਚ ਪਾਵਨ ਬੀੜ ਪ੍ਰਕਾਸ਼ ਲਈ ਅਕਾਲ ਬੁੰਗੇ ਤੋਂ ਪਾਲਕੀ ਵਿਚ ਰੁਜਾਨਾ ਲਿਜਾਈ ਜਾਂਦੀ ਹੈ। ਅਕਾਲ ਬੁੰਗੇ ਦੀਆਂ ਪਰ-ਕਰਮਾਂ ਨਹੀਂ ਕਰਵਾਈਆਂ ਜਾਂਦੀਆਂ ਅਤੇ ਨਾ ਹੀ ਹਰਿਮੰਦਰ ਜੀ ਦੀਆਂ ਪਰ-ਕਰਮਾਂ ਕਰਵਾਈਆਂ ਜਾਂਦੀਆਂ ਹਨ। ਇਹ ਰੀਤਿ ਸਰਬਰਾਹਾਂ ਤੇ ਪੁਜਾਰੀਆਂ ਦੇ ਸਮਯ ਤੋਂ ਲੈ ਕੇ ਹੁਣ ਤੱਕ ਅਡੋਲ ਹੈ। ਇਹ ਪਾਵਨ ਬਾਣੀ ਦਾ ਸਤਕਾਰ ਹੈ।

'ਕੋਈ ਕਿਸੇ ਬੀੜ ਦੀ, ਕਿਸੇ ਗੁਰੁਦੁਆਰੇ ਅਰਦਾਸ ਕਰਵਾਵੇ', ਉਹ

ਪਰਮ ਪਾਪੀ ਹੈ। ਅਰਦਾਸ ਗੁਰੂ ਨੂੰ ਦਿੱਤੀ ਜਾਂਦੀ ਹੈ, ਨਾਂ ਕਿ ਗੁਰੂ ਨੂੰ ਹੀ ਦੇ ਦਿੱਤਾ ਜਾਂਦਾ ਹੈ। ਕਿਉਂਕਿ ਗੁਰੁਬਾਣੀ ਦਰਬਾਰਾਂ (ਗੁਰਦ੍ਵਾਰਿਆਂ) ਦੀ ਮਾਲਕ ਹੈ। ਉਹ ਆਪਣੇ ਸਥਾਨ ਵਿਚ ਜਦੋਂ ਚਾਹੇ ਆ ਸਕਦੀ ਹੈ ਅਤੇ ਜਦੋਂ ਚਾਹੇ ਬਾਹਰ (ਸੈਰ ਨੂੰ) ਜਾ ਸਕਦੀ ਹੈ। ਇਹ ਖ਼ਾਸ ਧਯਾਨ ਯੋਗ ਗੱਲਾਂ ਹਨ। ਜਿਹੜੀਆਂ ਕਿ ਮੌਜੂਦਾ ਪ੍ਰਚਾਰਕ ਨਹੀਂ ਜਾਣਦੇ ਅਤੇ ਥਾਂ ਪਰ ਥਾਂ ਕਈ ਪ੍ਰਕਾਰ ਦੇ ਡਿੰਡਮ ਵਜੋਂਦੇ ਫਿਰਦੇ ਹਨ।

ਗੁਰੁਬਾਣੀ ਦਾ ਆਧਾਰ

ਸੰਪੂਰਨ ਬਾਣੀ ਦਾ ਗੰਭੀਰ ਗਯਾਨ ਪ੍ਰਾਪਤ ਕੀਤਿਆਂ ਪਤਾ ਲਗਦਾ ਹੈ ਕਿ ਇਸ ਵਿਚ ਮਜ਼ਹਬਾਂ ਤੇ ਪੰਥਾਂ ਵਾਲਿਆਂ ਨੂੰ ਖ਼ੂਬ ਨਿੰਦਿਆ ਹੋਇਆ ਹੈ। ਬਲਕਿ ਸੰਤ ਦਾ ਤੇ ਮਜ਼ਹਬ (ਸ਼ਰਾ, ਪੰਥ) ਦਾ ਸਦਾ ਜੰਗ ਲੱਗਾ ਹੋਇਆ ਹੈ। ਅਜ ਤੱਕ ਜਿਨੇ ਉੱਚੇ ਸੰਤ ਹੋਏ ਹਨ। ਉਹਨਾਂ ਨੂੰ ਸ਼ਰਈਆਂ ਨੇ ਹੀ ਮਾਰਿਆ ਹੈ ! ਕਿਸੇ ਮਹਾਂ ਪੁਰਸ਼ ਨੇ ਦੁਨੀਆਂ ਦਾ ਕੋਈ ਪੰਥ ਨਹੀਂ ਚਲਾਇਆ, ਬਲਕਿ ਜਿਹੜੇ ਮਹਾਂਪੁਰਖ ਦੇ ਨਾਮ ਤੇ ਜਿਹੜਾ ਪੰਥ ਐਸ ਵੇਲੇ ਚਲਿਆ ਹੋਇਆ ਪ੍ਰਸਿੱਧ ਹੈ, ਉਸ ਦੀ ਗੰਭੀਰ ਖੋਜ ਕੀਤਿਆਂ ਏਸ ਸਿੱਟੇ ਤੇ ਪੁਜ ਜਾਈਦਾ ਹੈ ਕਿ ਉਹ ਪੰਥ ਉਸ ਦੇ ਕਈ ਸਾਲ ਪਰਲੋਕ ਸਿਧਾਰਨ ਤੋਂ ਬਾਦ ਕੁਝ ਦੰਭੀਆਂ ਨੇ ਮਿਲ ਕੇ ਚਲਾਇਆ ਹੋਇਆ ਹੈ। ਸੰਸਾਰ ਦੇ ਕਰੀਬਨ ਕਰੀਬਨ ਸਾਰੇ ਇਕ ਹਜ਼ਾਰ ਕੁ ਪੰਥ ਹਨ। ਪਰ ਸਾਰਿਆਂ ਵਿਚ ਕਚਾਈ ਹੀ ਮਿਲਦੀ ਹੈ। ਗੁਰੁਬਾਨੀ ਵਿਚ ਵੀ ਪੰਥਾਂ ਦੀ ਨਿੰਦਿਆ ਹੀ ਹੈ। ਯਥਾ :—

ਸਲੋਕ ਮ: ੧ ॥ ਮੁਸਲਮਾਨਾ ਸਿਫਤਿ ਸਰੀਅਤਿ, ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ, ਵੇਖਣ ਕਉ ਦੀਦਾਰੁ ॥
ਹਿੰਦੂ ਸਾਲਾਹੀ ਸਾਲਾਹਨਿ, ਦਰਸਨਿ ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ ਪੂਜਾ, ਅਗਰਵਾਸੁ ਬਹਕਾਰੁ ॥
ਜੋਗੀ ਸੁੰਨਿ ਧਿਆਵਨਿ ਜੇਤੇ, ਅਲਖ ਨਾਮੁ ਕਰਤਾਰੁ ।
ਸੂਖਮ ਮੂਰਤਿ ਨਾਮੁ ਨਿਰੰਜਨ, ਕਾਇਆ ਕਾ ਆਕਾਰੁ ॥

ਸਤੀਆ ਮਨਿ ਸੰਤੋਖੁ ਉਪਜੈ, ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ, ਸੋਭ ਕਰੇ ਸੰਸਾਰੁ ॥
ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥
ਇਕਿ ਹੋਦਾ ਖਾਇ ਚਲਹਿ ਐਥਾਊ, ਤਿਨਾ ਭਿ ਕਾਈ ਕਾਰ ? × ×
(ਸਫਾ ੪੬੬)

ਆਸਾ ਮਨਸਾ ਬੰਧਨੀ ਭਾਈ, ਕਰਮ ਧਰਮ ਬੰਧਕਾਰੀ ॥
ਪਾਪਿ ਪੁੰਨਿ ਜਗੁ ਜਾਇਆ ਭਾਈ, ਬਿਨਸੈ ਨਾਮੁ ਵਿਸਾਰੀ ॥ × ×
(ਸਫਾ ੬੩੫ ਸੋ. ਆ. ਮ: ੧)

ਬਲਕਿ ਬਾਣੀ ਦੇ ਸੰਚਯ ਵਿਚ ਉਨ੍ਹਾਂ ਹੀ ਮਹਾਪੁਰਖਾਂ ਦੀ ਰਚਨਾ ਆਈ ਹੈ। ਜਿੰਨਾਂ ਨੂੰ ਮਜ਼ਹਬਾਂ ਵਾਲਿਆਂ ਨੇ ਤੰਗ ਕਰਕੇ—ਜੀਵਨਾ ਕਠਿਨ ਕਰ ਦਿੱਤਾ ਸੀ। ਕਈ ਮਹਾਂਪੁਰਖ ਤਾਂ ਇਹਨਾਂ ਮਜ਼ਹਬਾਂ ਵਾਲਿਆਂ ਦੇ ਹੱਥੋਂ ਮਾਰੇ ਗਏ, ਕਈਆਂ ਨੂੰ ਹਾਥੀਆਂ ਦੇ ਪੈਰਾਂ ਨਾਲ ਬੰਨ ਕੇ ਮਜ਼ਹਬੀਆਂ ਨੇ ਮਾਰਿਆ। ਕਈਆਂ ਨੂੰ ਸਰੇ ਬਜ਼ਾਰਾਂ ਵਿਚ ਕਤਲ ਕੀਤਾ, ਕਈਆਂ ਨੂੰ ਉਬਲਦੀਆਂ ਦੇਗਾਂ ਵਿਚ ਉਬਾ-ਲਿਆ, ਕਈਆਂ ਨੂੰ ਆਰਿਆਂ ਨਾਲ ਚੀਰਿਆ, ਕਈਆਂ ਨੂੰ ਤੱਤੀਆਂ ਲੋਹਾਂ ਤੇ ਬਿਠਾਇਆ, ਕਈਆਂ ਨੂੰ ਦਰਿਆਵਾਂ ਵਿਚ ਹੱਥ ਪੈਰ ਬੰਨ ਕੇ ਰੋੜਿਆ, ਕਈਆਂ ਨੂੰ ਜੇਠ ਦੇ ਦਿਣੀਂ ਤੱਤੀਆਂ ਬਰੇਤੀਆਂ ਤੇ ਹਥ ਪੈਰ ਜਕੜ ਕੇ ਸੁਟ ਕੇ ਮਾਰ ਦਿੱਤਾ। ਇਹ ਸਾਰੇ ਕਰਮ ਸ਼ਰਾ (ਪੰਥਾਂ) ਵਾਲਿਆਂ ਨੇ ਸੰਤਾਂ ਨਾਲ ਕੀਤੇ ਹਨ। ਬਾਣੀ ਦੇ ਸੰਚਯ ਵਿਚ ਲਾ-ਪੰਥੀਆਂ ਨੂੰ ਹੀ ਥਾਂ ਮਿਲੀ ਹੈ। ਇਸ ਵਿਚ ਸਿਰਫ ਤਿੰਨ ਗੱਲਾਂ ਮੁਖ ਮੰਨੀਆਂ ਹੋਈਆਂ ਹਨ। ੧. ਸਿਮਰਨ, ੨. ਮਰਨ, ੩. ਸਾਧੂ ਦੀ ਸੰਗਤ।

ਸਿਮਰਨ—ਇਕ ਐਹੋਜਿਹਾ ਪਦਾਰਥ ਹੈ। ਜਿਹੜਾ ਕਿ ਮਨ ਨੂੰ ਸ਼ੁੱਧ ਕਰ ਕੇ ਸਚ (ਸਤਜ) ਵਿਚ ਜੋੜ ਸਕਦਾ ਹੈ। ਸਿਮਰਨ ਹੀਣਾਂ ਨੂੰ ਪੈਰ ਪੈਰ ਤੇ ਝੂਠ ਬੋਲਦੇ ਵੇਖੋਗੇ। ਕਈ ਬੀਬੀਆਂ ਦਾੜੀਆਂ ਦੁਕਾਨਾਂ ਉੱਤੇ ਬੈਠੀਆਂ ਵੇਖਣ ਵਿਚ ਔਂਦੀਆਂ ਹਨ। ਹੱਥਾਂ ਵਿਚ ਸੁਖਮਣੀ ਦਾ ਗੁਟਕਾ ਹੁੰਦਾ ਹੈ। ਰਸਨਾ ਬੜੀ ਰਸੀਲੀ ਆਵਾਜ਼ ਨਾਲ ਪਾਠ ਕਰਦੀ ਹੁੰਦੀ ਹੈ। ਬੜੀ ਸੁੰਦਰ ਪਗੜੀ ਸਜੀ ਹੋਈ ਹੁੰਦੀ ਹੈ।

ਮਾਲੂਮ ਪੈਂਦਾ ਹੈ ਕਿ ਹੁਣੇ ਹੀ ਸੱਚੇ ਵਿਚੋਂ ਢਲ ਕੇ ਨਿਕਲਿਆ ਹੋਇਆ ਬੜਾ ਗੁਰਮੁਖ ਹੈ। ਪ੍ਰੰਤੂ ਜਦੋਂ ਉਸਦੇ ਭਰੋਸੇ ਵਿਚ ਫਸ ਜਾਓ। ਫਿਰ ਤਾਂ ਚ੍ਰੱਟਮ ਚੱਟ ਕੀਤਿਆਂ ਤੋਂ ਬਿਨਾਂ ਓਨ ਪਿਛੇ ਨਹੀਂ ਹਟਣਾ। ਜੇ ਉੱਠਣ ਲਗੋਗੇ ਤਾਂ ਐਨੇ ਫਰੇਬ ਦੇ ਜਾਲ ਵਿਛਾਏਗਾ ਕਿ ਤੁਸੀਂ ਨਿਕਲ ਨਹੀਂ ਸਕੋਗੇ। ਜਦੋਂ ਸਾਰਾ ਮਾਲ ਮਤਾ ਓਹ ਲੈ ਲਏਗਾ। ਫਿਰ ਚਾਹ, ਕੋਕਾ ਕੋਲਾ, ਬਰਫੀ ਚੇ ਚਾਰ ਕੁ ਟੁਕੜੇ ਪਲੇਟ ਵਿਚ ਧਰੇ ਹੋਏ, ਤੁਹਾਡੇ ਸਾਮਣੇ ਲੈ ਆਵੇਗਾ। ਜੇ ਨਾਂਹ ਕਰੋਗੇ ਤਾਂ ਓਹ ਐਓਂ ਪ੍ਰੇਮ ਵਿਖਾਏਗਾ ਕਿ ਸੰਸਾਰ ਵਿਚ ਉਸ ਤੋਂ ਬਿਨਾਂ ਤੁਹਾਡਾ ਹੋਰ ਕੋਈ ਹਿਤੂ ਹੀ ਨਹੀਂ। ਜੇ ਉਸ ਦੇ ਕਪਟ ਝੂਠ ਦਾ ਪਤਾ ਲੈਣਾ ਹੋਵੇ ਤਾਂ ਜਿਹੜਾ ਸੋਦਾ ਓਸ ਤੋਂ ਖਰੀਦਿਆ ਹੈ। ਓਹੀ ਸੋਦਾ ਓਨਾਂ ਹੀ ਉਸ ਦੇ ਪੜੋਸੀ ਦੁਕਾਨਦਾਰ ਤੋਂ ਵੀ ਖਰੀਦੋ। ਪਰ ਯਾਦ ਰੱਖੋ ਕਈ ਵਾਰ ਪੜੋਸ ਵਿਚ ਉਸ ਨੇ ਪੁਤਰ, ਭਰਾ, ਭਤੀਜੇ, ਚਾਚੇ, ਭਣੇਵੇਂ, ਮਾਮੇ, ਸਾਲੇ ਤੇ ਭਣਵੀਏ ਵਸਾਏ ਹੁੰਦੇ ਹਨ। ਉਹਨਾਂ ਨੂੰ ਵੀ ਓਹੋ ਜਹੀਆਂ ਓਸੇ ਕੰਮ ਦੀਆਂ ਦੁਕਾਨਾਂ ਪਾ ਕੇ ਦਿਤੀਆਂ ਹੁੰਦੀਆਂ ਹਨ। ਜੇ ਤੁਸੀਂ ਕਿਤੇ ਓਨਾਂ ਦੁਕਾਨਾਂ ਤੇ ਜਾ ਵੜੋਗੇ--ਫਿਰ ਤਾਂ ਵਾਪਸ ਘਰ ਔਣ ਜੋਗੇ ਵੀ ਨਾਂ ਰਹੋਗੇ। ਕਿਉਂਕਿ ਤੁਹਾਨੂੰ ਦੁਕਾਨ ਤੇ ਬਿਠਾ ਕੇ ਓਨਾਂ ਦਾ ਗੁਮਾਸ਼ਤਾ, ਓਸੇ ਕੋਲ ਜਾ ਕੇ ਮਾਲ ਦਾ ਭਾ ਤੇ ਮਾਲ ਪੁੱਛ ਆਵੇਗਾ। ਤੁਹਾਨੂੰ ਬੈਠਿਆਂ ਨੂੰ ਪਤਾ ਨਹੀਂ ਲਗੇਗਾ। ਕਿ ਕਦੋਂ ਗਿਆ ਤੇ ਕਦੋਂ ਪੁੱਛ ਕੇ ਆ ਗਿਆ ਹੈ। ਬੱਸ! ਫੇਰ ਤਾਂ ਤੁਹਾਡੀ ਮੁਕੰਮਲ ਬਦਕਿਸਮਤੀ ਆ ਗਈ।

ਇਕ ਆਦਮੀ ਨੂੰ ਮੈਂ ਜਾਲੰਧਰ ਵਿਚੋਂ ਜਾਣਦਾ ਹਾਂ। ਉਸ ਦੇ ਕਾਰਖਾਨੇ ਵਿਚ ਹਰ ਵੇਲੇ ਅਖੰਡ ਪਾਠ ਹੁੰਦਾ ਰਹਿੰਦਾ ਹੈ। ਦਰਬਾਰ ਦੇ ਪ੍ਰਕਾਸ਼ ਅਤੇ ਸੁਖਮਣੀ ਦੇ ਪਾਠ ਲਈ ਗ੍ਰੰਥੀ ਨੋਕਰ ਰੱਖੇ ਹੋਏ ਹਨ। ਅਖੰਡ ਪਾਠ ਕਰਨ ਵਾਲੇ ਗ੍ਰੰਥੀ ਨੋਕਰ ਹਨ। ਦਰਬਾਰ ਵਾਲਾ ਕਮਰਾ ਬੜਾ ਸੋਹਣਾ ਸਜਾਇਆ ਹੋਇਆ ਹੈ। ਚਿੱਟੀਆਂ ਚਾਦਰਾਂ ਦਾ ਫਰਸ਼ ਵਿਛਾਇਆ ਹੋਇਆ ਹੈ। ਜਿਹੜਾ ਵਪਾਰੀ ਆ ਜਾਵੇ ਉਸ ਨੂੰ ਪਹਿਲੋਂ ਦਰਬਾਰ ਵਿਚ ਲਿਜਾਇਆ ਜਾਂਦਾ ਹੈ। ਉਸ ਦੀ ਚਾਹ, ਕੋਕੇਕੋਲੇ ਦੀ ਸੇਵਾ ਓਥੇ ਹੀ ਕੀਤੀ ਜਾਂਦੀ ਹੈ। ਓਹਦੇ ਸਾਮ੍ਹਣੇ ਸ਼੍ਰੀ ਗੁਰੂ ਨਾਨਕ ਜੀ ਦੀ

ਚਿੱਟੇ ਲਿਬਾਸ ਵਾਲੀ ਬੜੀ ਮਨਮੋਹਣੀ ਤਸਵੀਰ ਹੁੰਦੀ ਹੈ। ਦਰਬਾਰ ਦਾ ਅਖੰਡ ਪਾਠ ਕਰਨ ਵਾਲਿਆਂ ਦੇ ਚਿੱਟੇ ਕਪੜੇ ਹੁੰਦੇ ਹਨ। ਮੂੰਹ ਬੰਨ ਕੇ ਪ੍ਰਸਾਦ ਵਰਤੌਂਦੇ ਹਨ। ਬੱਸ ! ਵਾਪਾਰੀ ਨੇ ਵੇਖਿਆ ਕਿ ਇਹ ਸੰਤ ਨੰਦ ਸਿੰਘ ਜੀ ਤੇ ਸੰਤ ਈਸ਼ਰ ਸਿੰਘ ਜੀ ਕਲੇਰਾਂ ਵਾਲਿਆਂ ਦਾ ਸੇਵਕ ਹੈ। ਏਥੋਂ ਨਿਕਲ ਕੇ ਹੋਰ ਕਾਰਖਾਨੇ ਜਾਣਾ ਹੀ ਨਹੀਂ, ਫਿਰ ਜੋ ਉਹਨਾਂ ਦੀ ਮਨ ਮਰਜੀ ਸੀ, ਓਹ ਹੋ ਗਈ ਵਾਪਾਰੀ ਨੂੰ ਕਈ ਸਾਲ ਮਾਲ ਲੁਟੌਣ ਤੋਂ ਬਾਦ ਹੋਸ਼ ਆਵੇਗੀ, ਕਿ ਇਹ ਠੱਗੀ ਹੈ, ਸਿਮਰਨ ਨਹੀਂ।

ਬਹੁਤਿਆਂ ਸਾਧੂ ਕਹੌਣ ਵਾਲਿਆਂ ਨੂੰ ਵੀ ਮੈਂ ਵੇਖਿਆਂ ਹੈ। ਕਿ ਜਦੋਂ ਕੋਈ ਅਮੀਰ ਮੰਦਿਰ ਯਾ ਗੁਰੁਦ੍ਵਾਰੇ ਵਿਚ ਆ ਜਾਵੇ। ਉਸ ਨੂੰ ਮੂਰਤੀਆਂ, ਮਕਾਨ, ਕਮਰੇ, ਲੰਗਰਖਾਨੇ, ਸਰਾਵਾਂ ਦੇ ਦਰਸ਼ਣ ਕਰਵੌਂਦੇ ਹਨ। ਕੋਈ ਉਪਦੇਸ਼ ਭਜਨ ਸਿਮਰਨ ਦਾ ਨਹੀਂ। ਨਾਂ ਉਹਨਾਂ ਨੂੰ ਸਿਮਰਨ ਵ੍ਰਿਤਿ ਦੀ ਪ੍ਰਾਪਤੀ ਹੈ। ਚੇਲੇ ਚੇਲੀਆਂ ਤਾਂ ਜਲ ਜਲੌ ਵੇਖ ਕੇ ਬਣਨੇ ਸ਼ੁਰੂ ਬਹੁਤ ਹੋ ਜਾਂਦੇ ਹਨ। ਉਹ ਐਨੇ ਮੋਟੇ ਹੋ ਜਾਂਦੇ ਹਨ, ਜਿੰਨਾਂ ਤੋਂ ਉਠਿਆ ਵੀ ਨਹੀਂ ਜਾਂਦਾ। ਅਣਮੂੰਹਾਂ ਪਦਾਰਥ ਖਾ ਕੇ ਹਜ਼ਮ ਕਰਨ ਦੀ ਤਾਕਤ ਤਾਂ ਨਾਸ਼ ਹੋ ਜਾਂਦੀ ਹੈ। ਪੈਸੇ ਹੋਣ ਕਰ ਕੇ ਨੰਗੇ ਭੁਖੇ ਮੰਗਤੇ ਜਹੇ ਭਗਵੇ ਲਿਬਾਸੀ ਉਹਨਾਂ ਦੇ ਆਸ ਪਾਸ ਬੈਠੇ ਰਹਿੰਦੇ ਹਨ। ਕਦੀ ਕਦੀ ਚਾਲੀਹੇ ਵੀ ਕਟਦੇ ਹਨ। ਪਰ 'ਸਭਿ ਮਾਯਾ ਕੇ ਵਾਪਾਰਾ ਰਾਮ'। ਇਹ ਸਿਮਰਨ ਨਹੀਂ। 'ਸਿਮਰਨ' ਉਸ ਨੂੰ ਕਿਹਾ ਜਾਂਦਾ ਹੈ, ਜਿਸ ਵਿਚ 'ਸਿ=ਇੱਛਾਵਾਂ 'ਮਰਨ=ਮਰ ਜਾਣ'। ਜਿਹੜਾ ਪੜਦਾ ਹੈ 'ਮਿਥਿਆ ਤਨੁ ਧਨੁ ਕੁਟੰਬ ਸਬਾਇਆ,' ਅਤੇ ਸਾਰੇ ਤਨੁ ਕੁਟੰਬ ਲਈ ਹੀ ਮਿਥਿਆ ਧਨ ਇਕਤ੍ਰਿਤ ਕਰਦਾ ਹੈ। ਉਹ ਸਿਮਰਨ ਦੇ ਨਾਮ ਤੇ ਦੰਭ ਚਲੌਂਦਾ ਹੈ। ਇਸ ਲਈ ਬਾਣੀ ਵਿਚ ਦੂਜੇ ਨੰਬਰ ਦਾ ਮੇਲ ਕੀਤਾ ਗਿਆ ਹੈ।

ਮਰਨ—ਜਿੰਨਾਂ ਚਿਰ ਮਰਨ ਕਬੂਲ ਨਹੀਂ ਕਰਦਾ—ਓਨਾਂ ਚਿਰ ਸਿਮਰਨ ਨਹੀਂ ਹੁੰਦਾ। ਗੋਸ੍ਵਾਮੀ ਤੁਲਸੀ ਦਾਸ ਜੀ ਕ੍ਰਿਤ ਰਾਮਾਯਣ ਵਿਚ 'ਸਿਮਰਨ' ਸ਼ਬਦ ਨਹੀਂ ਔਂਦਾ, ਇਸ ਦੀ ਥਾਂ 'ਸੁਮਰਨ' ਸ਼ਬਦ ਔਂਦਾ ਹੈ। ਜਿਸ ਦਾ ਅਰਥ ਹੈ 'ਸੁ=ਉੱਤਮ ਮਰਨਾ'। ਮਰਨ ਉੱਤਮ ਹੈ, ਕਿਉਂਕਿ ਮਨੁਖ ਦੇ ਕੁਕਰਮਾਂ ਦੀ ਅਵਧਿ (ਹਦ) ਮਰਨ ਤੱਕ ਹੁੰਦੀ ਹੈ। ਇਨਸਾਨ ਚੋਰੀ, ਜਾਰੀ, ਠੱਗੀ

ਆਦਿ ਕੁਕਰਮ ਕਰਦਾ ਹੈ। ਜੇ ਮਰਨਾ ਠਾਣ ਲਿਆ ਜਾਵੇ ਤਾਂ ਕੁਕਰਮ ਛੁੱਟ ਜਾਂਦੇ ਹਨ। ਏਸ ਵਾਸਤੇ ਬਾਣੀ ਵਿਚ ਆਇਆ ਹੈ ਕਿ--

ਸਲੋਕ ਮ: ੫॥ ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ।
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸ ॥੧॥
ਮ: ੫॥ ਮੁਆ ਜੀਵੰਦਾ ਪੇਖੁ, ਜੀਵੰਦੇ ਮਰਿ ਜਾਨਿ।
ਜਿਨ੍ਹਾਂ ਮੁਹਬਤਿ ਇਕ ਸਿਉ, ਤੇ ਮਾਣਸ ਪਰਧਾਨ ॥੨॥
ਮ: ੫॥ ਜਿਸੁ ਮਨਿ ਵਸੈ ਪਾਰਬ੍ਰਹਮੁ ਨਿਕਟਿ ਨ ਆਵੈ ਪੀਰ।
ਭੁਖ ਤਿਖ ਤਿਸੁ ਨ ਵਿਆਪਈ, ਜਮੁ ਨਹੀਂ ਆਵੈ ਨੀਰ ॥੩॥
(ਸਫਾ ੧੧੦੨ ਮਾਰੂ ਵਾਰ ਡਖਣੇ)

ਰਿਸ਼ੀ ਵਾਲਿਮੀਕਿ ਜੀ ਦੇ ਪ੍ਰਸੰਗ ਵਿਚ ਔਂਦਾ ਹੈ ਕਿ ਉਸ ਨੂੰ ਸਨਕ, ਸਨੰਦਨ, ਸਨਾਤਨ ਤੇ ਸੰਤਕੁਮਾਰ ਜੀ ਨੇ ਕਿਹਾ ਕਿ ਤੂੰ 'ਮਰਾ' ਸਿਮਰਿਆ ਕਰ। ਕਿਉਂਕਿ 'ਮਰਨ ਅੰਗੀਕਾਰ ਕਰਨ ਹੀ ਸਿਮਰਨ ਹੈ'। ਜੇ ਮਰਨ ਅੰਗੀਕਾਰ ਨਹੀਂ ਕੀਤਾ ਤਾਂ ਸਿਮਰਨ ਦੰਭ ਹੈ। ਬਲਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ 'ਕਾਲ=ਮਰਨ' ਨੂੰ 'ਪਰਮੇਸ਼੍ਵਰ' ਕਿਹਾ ਹੈ। ਯਥਾ--

'ਕੇਵਲ ਕਾਲ ਈ ਕਰਤਾਰ'

ਇਹ ਗੁਰਬਾਣੀ ਵਿਚ ਦੂਜਾ ਵਰਣਨ ਔਂਦਾ ਹੈ। ਤੀਜੀ ਥਾਂ ਸਾਧੂ ਦੀ ਸੰਗਤ ਹੈ।

ਸਾਧੂ ਸੰਗਤ--ਕਈਆਂ ਦੇ ਖ਼ਯਾਲ ਵਿਚ ਬਹੁਤੇ ਆਦਮੀ ਜਿਹੜੇ ਕਿਸੇ ਗੁਰਦੁਆਰੇ, ਮੰਦਿਰ ਯਾ ਕਥਾ ਕੀਰਤਨ ਵਿਚ ਇਕਤ੍ਰਿਤ ਹੋਏ ਹੋਏ ਹੋਣ--ਉਹ ਸਾਧੂ ਸੰਗਤ ਹਨ, ਇਹ ਅਰਥ ਗੁਰਬਾਣੀ ਨਾਲ ਸੰਬੰਧਿਤ ਨਹੀਂ। ਕਿਉਂਕਿ ਮੈਂ ਏਸ ਇਕਤ੍ਰਿਤ ਦਾ ਚੰਗੀ ਤਰ੍ਹਾਂ ਨਿਰਣਯ ਕੀਤਾ ਹੈ। ਜਿਹੜੇ ਆਦਮੀ, ਕਿਸੇ ਵੀ ਇਕੱਠ ਵਿਚ ਇਕੱਠੇ ਹੁੰਦੇ ਹਨ। ਉਹਨਾਂ ਨੂੰ ਟੋਹ ਕੇ ਵੇਖਿਆਂ ਪਤਾ ਲਗਦਾ ਹੈ ਕਿ **੯੯** ਫੀ ਸਦੀ ਬੁਰਾਈ ਨਿਪੁਣ ਹੁੰਦੇ ਹਨ। ਸਾਧੂ ਲਈ ਗੁਰਬਾਣੀ ਵਿਚ ਇਓਂ ਯਥਾਰਥ ਲੇਖ ਹੈ :—

ਨਿਸਿ—ਦਿਨਿ ਮਾਇਆ ਕਾਰਨੇ, ਪ੍ਰਾਨੀ ਡੋਲਤ ਨੀਤ ॥

ਕੋਟਨ ਮੈ ਨਾਨਕ ਕੋਊ, ਨਾਰਾਇਨ ਜਿਹ ਚੀਤਿ ॥੨੪
(ਸਫਾ ੧੪੨੭ ਸਲੋਕ ਮ:੯)

ਹੈਨਿ ਵਿਰਲੇ, ਨਾਹੀਂ ਘਣੇ, ਫੈਲ ਫਕੜੁ ਸੰਸਾਰੁ ॥
(ਸਫਾ ੧੪੧੧ ਸਲੋਕ ਮ:੧)

ਜਿਸ ਦੀ ਸੰਗਤ ਬਾਣੀ ਵਿਚ ਕਤਨੀ ਦੱਸੀ ਹੈ--ਉਹ ਸਾਧੁ (ਝ੍ਰਿਕ) ਹੈ। ਸਾਧੁ (ਸ੍ਰੇਸ਼ਟ) ਬਣਨਾਂ ਦਿਓਂ ਔਖਾ ਹੈ--ਸੰਸਾਰ ਵਿਚ ਅਸ੍ਰੇਸ਼ਟਾਂ ਦੀ ਬਹੁਤਾਤ ਹੈ। ਜੇ ਕੋਈ ਆਦਮੀ ਮਨ ਤੋਂ ਸ੍ਰੇਸ਼ਟ ਬਣ ਵੀ ਜਾਵੇ--ਜਗਤ ਤਾਂ ਵੀ ਉਸਨੂੰ ਚੰਗਾ ਨਹੀਂ ਗਿਣਦਾ, ਕਿਉਂਕਿ ਉਸਦੇ ਨਾਲ ਦਿਆਂ ਨੇ ਉਸ ਦੀਆਂ ਬੁਰਿਆਈਆਂ ਨੂੰ ਵੇਖਿਆ ਹੋਇਆ ਹੁੰਦਾ ਹੈ। ਜਨਮ ਤੋਂ ਲੈਕੇ ਮਨੁਸ਼ ਜਿਹੜਾ ਕੰਮ ਛੇਤੀ ਤੋਂ ਛੇਤੀ ਸਿੱਖਦਾ ਹੈ--ਉਹ ਬੁਰਿਆਈ ਹੀ ਹੁੰਦੀ ਹੈ। ਚੋਰੀ ਕਰਨੀ, ਸਿਰਫ ਦੂਜਿਆਂ ਬੱਚਿਆਂ ਨੂੰ ਵੇਖ ਕੇ ਬੱਚਾ ਬਚਪਨ ਵਿਚ ਹੀ ਸਿਖ ਲੈਂਦਾ ਹੈ। ਦੁਨੀਆਂ ਵਿਚ ਚੋਰੀ ਕਰਨ ਦੀ ਸਿੱਖਿਆ ਦਾ ਕੋਈ ਸਕੂਲ ਯਾ ਕਾਲਜ ਨਹੀਂ। ਪਰ ਹਰ ਮਨੁੱਖ ਮਾਤ੍ਰ ਕੁਝ ਨ ਕੁਝ ਚੋਰੀ ਜ਼ਰੂਰ ਕਰਦਾ ਹੈ। ਕੋਈ ਸਕੂਲ, ਕਾਲਜ, ਗੁਰਦੁਆਰਾ, ਮੰਦਿਰ, ਮਸਜਿਦ, ਚਰਚ, ਤੀਰਥ, ਗੁਰ ਸਥਾਨ, ਧਾਮ, ਪੁਰੀ ਤੇ ਪਵਿਤ੍ਰ ਥਾਂ ਚੋਰੀ ਤੋਂ ਬਚੀ ਹੋਈ ਨਹੀਂ! ਹਾਂ! ਜਦੋਂ ਬੱਚੇ ਨੂੰ ਬਚਪਨ ਵਿਚੋਂ ਚੋਰੀ ਦੀ ਆਦਤ ਪ੍ਰਪੱਕ ਹੋ ਜਾਂਦੀ ਹੈ ਤਾਂ ਛੋਟੀ ਵਸਤੂਆਂ ਦੀ ਚੋਰੀ ਉਸਦਾ ਗੁਜ਼ਾਰਾ ਨਹੀਂ ਚਲੌਂਦੀ ਅਤੇ ਚੋਰੀ ਕਰਨ ਵਿਚ ਮਸ਼ਹੂਰੀ ਵੀ ਹੋ ਜਾਂਦੀ ਹੈ ਤਾਂ ਉਹ ਕਦੀ ਨ ਕਦੀ ਜ਼ਰੂਰ ਫੜਿਆ ਜਾਂਦਾ ਹੈ। ਫੇਰ ਉਸ ਨੂੰ ਜੇਲ੍ਹ ਵਿਚ ਦਾਖ਼ਲ ਹੋਣਾ ਪੈਂਦਾ ਹੈ। ਜੇਲ੍ਹ ਵਿਚ ਚੋਰ ਉਸਤਾਦ ਮਿਲ ਜਾਂਦੇ ਹਨ। ਉਸਨੂੰ ਜੇਲ ਚੋਂ ਚੋਰਾਂ ਦੇ ਅੱਡਿਆਂ ਦੀ ਤਫਸੀਲ ਮਿਲ ਜਾਂਦੀ। ਸਜ਼ਾ ਭੁਗਤਣ ਤੋਂ ਬਾਦ ਉਹ ਚੋਰ ਆਪਣੇ ਘਰ ਵਿਚ ਰਹਿਣਾ ਬਦਨਾਮੀ ਸਮਝਦਾ ਹੈ ਤਾਂ ਜੇਲ ਦੀ ਇਨਕੁਆਰੀ ਅਨੁਸਾਰ ਨਾਮੀ ਚੋਰਾਂ ਨੂੰ ਮਿਲ ਕੇ ਪਹਿਲੋਂ ਗੁਜ਼ਾਰਾ ਕਰਦਾ ਹੈ। ਫੇਰ ਧਨ ਇਕੱਠਾ ਕਰ ਕੇ ਸੁਖ ਭੋਗਣਾ ਚਹੁੰਦਾ ਹੈ। ਨਾਮੀ ਚੋਰ ਇਹ ਸੋਚ ਲੈਂਦੇ ਹਨ ਕਿ ਸਾਨੂੰ ਹੁਣ ਇਸ ਤੋਂ ਫਾਇਦਾ ਹੋਣਾ ਬੰਦ ਹੋ ਜਾਵੇਗਾ। ਉਹ ਉਸ ਦੇ ਹੱਥੋਂ ਸ਼ਰਾਬ ਪਿਆ ਕੇ ਕਿਸੇ ਮਨੁਖ ਦਾ ਕਤਲ ਕਰਵਾ

ਦੇਂਦੇ ਹਨ। ਉਹ ਕਤਲ ਦੇ ਡਰ ਨਾਲ ਘਰ ਨਹੀਂ ਰਹਿ ਸਕਦਾ। ਨਾਂਮੀ ਚੋਰਾਂ ਦੇ ਹੱਥ ਬਹੁਤ ਲੰਮੇ ਹੁੰਦੇ ਹਨ। ਨਾਮੀ ਚੋਰਾਂ ਦੇ ਥਾਣੇਦਾਰ ਤਾਂ ਇਕ ਮਾਂ ਪਿਓ ਜਾਏ ਭਰਾ ਹੁੰਦੇ ਹਨ। ਜਿਹੜੇ ਨਾਮੀ ਚੋਰ ਬਣਦੇ ਹਨ—ਬਿਨਾ ਪੁਲਿਸ ਦੀ ਮਦਦ ਦੇ ਉਹ ਕਾਮਯਾਬ ਹੀ ਨਹੀਂ ਹੋ ਸਕਦੇ ਅਤੇ ਸਿਪਾਹੀ ਉਹਨਾਂ ਪਾਸੋਂ ਮੁਫ਼ਤੀ ਸ਼ਰਾਬਾਂ, ਮਾਸ, ਅੰਡੇ, ਮੁਰਗੀਆਂ, ਦੁੱਧ, ਚਾਹ, ਰਬੜੀਆਂ ਤੇ ਘਿਉ ਖੰਡਾਂ ਖਾਂਦੇ ਹਨ। ਇਹਨਾਂ ਕਰਮਾਂ ਲਈ ਸਬੂਤ ਪੇਸ਼ ਕਰਨਾ ਲਿਖਾਰੀਆਂ ਦਾ ਕੰਮ ਨਹੀਂ। ਸਬੂਤ ਗੋਰਮਿੰਟ ਦੇ ਕਰਮਚਾਰੀ ਹੀ ਕਰ ਸਕਦੇ ਹਨ। ਪਰ ਵਾਹ ਚੰਗੇ ਮਾੜਿਆਂ ਨਾਲ ਸਾਨੂੰ ਵੀ ਪੈਂਦਾ ਹੈ—ਇਸ ਕਰ ਕੇ ਅਸੀਂ ਜਾਣਦੇ ਜ਼ਰੂਰ ਹਾਂ। ਨਾਮੀ ਚੋਰਾਂ ਕੋਲ ਬੈਠੇ ਬਿਠਾਇਆਂ ਕਾਫੀ ਧਨ ਔਂਦਾ ਰਹਿੰਦਾ ਹੈ, ਉਹ ਉਸ ਵਿਚੋਂ ਪੁਲਿਸ ਦਾ ਹਿੱਸਾ ਕੱਢ ਲੈਂਦੇ ਹਨ। ਹਰ ਕੰਮ ਨੂੰ ਚੈਕ ਕਰਨ ਵਾਲੇ ਇਨਸਪੈਕਟਰ, ਇਕਾਊਂਟੈਂਟ ਕਾਫੀ ਮਾਲ ਲੈਂਦੇ ਹਨ। ਸਾਰੇ ਆਦਮੀ ਕਦੀ ਕਿਸੇ ਮਹਿਕਮੇ ਵਿਚ ਬੁਰੇ ਨਹੀਂ ਹੁੰਦੇ। ਪਰ ਅਜ ਕਲ ਸਨ ੧੯੬੯ ਵਿਚ ਤਾਂ ਜਿਹੜਾ ਆਫੀਸਰ ਵਢੀ ਨਹੀਂ ਲੈਂਦਾ-ਉਹਨੂੰ ਉਹਦੇ ਥੱਲੇ ਦਾ ਮਹਿਕਮਾ ਸਗੋਂ ਬਦਨਾਮ ਕਰ ਕੇ ਕਢਵਾ ਦੇਂਦਾ ਹੈ। ਜੇ ਦੁਕਾਨਦਾਰ ਵਹੀਆਂ ਚੈਕ ਕਰਨ ਵਾਲੇ ਨੂੰ ਪੈਸੇ ਦੇ ਦੇਵੇ ਤਾਂ ਕਚਹਿਰੀ ਵਿਚ ਖਰਾਬ ਹੋਣੋਂ ਬਚੇ ਅਤੇ ਮੁਜਸਟਰੇਟ ਯਾ ਜੱਜ ਦੇ ਬਹੁਤੇ ਜ਼ੁਰਮਾਨੇ ਤੋਂ ਬਚ ਕੇ ਥੋੜਿਆਂ ਪੈਸਿਆਂ ਨਾਲ ਛੁਟਕਾਰਾ ਮਿਲ ਗਿਆ ਅਤੇ ਅੱਗੇ ਲਈ ਰਾਹ ਵੀ ਖੁੱਲ੍ਹ ਗਿਆ। ਜੇ ਕੋਈ ਨਵਾਂ ਆਫੀਸਰ ਆ ਜਾਵੇ ਤਾਂ ਨਾਮੀਚੋਰ ਪਹਿਲੋਂ ਹੀ ਮੁਲਾਕਾਤਾਂ ਕਰਨ ਲਗ ਪੈਂਦੇ ਹਨ। ਦੁਕਾਨਦਾਰ ਆਪਣਿਆਂ ਵਕੀਲਾਂ ਦੇ ਜ਼ਰੀਯਾ ਮੇਲ ਕਰ ਲੈਂਦੇ ਹਨ। ਮਾਰੇ ਸਿਰਫ ਗ਼ਰੀਬ ਜਾਂਦੇ ਹਨ। ਅਮੀਰਾਂ ਪਾਸ ਬੜੇ ਰਾਹ ਹੁੰਦੇ ਹਨ ਕਿਉਂਕਿ ਪੈਸਾ ਬੜੇ ਰਾਹ ਬਣਾ ਦੇਂਦਾ ਹੈ। ਇਸ ਚੋਰੀ ਤੋਂ ਛੁੱਟਣਾ ਕੰਮ ਕਾਜ ਤੋਂ ਵੀ ਛੁੱਟ ਜਾਣਾ ਹੁੰਦਾ ਹੈ, ਬਲਕਿ-ਐਸ ਜ਼ਮਾਨੇ ਵਿਚ ਤਾਂ ਰੋਟੀ ਖਾਣੀ ਵੀ ਔਖੀ ਹੈ। ਇਹ ਤਾਂ ਮਾਮੂਲੀ ਚੋਰੀ ਦੀ ਮਾਮੂਲੀ ਜਹੀ ਤਫਸੀਲ ਲਿਖੀ ਹੈ। ਗੰਭੀਰ ਵਿਚਾਰ ਨਾਲ ਵੇਖਿਆ ਜਾਵੇ ਤਾਂ ਵਡੇ ਵਡੇ ਅਹੁਦੇਦਾਰਾਂ ਦੀਆਂ ਬਿਲਡਿੰਗਾਂ, ਜ਼ਮੀਨਾਂ, ਬੈਂਕਾਂ ਦੇ ਖਾਤੇ, ਰੋਜ਼ਾਨਾ ਖਰਚ, ਉਹਨਾਂ ਦੇ ਬਚਿਆਂ ਦੀ ਐਸ਼ੋ ਇਸ਼ਰਤ ਚੋਰੀ ਦਾ ਅਨੁਮਾਨ ਕਰਵੌਂਦੇ ਹਨ। ਇਸ ਤੋਂ ਬਚਣਾ ਸਾਧੂ ਦਾ ਪਹਿਲਾ

ਕਰਮ ਹੈ।

ਇਸ ਤੋਂ ਅੱਗੇ ਜਾਰੀ ਆਦਿਕ ਮਾਨਸਿਕ ਕਈ ਕੁਕਰਮ ਹਨ। ਜਯੋਂ ਜਯੋਂ ਬਚਦਾ ਹੈ-ਤਯੋਂ ਤਯੋਂ ਅੱਡ ਹੁੰਦਾ ਜਾਂਦਾ ਹੈ। ਐਥੋਂ ਤੱਕ ਕਿ ਲੋਕ ਜ਼ਾਤੀਆਂ ਦੇ ਨਾਮਾਂ ਤੇ ਕੁਕਰਮ ਕਰਦੇ ਹਨ। ਜਿੰਨਾਂ ਨੂੰ ਸੋਚਿਆਂ ਬੜੀ ਬੜੀ ਹੈਰਾਨਗੀ ਵਾਲੀਆਂ ਗੱਲਾਂ ਸਾਮ੍ਹਣੇ ਔਂਦੀਆਂ ਹਨ। ਕੋਈ ਜੱਟ ਬਣ ਕੇ ਕੁਕਰਮ ਕਰਨ ਵਿਚ ਵਡਿਆਈ ਸਮਝਦਾ ਹੈ। ਕੋਈ ਬਾਹਮਣ ਬਣ ਕੇ ਕੁਕਰਮਾਂ ਦਾ ਮੁਖਤਿਆਰ ਬਣਦਾ ਹੈ। ਕੋਈ ਸ਼ੈਵ ਬਣ ਕੇ ਕੁਕਰਮਾਂ ਨੂੰ ਤਰਜੀਹ ਦੇਂਦਾ ਹੈ। ਕੋਈ ਵੈਸ਼ਣ੍ਵ, ਕੋਈ ਸਨਯਾਸੀ, ਕੋਈ ਉਦਾਸੀ, ਕੋਈ ਸਿੱਖ, ਕੋਈ ਮੁਸਲਮਾਨ, ਕੋਈ ਪਠਾਣ, ਕੋਈ ਵਪਾਰੀ, ਕੋਈ ਭਾਟੀਆ, ਕੋਈ ਰਾਸਧਾਰੀਆ, ਕੋਈ ਕੀਰਤਨ ਕਰਨ ਵਾਲਾ, ਕੋਈ ਕਥਾ ਵਾਚਕ, ਕੋਈ ਮੰਦਿਰ ਨਿਰਮਾਣ ਕਰਤਾ, ਕੋਈ ਗੁਰਦੁਆਰੇ ਬਣੌਣ ਵਾਲਾ, ਕੋਈ ਮਾਲਾ ਫੇਰਨ ਵਾਲਾ, ਕੋਈ ਦਾੜੀਆਂ ਕੇਸ਼ ਰੱਖਣ ਭਾਲਾ, ਕੋਈ ਸਿਰ ਮੂੰਹ ਮੁਨਾਂ ਕੇ ਭਗਵੇ ਪਹਿਨਣ ਵਾਲਾ ਬਣ ਕੇ ਕੁਕਰਮਾ ਦਾ ਵਾਧਾ ਕਰਦਾ ਹੈ। ਸਾਧੂ ਨੂੰ ਇਹਨਾਂ ਸਾਰਿਆਂ ਤੋਂ ਨਫਰਤ ਹੋ ਜਾਂਦੀ ਹੈ। ਹੁਣ ਸਾਧੂ ਦਾ ਕਿਹੜਾ ਮਿਤ੍ਰ ਬਾਕੀ ਰਹਿ ਗਿਆ। ਗੋਸ੍ਵਾਮੀ ਜੀ ਨੇ ਲਿਖਿਆ ਹੈ ਕਿ :—

ਦੋਹਾ ॥ ਬੰਦੋਂ ਸੰਤ ਸਮਾਨਯ ਚਿਤ; ਹਿਤੁ ਅਨਹਿਤੁ ਨਹਿ ਕੋਇ।
ਅੰਜੁਲ ਗਤਿ ਸੁਭ ਸੁਮਨ ਜਿਮ, ਸਮ ਸੁਗੰਧ ਕਰ ਦੋਇ ॥

(ਰਾਮ ਚਰਿਤ ਮਾਨਸ)

ਉਸ ਸਾਧੂ ਦੀ ਸੰਗਤ ਆਸਤਕਤਾ ਨੂੰ ਕਾਯਮ ਰੱਖ ਸਕਦੀ ਹੈ। ਇਓਂ 'ਸਾਧੂ ਦੀ ਸੰਗਤ' ਲਈ ਗੁਰਬਾਣੀ ਵਿਚ ਤੀਜੀ ਥਾਂ ਹੈ। ਬੱਸ ! ਇਹਨਾਂ ਤਿੰਨਾਂ ਉਪਦੇਸ਼ਾਂ ਤੋਂ ਬਿਨਾ ਸੰਪੂਰਨ ਬਾਣੀ ਵਿਚ ਕੋਈ ਉਪਦੇਸ਼ ਨਹੀਂ। ਕਿਸੇ ਸ਼ਬਦ ਵਿਚ ਵੇਦਾਂ ਵਾਂਗ ਇਕੋ ਕਰਮ ਕਿਹਾ ਹੋਇਆ ਹੈ। ਕਿਸੇ ਵਿਚ ਦੁਹੂੰ ਕਰਮਾਂ ਦਾ ਵਰਣਨ ਹੈ, ਕਿਸੇ ਵਿਚ ਤਿੰਨੇ ਕਰਮ ਹਨ। ਇਹਨਾ ਤਿੰਨਾਂ ਥਜੂਰੀਆਂ ਦੇ ਆਲੇ ਦੁਆਲੇ ਸੰਪੂਰਣ ਬਾਣੀ ਫਿਰਦੀ ਹੈ। ਇਕ ਸ਼ਬਦ ਵਿਚ ਇਕ ਸੌਅਠਾਈ ਵ੍ਰਿਤੀਆਂ ਹੁੰਦੀਆ ਹਨ। ਤਿੰਨਾਂ ਪ੍ਰਕਰਣਾਂ ਨੂੰ ਬਹੁਤ ਵ੍ਰਿਤੀਆਂ ਨਾਲ ਵਰਣਨ ਕੀਤਾ ਹੋਇਆ ਹੈ ਇਹ ਸੰਪੂਰਣ ਬਾਣੀ ਦਾ ਆਸ਼ਯ ਹੈ।

ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ

ਹਰ ਗ੍ਰੰਥ ਦਾ ਨਾਮ ਗ੍ਰੰਥ ਦੇ ਰਚਣ ਵਾਲਾ ਲਿਖਦਾ ਹੈ। ਨਾਮ ਉਸ ਦੀ ਪਛਾਣ ਦਾ ਕੰਮ ਦੇਂਦਾ ਹੈ। ਨਾਮ ਲਿਖਣ ਦੇ ਤਰੀਕੇ ਕੁਝ ਗ੍ਰੰਥਾਂ ਵਿਚੋਂ ਜਚਦੇ ਨਹੀਂ ਹਨ। ਮਿਸਾਲ ਦੇ ਤੌਰ ਤੇ-'ਵੇਦਾਂ' ਦਾ ਨਾਮ 'ਸ਼੍ਰੁਤਿ' ਵੀ ਹੈ, 'ਕੁਰਾਨ' ਦਾ 'ਮੁਸਹਫ਼ਹ' ਆਦਿ, 'ਵੇਦਾਂਤ' ਦਾ 'ਬ੍ਰਹਮ ਸੂਤ੍ਰ', 'ਬਾਇਬਲ' ਦਾ 'ਧਰਮ ਸ਼ਾਸਤ੍ਰ, 'ਤਤ੍ਵਾਰਥ ਸੂਤ੍ਰ' ਦਾ 'ਮੋਖ ਮਾਰਗ'ਇਤਯਾਦਿ। ਇਹ ਕੋਈ ਨਾਮ ਨਹੀਂ ਹਨ ਬਲਕਿ 'ਗੁਣਾਂ ਦੀ ਵਯਾਖਯਾ ਹੈ'। ਇਸ ਤੋਂ ਭਾਵ ਇਹ ਨਿਕਲਦਾ ਹੈ ਕਿ ਅਸਲ ਗ੍ਰੰਥਾਂ ਦੇ ਰਚਣਹਾਰਾਂ ਨੇ ਇਹਨਾਂ ਦੇ ਨਾਮ ਨਹੀਂ ਲਿਖੇ, ਇਹਨਾਂ ਗ੍ਰੰਥਾਂ ਨੂੰ ਪੜ੍ਹਕੇ ਪੜ੍ਹਨ ਵਾਲਿਆਂ ਨੇ ਉਹਨਾਂ ਦੀਆਂ ਪਹਿਲੀਆਂ ਤੁਕਾਂ, ਸੂਤ੍ਰਾਂ ਅਤੇ ਭਾਵਾਂ ਆਦਿਕਾਂ ਤੋਂ ਨਾਮ ਕਲਪੇ ਹੋਏ ਹਨ। ਇਹਨਾਂ ਦੀ ਵਯਾਖਯਾ ਤਾਂ ਬਹੁਤ ਲੰਮੀ ਚਲੀ ਜਾਂਦੀ ਅਤੇ ਉਸ ਨੂੰ ਸਮਝਣ ਲਈ ਬਹੁਤ ਗ੍ਰੰਥਾਂ ਦੀ ਵਿਚਾਰ ਲੋੜੀਂਦੀ ਹੈ। ਸਾਧਾਰਣ ਆਦਮੀ ਨੂੰ ਸਮਝੌਣ ਲਈ ਸਿਰਫ ਏਨਾ ਹੀ ਪ੍ਰਕਰਣ ਕਾਫ਼ੀ ਹੈ।

ਗ੍ਰੰਥ ਦਾ ਨਾਮ ਉਹ ਹੁੰਦਾ ਹੈ। 'ਜਿਹੜਾ ਆਦਿ ਮੰਗਲ ਤੋਂ ਅੱਗੇ ਲਿਖਿਆ ਜਾਵੇ'। ਇਸ ਪ੍ਰਮਾਣ ਲਈ ਵੇਖੋ-ਗੁਰੂ ਪ੍ਰਤਾਪ ਸੂਰਜ, ਗੁਰੂ ਵਿਲਾਸ ਪਾ: ੧੦, ਗੁਰੂ ਵਿਲਾਸ ਪਾ: ੬, ਮਹਿਮਾ ਪ੍ਰਕਾਸ਼, ਨਾਨਕ ਪ੍ਰਕਾਸ਼, ਸੂਰਯੋਦਯ ਜਨਮ ਸਾਖੀ, ਰਾਮ ਚਰਿਤ ਮਾਨਸ, ਗੀਤਾਵਲੀ, ਕਵਿਤਾਵਲੀ, ਪੰਥ ਪ੍ਰਕਾਸ਼, ਪ੍ਰਾਚੀਨ ਪੰਥ ਪ੍ਰਕਾਸ਼ ਆਦਿਕ ਗ੍ਰੰਥਾਂ ਦਾ ਪ੍ਰਾਰੰਭ। 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਮ—ਇਹਨਾਂ ਪ੍ਰਮਾਣਾਂ ਨਾਲ ਸਿੱਧ ਨਹੀਂ ਹੁੰਦਾ। ਕਿਉਂਕਿ ਟਾਇਟਲ ਪੇਜ ਤੇ ਲਿਖਿਆ ਨਾਮ—ਓਨਾ ਚਿਰ ਕੋਈ ਮਾਯਨਾ ਨਹੀਂ ਰਖਦਾ—ਜਿੰਨਾਂ ਚਿਰ ਓਹ ਮੂਲ ਮੰਗਲ ਤੋਂ ਬਾਦ ਨਾ ਲਿਖਿਆ ਹੋਇਆ ਹੋਵੇ। ਕਰਤਾਰਪੁਰ ਅਤੇ (ਮਾਂਗਟ) ਬੜੌਤ ਵਾਲੀਆਂ ਬੀੜਾਂ ਵਿਚ ਤਾਂ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਯਾ 'ਆਦਿ ਗ੍ਰੰਥ' ਆਦਿਕ ਕੋਈ ਨਾਮ ਹੈ ਨਹੀਂ। ਇਹਨਾਂ ਵਿਚ ਇਸ ਪ੍ਰਕਾਰ ਦੇ ਪਾਠ ਹਨ ਯਥਾ :—

(੧) ਸੂਚੀ ਪਤ੍ਰ 'ਪੋਥੀ' ਕਾ, ਤਤਕਰਾ ਰਾਗਾਂ ਕਾ,
੪੧ ਜੋਤੀ ਜੋਤਿ ਸਮਾਵਣੇ ਕਾ ਚਲਿਤ੍ਰ
ਸੰਬਤ ੧੬੬੧ ਮਿਤੀ ਭਾਦਉ ਵਦੀ ਏਕਮ ੧
'ਪੋਥੀ' ਲਿਖਿ ਪਹੁੰਚੇ (ਬੀੜ ਕਰਤਾਰਪੁਰ)

(੨) ਸੰਬਤੁ ੧੬੫੯ ਮਿਤੀ ਅਸੂ ਵਦੀ ਏਕਮ ੧ 'ਪੋਥੀ' ਲਿਖਿ ਪਹੁੰਚੇ ॥
[ਬੀੜ ਭਾਈ ਬੰਨੋ ਜੀ ਬੜੌਤ ਜਿਲਾ ਮੇਰਠ]

(੩) ਸੰਮਤ ੧੭੪੨ ਮਿਤੀ ਸਾਵਣ ੧੯ 'ਪੋਥੀ' ਲਿਖ ਪਹੁਚੇ
(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਖਤਾਂ ਵਾਲੀ ਬੀੜ ਸਿਖ ਰੈਫਰੈਂਸ ਲਾਇ-ਬਰੇਰੀ ਅੰਮ੍ਰਿਤਸਰ]

(੪) ਸੰਬਤ ੧੭੪੮ ਮਿਤੀ ਹਾੜ੍ਹ ਪਹਿਲੇ 'ਪੋਥੀ' ਲਿਖੀ ਪਹੁੰਚੇ ।
(ਬੀੜ-ਭਾਈ ਪਾਖਰ ਮੱਲ ਢਿਲੋਂ ਵਾਸੀ ਖਾਰ ਚੰਭਲ ਪੋਤਰੇ ਚੋਧਰੀ ਲੰਗਾਹ ਦੇ ਦੀ, ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ]

(੫) ਸੰਬਤੁ ੧੭੧੧ ਮਿਤੀ ਜੇਠ ਸੁਦੀ ਏਕਮ ੧ 'ਪੋਥੀ' ਲਿਖ ਪਹੁੰਚੇ
[ਬੀੜ ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ]

(੬) ਸੰਬਤ ੧੯੧੧ ਮਿਤੀ ਜੇਠ ਸੁਦੀ 'ਪੋਥੀ' ਲਿਖ ਪਹੁੰਚੇ ।
[ਬੀੜ ਡਾ. ਗੰਡਾ ਸਿੰਘ ਜੀ ਐਮ. ਏ. ਹਿਸਟੋਰੀਅਨ, ਪੰਜਾਬੀ ਯੂਨੀਵਰ-ਸਟੀ ਪਟਿਆਲਾ]

'ਪੋਥੀ' ਤੋਂ ਬਿਨਾ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' 'ਆਦਿ ਗ੍ਰੰਥ' 'ਗ੍ਰੰਥ ਸਾਹਿਬ, ਯਾ 'ਗੁਰੂ ਗ੍ਰੰਥ' ਆਦਿਕ ਨਾਮਾਂ ਚੋਂ ਕੋਈ ਇਹਨਾਂ ਬੀੜਾਂ ਵਿਚ ਨਹੀਂ ਆਇਆ । 'ਪੋਥੀ' ਖਾਸ ਨਾਮ ਨਹੀਂ, ਇਹ ਆਮ ਮਜਮੂਈ ਨਾਮ ਹੈ । 'ਪੋਥੀ' ਨਾਮ ਬਾਣੀ ਵਿਚ ਮਜਮੂਈ ਨਾਮ ਦੇ ਤੌਰ ਤੇ ਲਿਖਿਆ ਹੈ ਯਥਾ :—

ਸਾਰਗ ਮਹਲਾ ੫ ॥ 'ਪੋਥੀ' ਪਰਮੇਸਰ ਕਾ ਥਾਨੁ ॥
ਸਾਧ ਸੰਗਿ ਗਾਵਹਿ ਗੁਣ ਗੋਬਿੰਦ, ਪੂਰਨ ਬ੍ਰਹਮ ਗਿਆਨੁ ॥ ੧ ॥ ਰਹਾਉ ।
ਸਾਧਿਕ ਸਿਧ ਸਗਲ ਮੁਨਿ ਲੋਚਹਿ, ਬਿਰਲੈ ਲਾਗੈ ਧਿਆਨੁ ॥
ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ, ਪੂਰਨ ਤਾ ਕੋ ਕਾਮੁ ॥੧॥
ਜਾ ਕੈ ਰਿਦੈ ਵਸੈ ਭੈ ਭੰਜਨੁ, ਤਿਸੁ ਜਾਨੈ ਸਗਲ ਜਹਾਨੁ ॥
ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ, ਇਹੁ ਨਾਨਕੁ ਮਾਂਗੈ ਦਾਨੁ ॥
੨ ॥ ੯੦ ॥ ੧੧੩ (ਸਫ਼ਾ ੧੨੨੬)

ਪ੍ਰੰਤੂ 'ਪੋਥੀ' ਨਾਮ ਵੀ ਤਤਕਰੇ ਵਿਚ ਹੀ ਲਿਖਿਆ ਹੋਇਆ ਹੈ, ਮੂਲ ਮੰਗਲ

ਤੋਂ ਬਾਦ ਨਹੀਂ ਹੈ । ਇਸ ਵਾਸਤੇ—'ਪੋਥੀ' ਨਾਮ ਵੀ ਪਾਵਨ ਬਾਣੀ ਦੇ ਸੰਗ੍ਰਹਿ ਦਾ ਨਹੀਂ ਹੈ । ਨਾਮ ਬਾਰੇ ਭਾਈ ਸੰਤੋਖ ਸਿੰਘ ਜੀ ਤੋਂ ਬਿਨਾ ਕਿਸੇ ਇਤਿਹਾਸਕਾਰ ਨੇ ਨਿਰਣਯ ਨਹੀਂ ਕੀਤਾ । ਗੁਰੁ ਪ੍ਰਤਾਪ ਸੂਰਯ ਵਿਚ ਆਪ ਜੀ ਨੇ ਇਉਂ ਲਿਖਿਆ ਹੈ :—

ਇਹ ਕ੍ਰਮ ਪ੍ਰਿਥਮੈ ਬਰਨਨ ਕਰਿਯੋ ॥ 'ਜਪੁ' ਅਰੁ 'ਬੇਦ' ਅਰਥ ਇਕ ਧਰਿਯੋ ।੨੫

ਬ੍ਰਹਮ ਜਾਨਬੇ ਕੋ ਇਹ ਨਾਮੂ ॥ ਦੋਨਹੁ ਪਦ ਸਮਸਰ ਅਭਿਰਾਮੂ ॥
ਯਾ ਤੇ ਪ੍ਰਿਥਮ ਨਾਮ 'ਜਪੁ' ਰਾਖ੍ਯੋ ॥ ਸਭਿ ਗੁਰੁਬਾਣੀ ਕੋ ਇਹ ਭਾਖ੍ਯੋ ॥੨੬॥

(ਗੁ. ਪ੍ਰ. ਸੂ. ਰਾ. ੩, ਅੰ. ੪੧)

ਭਾਵਾਰਥ ਇਹ ਹੈ । 'ਜਪੁ' ਦਾ ਅਰਥ ਅਤੇ 'ਵੇਦ' ਦਾ ਅਰਥ ਇਕੋ ਹੈ । ਜਪੁ=ਜਾਨਣਾ ਤੇ ਵੇਦ=ਜਾਨਣਾ ਇਕ ਅਰਥ ਰਖਦੇ ਹਨ । ਭਾਵ ਇਹ ਗ੍ਰੰਥ 'ਵੇਦ ਵਾਂਗੂ ਅਤਿ ਉੱਤਮ ਹੈ' 'ਵੇਦ ਤੁਲਯ ਹੈ' ਅਥਵਾ 'ਵੇਦ ਹੀ ਹੈ' । ਇਹ ਬ੍ਰਹਮ ਨੂੰ ਜਾਨਣ ਦੇ ਹੀ ਦੋਂਵੇ ਨਾਮ ਹਨ ਅਤੇ 'ਜਪੁ' ਤੇ 'ਵੇਦ' ਦੋਵੇਂ (ਅਭਿਰਾਮ) ਸੋਹਣੇ ਪਦ ਬਰੋਬਰ ਦੇ ਹਨ । (ਸ਼੍ਰੀ ਗੁਰੂ ਜੀ ਨੇ) ਏਸੇ ਵਾਸਤੇ ਪਹਿਲੋਂ 'ਜਪੁ' ਨਾਮ ਰਖਿਆ ਹੈ । ਸਾਰਿਆਂ ਸਤਿਗੁਰਾਂ ਦੀ ਬਾਣੀ ਲਈ ਇਹ (ਨਾਮ) ਕਹਿਆ ਹੈ । ਇਹ ਸ਼੍ਰੀ ਮਾਂਨਯੋਗਯ ਭਾਈ ਸੰਤੋਖ ਸਿੰਘ ਜੀ ਦਾ ਕਥਨ ਹੈ । "ਜਪੁ ਗੁਰੂ ਰਾਮ ਦਾਸ ਜੀ ਕੇ ਨਕਲ ਕਾ ਨਕਲੁ' ਪਾਠ ਤੋਂ ਭੀ 'ਪਾਵਨ ਬਾਣੀ ਦੇ ਸੰਪੂਰਣ ਸੰਗ੍ਰਹਿ' ਤੋਂ ਹੀ ਮੁਰਾਦ ਹੈ । 'ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ' ਭਾਵ ਵਾਚਕ ਨਾਮ ਪੈ ਗਿਆ ਹੈ । ਜਿਸ ਦਾ ਅਰਥ ਹੈ '(ਆਦਿ) ਪਹਿਲੇ ਸ਼੍ਰੀ (ਗੁਰੂ) ਸਤਿਗੁਰੂ ਦੇਵਾਂ ਦਾ ਗ੍ਰੰਥ ਸਾਹਿਬ' 'ਸਾਹਿਬ' ਸ਼ਬਦ ਉੱਚ ਹਸਤੀਆਂ ਦੇ ਅਦਬ ਵਿਚ ਨਾਮਾਂ ਦੇ ਅੰਤ ਵਰਤਿਆ ਜਾਂਦਾ ਹੈ । ਯਥਾ ! ਸ਼੍ਰੀ ਗੁਰੂ ਨਾਨਕ ਸਾਹਿਬ, ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਸ਼੍ਰੀ ਸਤਿਗੁਰੂ ਸ਼੍ਰੀ ਚੰਦ੍ਰ ਸਾਹਿਬ, ਸ਼੍ਰੀ ਕਬੀਰ ਸਾਹਿਬ ਆਦਿਕ । ਏਸੇ ਭਾਵ ਨਾਲ ਏਥੇ 'ਸਾਹਿਬ, ਸ਼ਬਦ ਵਰਤਿਆ ਹੋਇਆ ਹੈ । ਇਸ ਪਾਵਨ ਸੰਗ੍ਰਹ ਵਿਚ ਜਿੰਨਾਂ ਮਹਾਪੁਰਸ਼ਾਂ ਦੀ ਬਾਣੀ (ਭੱਟ ਬਾਣੀ, ਮਰਦਾਨਾ, ਸੁੰਦਰ, ਸੱਤਾ ਤੇ ਬਲਵੰਡ ਨੂੰ ਛੱਡ ਕੇ) ਆਈ ਹੈ । ਉਹ ਸ਼੍ਰੀ ਕਬੀਰ ਜੀ, ਨਾਮਦੇਵ ਜੀ, ਰੈਦਾਸ ਜੀ, ਤ੍ਰਿਲੋਚਨ ਜੀ ਆਦਿਕ ਸਾਰੇ ਦੇ ਸਾਰੇ ਹੀ ਆਪੋ ਆਪਣੀਆਂ ਸੰਪ੍ਰਦਾਵਾਂ

ਦੇ ਸਤਿਗੁਰੂ ਹੋਏ ਹਨ। ਕੋਈ ਐਸੀ ਹਸਤੀ ਨਹੀਂ ਹੋਈ ਜਿਸ ਨੂੰ ਕਿ ਕੋਈ ਸੰਪ੍ਰਦਾਯ ਸਤਿਗੁਰੂ ਨਹੀਂ ਮੰਨਦੀ, ਉਹ ਪਹਿਲੋਂ ਹੋ ਚੁਕੇ ਹਨ ਇਸ ਵਾਸਤੇ 'ਇਹ ਪਹਿਲੇ ਸਤਿਗੁਰਾਂ (ਦੀ ਬਾਣੀ) ਦਾ (ਸੰਗ੍ਰਹ) ਗ੍ਰੰਥ ਸਾਹਿਬ ਹੈ।

ਕਰਾਮਾਤ

ਇਹ ਅਰਬੀ ਲਫਜ਼ ਹੈ, ਜਿਸ ਦਾ ਮਤਲਬ 'ਮਿਹਰਾਂ, ਮਿਹਰਬਾਨੀਆਂ, ਕ੍ਰਿਪਾਲਤਾਈਆਂ, ਹੈ। ਕਿਉਂਕਿ ਇਹ ਕਰਾਮਤ ਦੀ ਜਮਾ (ਕਰਾਮਤ ਦਾ ਬਹੁਵਚਨ ਹੈ। ਇਸ ਦਾ ਮੂਲ ਅਰਬੀ ਲਫਜ਼ ਕਰਮ=ਮਿਹਰ ਹੈ। ਅਸਲ ਮਤਲਬ ਤਾਂ ਏਨਾਂ ਹੀ ਹੈ। ਪਰ ਲੋਕ ਜਦੋਂ ਵਹਿਮਾ ਵਿਚ ਫਸ ਜਾਣ ਤਦ ਆਪੋ ਦੀ ਮਨ-ਘੜਤ ਮਤਲਬ ਕਢ ਲੈਂਦੇ ਹਨ ਅਤੇ ਢਾਂਚਾ ਹੋਰ ਦਾ ਹੋਰ ਬਣਾ ਲੈਂਦੇ ਹਨ। ਕਰਾਮਾਤ ਦਾ ਅਰਥ ਏਸੇ ਤਰੀਕੇ ਨਾਲ (ਸਾਕਤ) ਡਿਗਿਆ ਹੋਇਆ ਹੈ। ਉਹ 'ਹੈਰਾਨਗੀ ਵਾਲੇ ਕੰਮਾਂ ਦੀ ਹੋਂਦ' ਨੂੰ 'ਕਰਾਮਤ' ਕਹਿਣ ਲਗ ਪਏ ਹਨ। ਇਸ ਅਰਥ ਨੇ ਦੁਨੀਆਂਦਾਰਾਂ ਨੂੰ ਰੰਗ ਲਾ ਦਿਤਾ ਹੈ। ਲੋਕ ਥਾਂ ਪਰਥਾਂ ਮੁਰਦਿਆਂ ਤੇ ਜੀਉਂਦਿਆਂ ਦੀਆਂ ਕਰਾਮਾਤ (ਸਿੱਧੀਆਂ) ਸੁਣੌਂਦੇ ਨਹੀਂ ਥਕਦੇ ਅਤੇ ਮੂਰਖ ਉਹਨਾਂ ਦੇ ਫੰਦਿਆਂ ਵਿਚ ਫਸਦੇ ਨਹੀਂ ਅਕਦੇ। ਇਹ ਸਿਲਸਿਲਾ ਐਹੋ ਜਿਹਾ ਪੇਚੀਦਾ ਹੈ ਕਿ ਜੇ ਕੋਈ ਵਿਦ੍ਵਾਨ ਇਸਦਾ ਸਹੀ ਪ੍ਰਚਾਰ ਕਰੇਗਾ ਵੀ ਤਾਂ ਲੋਕਾਂ ਵਿਚ ਆਪਣੀ ਜ਼ਬਾਨ ਤੋਂ ਨਹੀਂ ਕਰ ਸਕਦਾ, ਕਿਸੇ ਪੁਸਤਕ ਵਿਚ ਬੇਸ਼ਕ ਲਿਖ ਜਾਵੇ। ਗੁਰੁਬਾਣੀ ਨਾਲ ਵੀ ਇਹ ਚੰਬੜੀਆਂ ਹੋਈਆਂ ਹਨ। ਜੇ ਇਹ ਨਾਲੋਂ ਲਹਿ ਜਾਣ ਤਾਂ ਮੰਦਿਰਾਂ, ਗੁਰੁਦ੍ਵਾਰਿਆਂ, ਮਸਜਿਦਾਂ, ਚਰਚਾਂ ਅਤੇ ਪੰਥਾਂ ਦੀ ਮਾਂ ਮਰ ਜਾਏ, ਕਿਉਂਕਿ ਝੂਠ ਦਾ ਫੈਲਾਵ ਹੀ ਇਹਨਾਂ ਦੀਆਂ ਰੋਜ਼ੀਆਂ ਹਨ। ਏ ਟੂ ਜ਼ੈਡ ਇਹ ਸਾਰੀਆਂ ਝੂਠੀਆਂ ਅਤੇ ਮੱਕਾਰੀ ਕਹਾਣੀਆਂ ਹੁੰਦੀਆਂ ਹਨ। ਜੇ ਮੈਂ ਨਿਰਣਯ ਕਰਕੇ ਲਿਖਣੀਆਂ ਸ਼ੁਰੂ ਕਰ ਦੇਵਾਂ ਤਾਂ ਗੁਰੁਬਾਣੀ ਨੂੰ ਸਾਰੀ ਉਮਰ ਛੋਹ ਨਹੀਂ ਸਕਾਂਗਾ। ਕੁਰਾਨ ਮਜੀਦ ਤੇ ਜ਼ਬੂਰ ਵੀ ਇਹਨਾਂ ਤੋਂ ਪਾਕ ਨਹੀਂ ਹੋ ਸਕਦੇ। ਹਿੰਦੂ, ਸਿੱਖ, ਯਹੂਦੀ, ਇਸਾਈ ਤੇ ਮੁਸਲਮਾਨ ਸਾਰੇ ਏਸ ਕਜਲ ਕੋਠੜੀ ਵਿਚ ਪਏ ਹੋਏ ਹਨ। ਮੈਂ ਵਡਾ ਘੱਲੂ ਘਾਰਾ ਸਨ 1947 ਵਿਚ ਪਾਕਸਤਾਨ ਬਣਨ ਵੇਲੇ ਵੇਖਿਆ ਹੈ। ਕੋਈ ਕਰਾਮਤ ਸ੍ਰੀ ਜਨਮਸਥਾਨ ਨਾਨਕਾਣੇ ਸਾਹਿਬ ਜੀ ਚੋਂ ਪੈਦਾ ਹੁੰਦੀ ਨਹੀਂ ਵੇਖੀ। ਮੁਲਤਾਨ ਵਿਚ ਪ੍ਰਹਿਲਾਦ ਜੀ ਦਾ ਥੰਮ (ਮੰਦਿਰ) ਬਣਿਆ ਹੋਇਆ ਸੀ ਕੋਈ ਨਰਸਿੰਹ ਓਥੋਂ ਨਹੀਂ ਜੰਮਿਆ, ਜਿਨ ਹਿੰਦੂਆਂ ਦਿਆਂ ਬਚਿਆਂ ਨੂੰ ਮਰਦਿਆਂ

ਰਖਿਆ ਹੋਵੇ । ਹਜ਼ਾਰਾਂ ਕੁਰਾਨ ਮਜੀਦਾਂ, ਦਰਬਾਰਾਂ, ਗੀਤਾਂ, ਉਪਨਿਸ਼ਦਾਂ, ਸ਼੍ਰੀ ਮਦ ਭਾਗਵਤਾਂ, ਵੇਦਾਂ, ਸ਼ਾਸਤ੍ਰਾਂ, ਹਦੀਸਾਂ, ਪੁਰਾਣਾਂ, ਸਿਮ੍ਰਿਤੀਆਂ ਦੀ ਘੋਰ ਬੇ-ਅਦਬੀ ਕੋਈ ਕਰਾਮਤ ਨਹੀਂ ਵਿਖਾ ਸਕੀ । ਖ੍ਵਾਜਾ ਅਜਮੇਰ, ਅਮਾਮ ਨਾਸਰ ਜਾਲੰਧਰ, ਤੇ ਪੀਰ ਪਾਨੀਪਤ ਨੇ ਕਿਸੇ ਮੁਸਲਮਾਨ ਨੂੰ ਨਹੀਂ ਬਚਾਇਆ ਬਲਕਿ ਨਜ਼ਾਮ ਹੈਦਰਾਬਾਦ (ਦੱਖਣ) ਜਿਹੜਾ ਕਿ ਖ੍ਵਾਜਾ ਅਜਮੇਰ ਦੇ ਮਜਾਰ ਦਾ ਸਾਰਿਆਂ ਥੋਂ ਵਡਾ ਪੁਜਾਰੀ ਸੀ, ਉਹ ਵੀ ਆਪਣੀ ਰਿਆਸਤ ਦਾ ਮਲੀਆ ਮੇਟ ਕਰਵਾ ਬੈਠਾ । ਭਗਵਾਨ ਸ਼੍ਰੀ ਰਾਮਚੰਦ੍ਰ ਜੀ ਦਾ ਜਨਮਸਥਾਨ (ਅਯੋਧਯਾ), ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਜਨਮਸਥਾਨ (ਮਥੁਰਾ), ਵਿਸ਼੍ਵਨਾਥ ਮੰਦਿਰ (ਬਾਨਾਰਸ) ਸ਼੍ਰੀ ਕਲਕੀ ਅਵਤਾਰ ਦਾ (ਹਰਿ ਜੀ ਮੰਦਿਰ) ਸੰਭਲ (ਜਿਲਾ ਮੁਰਾਦਾਬਾਦ U.P.) ਸ਼੍ਰੀ ਗੁਰੂ ਰਾਮਦਾਸ ਜੀ ਦਾ ਬਾਉਲੀ ਸਾਹਿਬ ਡੱਬੀ ਬਾਜ਼ਾਰ (ਲਾਹੌਰ) ਕੂਕ ਕੂਕ ਕੇ ਦੁਹਾਈਆਂ ਦੇਂਦੇ ਹਨ ਕਿ ਝੂਠੀਆਂ ਕਹਾਣੀਆਂ ਵਿਚ ਨ ਫਸੋ, ਸਾਡੇ ਵਿਚ ਕੋਈ ਕਰਾਮਤ ਨਹੀਂ ਹੈ ।

ਸੰਨ ੧੯੪੪ ਵਿਚ ਲਾਇਲਪੁਰ ਮੈਨੂੰ ਇਕ ਪ੍ਰੇਮੀ ਮਿਲਿਆ । ਓਸ ਆਪਣੀ ਜਨਮ ਕੁੰਡਲੀ ਲਾਇਲਪੁਰ ਦੇ ਇਕ ਜਯੋਤਿਸ਼ੀ ਭ੍ਰਿਗੂ ਸੰਹਿਤਾ ਵਾਲੇ ਤੋਂ ਕਢਵਾ ਕੇ ਬਣਵਾਈ ਹੋਈ ਸੀ । ਜਨਮ ਕੁੰਡਲੀ ਵਿਚ ਤਿੰਨ ਜਨਮਾਂ ਦਾ ਹਾਲ ਸੀ । ਜਨਮ ਕੁੰਡਲੀ ਅਨੁਸਾਰ ਉਸ ਨੇ ੮੦ ਸਾਲ ਉਮਰ ਭੋਗਣੀ ਸੀ । ਸਨ ੧੯੪੪ ਵਿਚ ਉਸਦੀ ਉਮਰ ੫੩ ਸਾਲ ਸੀ । ਸਨ ੧੯੪੭ ਵਿਚ ਉਹ ਵਿਚਾਰਾ ਓਥੇ ਹੀ ਮੁਸਲਮਾਨਾਂ ਹੱਥੋਂ ਮਾਰਿਆ ਗਿਆ । ਇਹ ਜਯੋਤਿਸ਼ੀ ਜਾਲੰਧਰ ਆ ਗਿਆ ਅਤੇ ਫੇਰ ਭ੍ਰਿਗੂ ਸੰਹਿਤਾ ਦੇ ਨਾਮ ਨਾਲ ਲੋਕਾਂ ਨੂੰ ਵਰਗਲੋਣ ਵਿਚ ਕਾਫੀ ਕਾਮਯਾਬ ਹੋ ਗਿਆ । ਜਿਹੜੇ ਲੋਕ ਜਯੋਤਿਸ਼ ਵਿਦਯਾ ਅਨੁਸਾਰ ਕਰਾਮਤ ਮੰਨਦੇ ਹਨ । ਇਹ ਉਹਨਾਂ ਦਿਆਂ ਮੂੰਹਾਂ ਤੇ ਚਪੇੜ ਹੈ ਕਿ ਕਰਾਮਤ ਇਹਨਾਂ ਵਿਚ ਵੀ ਨਹੀਂ ।

ਸੰਤਪੁਰਾ ਮੰਡੀ ਬਹਾਉਦਦੀਨ (ਗੁਜਰਾਤ) ਵਿਚ ਸਨ ੧੯੪੭ ਵਿਚ ਅਖੰਡ ਪਾਠ ਕਰਦੇ ਸੰਤ ਕਤਲ ਕੀਤੇ ਗਏ । ਕੋਈ ਕਰਾਮਤ ਨ ਪ੍ਰਗਟੀ ਜੋ ਉਹਨਾਂ ਨੂੰ ਬਚਾ ਸਕਦੀ । ਸੰਤ ਜੋਵਾ ਸਿੰਘ ਜੀ (ਸੂਰਦਾਸ) ਸ਼੍ਰੀ ਨਾਨਕਾਣੇ ਸਾਹਿਬ ਵਿਚ

ਸਿਮਰਨ ਕਰਦੇ ਕਤਲ ਕੀਤੇ ਗਏ, ਕਿਸੇ ਤਾਕਤ ਨੇ ਨਹੀਂ ਬਚਾਇਆ। ਸੰਤਪੁਰੇ ਦਾ ਵਾਰਸ ਜੇ ਨੂਹੇ ਦਾ ਜਨਮ ਲੱਭ ਸਕਦਾ ਹੈ ਤਾਂ ਆਪਣੇ ਚੇਲਿਆਂ ਦਾਂ ਮਰਨ ਕਿਉਂ ਨ ਲੱਭਿਆ ? ਜਿਹੜੇ ਸਾਧੂ ਪਾਕਸਤਾਨ ਵਿਚ ਦੋ ਦੋ ਕੌਡੀਆਂ ਦੀ ਵੁੱਕਤ ਨਹੀਂ ਰਖਦੇ ਸਨ–ਏਧਰ ਆਂਕੇ ਉਨ੍ਹਾਂ ਮੁਰਦਿਆਂ ਦੀਆਂ ਕਰਾਮਾਤੀ ਕਹਾਣੀਆਂ ਨਾਲ ਐਨਾਂ ਕੁਰਾਹ ਪਾ ਦਿੱਤਾ ਹੈ ਕਿ ਪਰਮੇਸ਼ੁਰ ਦੀ ਕ੍ਰਿਪਾ ਤੋਂ ਬਿਨਾ ਸੁਰਾਹ ਮਿਲ ਹੀ ਨਹੀਂ ਪਾਏਗਾ। ਧਰਮ' ਨੂੰ ਨਾਸ਼ ਕਰਨ ਵਾਲੀ ਜੇ ਕੋਈ ਤਾਕਤ ਹੈ ਤਾਂ ਉਹ ਕਰਾਮਾਤ ਦੀਆਂ ਕਹਾ-ਣੀਆਂ ਹੈ । ਇਕ ਸੰਤ ਨਿਹਾਲ ਸਿੰਘ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ (ਬਰੇਲੀ) ਵਾਲੇ ਨੇ ਦੋ ਬੀੜਾਂ ਸਨ ੧੯੬੧ ਵਿਚ ਸਾੜੀਆਂ, ਕੋਈ ਕਰਾਮਾਤ ਨਾ ਪ੍ਰਗਟੀ ਅਤੇ ਹੁਣ ਤੱਕ ਖ਼ੂਬ ਪ੍ਰਤਿਸ਼ਿਤ ਮੋਟਾ ਤਾਜਾ ਮੌਜੂਦ ਹੈ। ਏਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਮ ਨਾਲ, ਕਈ ਅਨ ਇਤਿਹਾਸਕ ਗੁਰਦੁਆਰੇ ਬਣਾਏ ਹੋਏ ਹਨ। ਡੇਰਾ ਗੁਰੂ ਵਡਭਾਗ ਸਿੰਘ ਜੀ, ਗੰਗਸਰ ਕਰਤਾਰਪੁਰ ਅਤੇ ਰਮਦਾਸ (ਜ਼ਿਲਾ ਗੁਰਦਾਸਪੁਰ) ਦੀਆਂ ਕਰਾਮਾਤਾਂ ਵੀ ਸਾਰੀਆਂ ਦੀਆਂ ਸਾਰੀਆਂ ਵਹਿਮਾਂ ਤੇ ਨਿਰਭਰ ਹਨ। ਬਿਹਾਰ ਦੇ ਇਲਾਕੇ ਦੇ ਤਾਂਤ੍ਰਿਕ ਵੀ ਝੂਠੇ ਵੇਖੇ ਜਾਂਦੇ ਹਨ। ਕਾਲਕਾ ਦੇ ਮੰਦਿਰ ਕਰਾਮਾਤ ਲਈ ਢੋਂਗ ਹਨ । ਧੌਂਕਲ, ਬਾਲਕਨਾਥ ਤੇ ਦੱਤ ਮਹੋਰ ਕਰਾਮਾਤ ਤੋਂ ਬਿਲਕੁਲ ਕੋਰੇ ਹਨ। ਜਿਹੜਾ ਗੁਰਬਾਣੀ ਨੂੰ ਕਰਾਮਾਤ ਨਾਲ ਮੰਨਦਾ ਹੈ—ਉਹ ਪਰਮਪਾਪ ਕਰਦਾ ਹੈ।

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭੁ ਲੋਗਨ ਕਹ ਆਵਤ ਲਾਜਾ ॥
(ਬਚਿਤ੍ਰ ਨਾਟਕ)

ਬਹੁਤੀਆਂ ਬੀੜਾਂ ਨੂੰ ਦਰਿਯਾਵਾਂ ਨਾਲ ਕਰਾਮਾਤੀ ਤੌਰ ਨਾਲ ਜ਼ਾਹਰ ਕੀਤਾ ਹੋਇਆ ਹੈ। ਕਤਾਰਪੁਰ ਜੀ ਦੀ ਬੀੜ ਨੂੰ ਦਰਿਯਾ ਬਿਆਸ 'ਚ ਰੱਖਣਾ । (ਭਾਈ ਬੰਨੋ ਜੀ) ਮਾਂਗਟ ਵਾਲੀ ਬੀੜ ਨੂੰ ਪਾਣੀ 'ਚ ਰੱਖਣਾ । (ਕਾਬਲ) ਉੱਤਮ ਪੁਰ (ਜ਼ਿਲਾ ਬਰੇਲੀ U. P.) ਵਾਲੀ ਬੀੜ ਨੂੰ ਦਰਿਯਾ ਦੀ ਬਰੇਤੀ ਵਿਚੋਂ ਲੈਣਾ। ਡਰੋਲੀ (ਨੰਦ ਚੰਦ) ਵਾਲੀ ਬੀੜ ਨੂੰ ਯਮੁਨਾ ਵਿਚ ਰੱਖਣਾਂ । ਇਹ ਸਾਰੀਆਂ ਝੂਠੀਆਂ ਕਹਾਣੀਆਂ ਹਨ। ਜਿਨਾਂ ਦਾ ਜ਼ਿਕਰ ਅੱਗੇ ਬੀੜਾਂ ਦੇ ਨਾਲ ਨਾਲ ਲਿਖਿਆ ਹੋਇਆ ਹੈ । ਕਰਤਾਰਪੁਰ ਵਾਲੀ ਬੀੜ ਨੂੰ ਪ੍ਰਸਿੱਧ ਕਰਨ ਲਈ ਸ੍ਰੀ ਗੁਰੂ ਤੇਗਬਹਾਦਰ ਜੀ ਨੇ ਬੀੜ ਦਰਿਆ ਬਿਆਸ ਵਿਚ ਰੱਖ ਕੇ ਕਰਤਾਰਪੁਰ

ਧੀਰਮੱਲ ਜੀ ਨੂੰ ਸੁਨੇਹਾ ਭੇਜਿਆ ਅਤੇ ਧੀਰਮੱਲ ਨੇ ਅੱਠ ਦਿਣ ਬਾਦ ਕੱਢ ਲਈ ਤਾਂ ਹਾਸ਼ੀਆ ਗਲਿਆ ਹੋਇਆ ਮਿਲਿਆ, ਨਵਾਂ ਹਾਸ਼ੀਆ ਲਾ ਕੇ ਬੀੜ ਨੂੰ ਧੀਰਮੱਲ ਨੇ ਆਪਣੇ ਪਾਸ ਰੱਖਿਆ'। ਇਹ ਕਹਾਣੀ ਧੀਰਮੱਲੀਆਂ ਦੀ ਚਲਾਈ ਹੋਈ ਹੈ- ਜਿਸ ਨੂੰ ਸੁਣ ਕੇ ਇਤਿਹਾਸਕਾਰਾਂ ਨੇ ਲਿਖ ਰੱਖਿਆ ਹੈ। ਇਹ ਬੀੜ ਕਰੀਬ ਸੰਮਤ ੧੯੦੦ ਤੋਂ ਲੈ ਕੇ ਸੰਮਤ ੧੯੨੦ ਦੀ ਲਿਖਤ ਹੈ ਅਤੇ ਕਿਸੇ ਭਾਈ ਬੰਨੋ ਵਾਲੀ ਬੀੜ ਦੀ ਕਾਪੀ ਹੈ। ਹਾਸ਼ੀਆਂ ਬਾਣੀ ਨੂੰ ਵੱਧ ਯਾ ਘੱਟ ਅੱਗੇ ਪਿੱਛੇ ਕਰਨ ਵਾਸਤੇ ਲਾਇਆ ਹੋਇਆ ਹੈ। ਮੌਜੂਦਾ ਬੀੜ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਹ ਸ੍ਰੀ ਗੁਰੂ ਰਾਮਦਾਸ ਜੀ ਦੇ ਬਾਣੀ ਦੇ ਸੰਚਯ, ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਇਕਤ੍ਰਿਤ ਕੀਤੇ ਸੰਗ੍ਰਹ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸੰਗ੍ਰਹ ਕੀਤੀ ਬਾਣੀ ਦਾ ਇਕੋ ਥਾਂ ਸੰਚਯ ਹੈ। ਕਿਉਂਕਿ "ਜਪੁ ਗੁਰੂ ਰਾਮਦਾਸ ਜੀ ਕੇ ਨਕਲ ਕਾ ਨਕਲੁ" ਪਦ ਤਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਇਕਤ੍ਰਿਤ ਕੀਤੇ ਸੰਗ੍ਰਹ ਵੱਲ ਸੰਕੇਤ ਕਰਦਾ ਹੈ। 'ਗਉੜੀ ਕਬੀਰ ਜੀ ਨਾਲਿ ਰਲਾਇ ਲਿਖਿਆ ਮਹਲਾ ੫' ਸਫੇ ੩੨੬ ਤੇ ਆਇਆ ਪਦ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਕੀਤੇ ਸੰਗ੍ਰਹ ਵਲ ਸੰਕੇਤ ਹੈ। ਕਿਉਂਕਿ ਇਸ

ਸ਼ਬਦ :—

ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥੧॥ ਰਹਾਉ॥
ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥ ੧ ॥
ਮਾਤਾ ਭੈਸਾ ਅੰਮੁਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥ ੨
ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥3॥

ਰਾਮ ਰਮਤ ਮਤਿ ਪਰਗਟੀ ਆਈ ॥ ਕਹੁ ਕਬੀਰ ਗੁਰਿ ਸੋਝੀ ਪਾਈ ।੪।੧।੧੪। ਵਿਚੋਂ ਕਿਸੇ ਵਿਦ੍ਵਾਨ ਨੇ ਇਹ ਨਹੀਂ ਦੱਸਿਆ ਕਿ 'ਆਹ ਤੁੱਕ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਰਚ ਕੇ ਪਾਈ ਹੋਈ ਹੈ, ਇਸ ਸ਼ਬਦ ਵਿਚ ਸ੍ਰੀ ਗੁਰੂ ਅਰਜੁਨ ਦੇਵ ਜੀ ਰਚਿਤ ਕੋਈ ਤੁਕ ਨਹੀਂ। ਨਾ ਹੀ ਸ੍ਰੀ ਗੁਰੂ ਜੀ ਨੇ ਕਬੀਰ ਜੀ ਦੇ ਨਾਮ ਤੇ ਕੋਈ ਸ਼ਬਦ ਉਚਾਰਿਆ ਹੈ। ਨਾਂ ਹੀ ਕਬੀਰ ਜੀ ਨੂੰ ਕੋਈ ਸਿਰੋਪਾ ਦਿੱਤਾ ਹੈ ਕਿਉਂਕਿ ਸ੍ਰੀ ਕਬੀਰ ਜੀ ਅਤੇ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਕਾਲ (ਸਮਯ) ਦਾ ਬਹੁਤ ਫਰਕ ਹੈ। ਇਹੋ ਜਹੇ ਅਟਕਲਪੱਚੂ ਅਗਜਾਨੀਆਂ ਨੇ ਕਲਪੇ ਹਨ। ਇਸ ਦਾ ਸ਼ੁੱਧ ਭਾਵ ਹੈ ਕਿ "(ਮਹਲਾ ੫) ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਕਾਲ (ਸਮਯ) ਸੰਗ੍ਰਹ

ਕੀਤੇ ਬਾਣੀ ਦੇ ਸੰਚਯ ਨਾਲ (ਰਲਾਇ) (ਅੱਖਰ ਪ੍ਰਤਿ ਅੱਖਰ) ਮਿਲਾਕੇ (ਇਹ) ਸ੍ਰੀ ਕਬੀਰ ਜੀ ਦਾ ਗਉੜੀ ਰਾਗੁ ਦਾ ਚੋਦਵਾਂ ਚੋਪਦਾ ਲਿਖਿਆ ਹੈ., ਇਹ ਕਥਨ ਬੀੜ ਦੇ ਸੰਗ੍ਰਹ ਕਰਤਾ ਲਿਖਾਰੀ ਵੱਲੋਂ ਹੈ। ਕਿਉਂਕਿ ਇਸ ਸ਼ਬਦ ਵਿਚ ਤਿੰਨ ਵਾਰ ਕਬੀਰ ਪਦ ਆਇਆ ਹੈ, ਜਿਸ ਤੋਂ ਪਾਠਕ ਨੂੰ ਸ਼ੰਕਾ ਹੁੰਦੀ ਹੈ ਕਿ ਤਿੰਨ ਵਾਰ ਕਬੀਰ ਪਦ ਕਿਉਂ ਆਇਆ ਹੈ ? ਇਸ ਦੇ ਉੱਤ੍ਰ ਵਜੋਂ ਸੰਗ੍ਰਹ ਕਰਤਾ ਲਿਖ ਰਿਹਾ ਹੈ ਕਿ ਮੈਨੂੰ ਇਹ ਪਤਾ ਨਹੀਂ ਕਿ ਤਿੰਨ ਵਾਰ ਕਬੀਰ ਪਦ ਕਿਉਂ ਆਇਆਂ ਹੈ ? ਪਰ ਮੈਂ ਇਸ ਸ਼ਬਦ ਨੂੰ ਸ੍ਰੀ ਗੁਰੂ ਅਰਜੁਨ ਦੇਵ ਜੀ ਵਾਲੀ ਕਾਪੀ ਨਾਲ ਮਿਲਾ ਕੇ ਲਿਖਿਆ ਹੈ। ਏਥੇ ਨਾਲ ਹੀ ਸਮਝਣ ਵਾਲੀ ਇਕ ਹੋਰ ਗੱਲ ਹੈ ਕਿ ਬਾਣੀ ਦੇ ਸੰਚਯ ਵਿਚ ਇਸ ਸ਼ਬਦ ਸਫੇ ੩੨੬ ਵਾਲੇ ਤੋਂ ਪਹਿਲਾਂ ਕਿਸੇ ਭਗਤ ਬਾਣੀ ਦੇ ਸ਼ਬਦ ਨਾਲ 'ਮਹਲਾ ੫' ਪਾਠ ਹੀ ਨਹੀਂ ਆਇਆ। ਇਸ ਤੋਂ ਲਿਖਾਰੀ ਨੇ "ਮ: ੫" ਭਗਤਾਂ ਦਿਆਂ ਸ਼ਬਦਾਂ ਯਾ ਸ਼ਲੋਕਾਂ ਦੇ ਆਦਿ ਵਿਚ ਜਿਥੇ ਵੀ ਹੈ ਉਸ ਦਾ ਅਰਥ ਲਿਖ ਦਿੱਤਾ ਹੈ ਕਿ ਮ: ੫ ਦਾ ਇਹ ਅਰਥ ਹੈ:-"ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਲਿਖੀ ਹੋਈ ਕਾਪੀ ਨਾਲ ਮਿਲਾ ਕੇ ਲਿਖਿਆ ਹੋਇਆ ਸ਼ਬਦ ਯਾ ਸ਼ਲੋਕ" ਇਸ ਲਿਹਾਜ਼ ਨਾਲ ਇਹ ਵ੍ਰਿਤਿ ਵੀ ਨਿਕਲਦੀ ਹੈ, ਕਿ ਹੋ ਸਕਦਾ ਸੀ—ਕਿ ਇਹ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਵਾਲੀ ਕਾਪੀ ਵਿਚ ਨਾ ਹੋਣ ਅਤੇ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਲਿਖੀ ਹੋਈ ਕਾਪੀ ਵਿਚ ਹੀ ਹੋਣ। ਪ੍ਰੰਤੂ 'ਮ: ੫' ਵਾਲੇ ਭਗਤਾਂ ਦੇ ਸ਼ਬਦ ਯਾ ਸ਼ਲੋਕ ਸ੍ਰੀ ਗੁਰੂ ਅਰਜੁਨ ਦੇਵ ਜੀ ਰਚਿਤ ਨਹੀਂ ਹਨ, ਇਹ ਦ੍ਰਿੜ ਨਿਸ਼ਚਯ ਹੈ।

ਸ਼੍ਰੀਮਾਨ ਪ੍ਰਿੰਸੀਪਲ ਜੋਧ ਸਿੰਘ ਜੀ ਨੇ ਜੋ ਪਤ੍ਰ ੨੪-੯-੫੪ ਨੂੰ ਲਿਖਿਆ ਹੈ × × × ਹੋਰ ਸੰਸਥਾਵਾਂ ਜਾਂ ਵਿਅਕਤੀਆਂ ਜੋ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਨੂੰ ਪ੍ਰਮਾਣੀਕ ਨਹੀਂ ਮੰਨਦੀਆਂ ਉਹ ਭਸੌੜ ਦੀਵਾਨ ਨਾਲ ਸੰਬੰਧ ਰਖਦੀਆਂ ਹਨ, ਜਿਨ੍ਹਾ ਰਾਗਮਾਲਾ ਦਾ ਝਗੜਾ ਚੁਕਿਆ ਸੀ।

ਮੈਂ ਪ੍ਰਿੰਸੀਪਲ ਯਾਂ ਹੋਰਨਾ ਨੂੰ ਦ੍ਰਿੜ ਵਿਸ੍ਵਾਸ ਨਾਲ ਕਹਿੰਦਾ ਹਾਂ ਕਿ ਮੇਰਾ ਸੰਬੰਧ ਸੁਪਨੇ ਵਿਚ ਵੀ ਭਸੌੜ ਯਾ ਹੋਰ ਕਿਸੇ ਬਾਣੀ ਵਿਰੋਧੀ ਸੰਸਥਾ ਨਾਲ ਨਹੀਂ, ਮੈਂ ਕੇਵਲ ਖੋਜ ਦੇ ਅਧਾਰ ਤੇ ਪੁਛਦਾ ਹਾਂ ਕਿ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਪਰਲੋਕ ਗਮਨ ਦੀ ਤਿਥਿ ਦੱਸਣ ਵਾਲੀ ਬੀੜ, ਸ੍ਰੀ ਗੁਰੂ ਅਰਜੁਨ ਦੇਵ ਜੀ ਦੀ

ਲਿਖਵਾਈ ਹੋਈ ਕਿਸਤਰਾਂ ਹੋ ਸਕਦੀ ਹੈ ?

ਕਰਤਾਰਪੁਰ ਵਾਲੀ ਬੀੜ ਵਿਚ ਜਿੰਨੇ ਸਫੈਦ ਪਤ੍ਰੇ ਹਨ—ਓਨੇ ਹੋਰ ਕਿਸੇ ਬੀੜ ਵਿਚ ਨਹੀਂ। ਕਰੀਬਨ ਸਾਰੀ ਬੀੜ ਦਾ ਅਠਵਾਂ ਹਿੱਸਾ ਸਫੈਦ ਪਤ੍ਰੇ ਹਨ। ਇਹਨਾਂ ਨੂੰ ਤਤਕਰੇ ਨਾਲ ਮਿਲਾ ਕੇ ਸੋਚਿਆ ਜਾਵੇ ਤਾਂ ਪਤਾ ਲਗਦਾਂ ਹੈ ਕਿ ਇਹ ਪਤ੍ਰੇ ਕਿਸੇ ਹੋਰ ਬਾਣੀ ਨੂੰ ਚੜਣ ਵਾਸਤੇ ਨਹੀਂ ਛੱਡੇ ਹੋਏ। ਬਲਕਿ ਸੰਚੀਆਂ (ਪੋਥੀਆਂ) ਦੇ ਹਿਸਾਬ ਨਾਲ ਛੱਡੇ ਹੋਏ ਹਨ। ਦੂਜੀ ਵਿਚਾਰ ਹੈ ਕਿ ਇਹ ਖਾਲੀ ਪਤ੍ਰੇ ਤਤਕਰੇ ਨੂੰ ਨਾਲ ਮੇਲਣ ਲਈ ਪਾਏ ਹੋਏ ਹਨ। ਇਹਨਾਂ ਖਾਲੀ ਪਤ੍ਰਿਆਂ ਕਰਕੇ ਭਗਤ ਬਾਣੀ ਅਥਵਾ ਹੋਰ ਬਾਣੀ ਨੂੰ ਅਗੇ ਪਿੱਛੇ ਕਰਨਾ ਸੁਖੈਨ ਸੀ। ਕਿਉਂਕਿ ਆਦਿ ਵਿਚ ਭਗਤ ਬਾਣੀ ਹੀ ਸੀ ਅਤੇ ਇਹ ਵੀ ਹੋ ਸਕਦਾ ਸੀ ਕਿ ਸਾਰੀ ਭਗਤ ਬਾਣੀ ਇਕੋ ਥਾਂ ਸ਼ੁਰੂ ਵਿਚ ਹੀ ਹੋਵੇ। ਕਿਉਂਕਿ ਚਾਲੀ ਪਤ੍ਰੇ ਕੋਈ ਥੋੜੇ ਨਹੀਂ ਹਨ। ਉਸ ਨੂੰ ਰਾਗਾਂ ਦੇ ਅਤ ਵਿਚ ਏਸ ਤਬਦੀਲੀ ਵੇਲੇ ਹੀ ਕੀਤਾ ਗਿਆ ਹੋਵੇ।

ਕਰਤਾਰਪੁਰ ਵਾਲੀ ਬੀੜ ਦੇ ੩੮ ਪਤ੍ਰੇ ਅਤੇ ਬੜੋਡ ਵਾਲੀ ਬੀੜ ਦੇ ੩੨ ਪਤ੍ਰੇ ਅੱਗੇ ਤੋਂ ਪਿਛੇ ਕੀਤੇ ਹੋਏ ਹਨ। ਲਿਖਾਰੀਆਂ ਨੂੰ ਚੰਗੀ ਤਰਾਂ ਪਤਾ ਹੈ ਕਿ ਤਤਕਰੇ ਸਫੇ (ਪੰਨੇ) ਅਤੇ ਪਾਠ ਦੇ ਸਫਿਆਂ (ਪੰਨਿਆਂ) ਦੇ ਅੰਗ ਅਡ ਅਡ ਹੁੰਦੇ ਹਨ। ਪਰ ਇਹਨਾਂ ਦੋਹਾਂ ਬੀੜਾਂ ਦੇ ਅੰਗ ਤਤਕਰਿਆਂ ਤੋਂ ਸ਼ੁਰੂ ਹੋ ਕੇ ਆਖ਼ਰ ਤਕ ਇਕਸਾਰ ਚਲਦੇ ਹਨ। ਤਤਕਰਿਆਂ ਵਿਚ ਸ਼ਬਦਾਂ ਦੇ ਪੰਨਿਆਂ ਨੂੰ ਦੱਸਣ ਵਾਲੇ ਅੰਗ ਆਦਿ ਲਿਖਾਰੀਆਂ ਦੇ ਹੀ ਲਿਖੇ ਹੋਏ ਹਨ। ਪਰ ਪੰਨਿਆਂ ਉਤੇ ਪਤ੍ਰਿਆਂ ਦੀ ਗਿਣਤੀ ਦੱਸਣ ਵਾਲੇ ਅੰਗ ਕਿਸੇ ਹੋਰ ਦੇ ਲਿਖੇ ਹੋਏ ਹਨ। ਇਸ ਹਿਸਾਬ ਨਾਲ ਕਰਤਾਰਪੁਰ ਜੀ ਦੀ ਬੀੜ ਜਪੁ ਤੋਂ ਪਹਿਲੋਂ ੩੯ ਪਤ੍ਰੇ ਹੋਰ ਬਾਣੀ ਸੀ ਅਤੇ ਬੜੋਤ ਵਾਲੀ ਬੀੜ ਅਨੁਸਾਰ ੩੨ ਪਤ੍ਰੇ ਜਪੁ ਤੋਂ ਪਹਿਲੋਂ ਬਾਣੀ ਸੀ ਤਾਂ ਹੀ ਇਹ ਹਿਸਾਬ ਹੁਣ ਵਾਲਾ ਠੀਕ ਬੈਠ ਸਕਦਾ ਹੈ। ਇਹਨਾਂ ਪਤ੍ਰਿਆਂ ਨੂੰ ਪਹਿਲੋਂ ਤੋਂ ਪਿੱਛੇ ਕੀਤਿਆਂ ਬਿਨਾਂ ਇਹ ਅੰਗ ਕਿਵੇਂ ਠੀਕ ਬਹਿ ਸਕਦੇ ਸਨ ? ਏਸ ਤਰੀਕੇ ਨਾਲ ਭਗਤ ਬਾਣੀ ਪਿਛੇ ਹੋਈ ਹੈ ਅਤੇ ਨਾ ਹੀ ਭਗਤ ਬਾਣੀ ਦੇ ਤਤਕਰੇ ਪੂਰੇ ਹੋਏ ਲਿਖੇ ਹਨ।

ਬੀੜ ਨੰ: ੨

ਅਸਲ ਵਿਚ ਇਸ ਨੂੰ ਨੰ: ੧ ਤੇ ਹੀ ਰਖਣਾ ਚਾਹੀਦਾ ਹੈ ਪ੍ਰੰਤੂ ਇਤਿਹਾਸਿਕਾਰਾਂ ਨੇ ਇਸ ਨੂੰ ਨੰ: ੨ ਦਿਤਾ ਹੋਯਾ ਹੈ। ਇਸ ਵਾਸਤੇ ਮੈਂ ਵੀ ਨੰ: ੨ ਤੇ ਹੀ ਇਸ ਦਾ ਜ਼ਿਕਰ ਕਰ ਰਹਿਆ ਹਾਂ। ਇਹ ਸ੍ਰੀ ਬੰਨੋ ਜੀ ਵਾਲੀ ਬੀੜ ਕਹੋਂਦੀ ਹੈ। ੧੫ ਅਗਸਤ ੧੯੪੭ ਤੋਂ ਪਹਿਲਾਂ ਮਾਂਗਟ ਜਿਲਾ ਗੁਜਰਾਤ (ਪੰਜਾਬ) ਵਿੱਚ ਸੀ। ਹੁਣ ਸਨ ੧੯੬੯ ਵਿਚ ਬੜੋਤ ਜਿਲਾ ਮੇਰਠ (ਯੂ. ਪੀ.) ਵਿਚ ਭਾਈ ਜੋਧ ਸਿੰਘ ਮਸਤਾਨ ਸਿੰਘ ਜੀ ਪਾਸ ਹੈ ਅਤੇ ਅੱਗੇ ਨੂੰ ਉਹ ਦਿਲੀ ਲਿਜਾਣ ਦੇ ਯਤਨ ਵਿਚ ਹਨ। ਭਾਈ ਬੰਨੋ ਜੀ ਦੀ ਸੰਤਾਨ 'ਭਾਟੀਆ' ਕਹੋਂਦੀ ਹੈ। ਇਹ ਅਰੋੜਾ ਜਾਤੀ ਨਾਲ ਸੰਬੰਧ ਰਖਦੀ ਹੈ। ਕਈ ਲੋਕ ਇਹਨਾਂ ਨੂੰ 'ਭਾਈ ਆਣੇ' ਵੀ ਆਖਦੇ ਹਨ।

ਭਾਈ ਸੰਤੋਖ ਸਿੰਘ ਜੀ ਨੇ ਗੁਰੁ ਪ੍ਰਤਾਪ ਸੂਰਯ ਰਾਸਿ ੩ ਅੰਸੂ ੪੯ ਵਿਚ ਸੁਣੀ ਸੁਣਾਈ ਕਥਾ ਲਿਖੀ ਹੈ :—

ਭਾਈ ਬੰਨੋ ਜੀ ਨੂੰ ਲਾਹੋਰ ਤੋਂ (ਬੀੜ) ਜਿਲਦ ਬਨਵੋਣ ਲਈ ਆਖਿਆ ਅਤੇ ਭਾਈ ਜੀ ਨੇ ਰਾਹ ਵਿਚ ਬਹੁਤੇ ਲਿਖਾਰੀ ਇਕਤ੍ਰ ਕਰ ਕੇ ਬੀੜ ਲਿਖਵਾ ਲਈ ਤੇ ਦੋਹਾਂ ਦੀਆਂ ਜਿਲਦਾ ਬਣਵਾ ਕੇ ਲੈ ਆਏ। ਦੂਜੀ ਕਥਾ ਇਓਂ ਹੈ :—ਭਾਈ ਬੰਨੋ ਜੀ ਮਾਂਗਟ (ਖਾਰੇ) ਦੀ ਸੰਗਤ ਨੂੰ ਦਰਸ਼ਣ ਕਰੋਣ ਲਈ ਗ੍ਰੰਥ ਸਾਹਿਬ ਲੈ ਗਏ ਅਤੇ ਬਹੁਤ ਲਿਖਾਰੀਆਂ ਨੂੰ ਲਾ ਕੇ ਬੀੜ ਦਾ ਉਤਾਰਾ ਕਰਵਾ ਲਿਆ। ਯਥਾ :—

ਏਕ ਨਿਸਾ ਗੁਰੁ ਆਦਿਸੁ ਭਨੀ। ਲਿਖਜੋ ਜਾਇ ਕਿਮ ? ਹੈ ਅਨਬਨੀ ॥
ਤਬਿ ਬਿਚਾਰ ਉਰ ਮਹਿ ਹੁਇ ਆਵਾ। ਡੇਰਾ ਕਰਹਿ ਸੁਕੋਸਿਕ ਠਾਵਾਂ ॥੪੮॥
ਤਬਹਿ ਲਿਖਾਰੀ ਦੀਏ ਲਗਾਇ। ਲਿਖਹੁ ਸ਼ਿਤਾਬੀ ਅਰੁ ਸਮੁਦਾਯ ॥
ਅਪੁਨਿ ਪੁਰੀ ਲਗ ਇਕ ਇਕ ਕੋਸ। ਡੇਰਾ ਕਰਤਿ ਲਿਖਜੋ ਆਧੋ ਸੁ ॥੪੯॥
ਇਕ ਨਿਸਿ ਬਸਿ ਕਰਿ ਨਿਜ ਘਰ ਮਾਹੂ। ਹਟੋ ਸੁ-ਕੋਸਿਕ ਡੇਰਾ ਰਾਹੂ ॥
ਤਿਸੀ ਪ੍ਰਕਾਰ ਸੁਧਾਸਰ ਆਏ। ਅੰਵਤ ਜਾਤੇ ਸਰਬ ਲਿਖਾਏ ॥੫੦॥
ਕੇਤਿਕ ਸ਼ਬਦ ਲਿਖੇ ਅਧਿਕਾਈ। ਆਏ ਪੁਨਿ ਸ੍ਰੀ ਗੁਰੂ ਅਗਵਾਈ ॥

ਯੁਗਲ ਗ੍ਰੰਥ ਸਾਹਿਬ ਧਰਿ ਦੀਨੇ। ਅਧਿਕ ਜੁ ਸ਼ਬਦ ਸੁਨਾਵਨਿ ਕੀਨੇ ॥੫੧॥
ਪਿਖਿ ਅਰੁ ਸੁਨਿ ਸ੍ਰੀ ਮੁਖਿ ਫੁਰਮਾਯੋ। ਲਿਖਿ ਕਰਿ ਅਧਿਕ ਜਿਤੋ ਤੁਮ ਪਾਯੋ।
ਤਿਸੀ ਬੀੜ ਮਹਿ ਰਖਹੁ ਲਿਖਾਵੋ। ਨਹਿ ਇਸ ਗ੍ਰੰਥ ਬਿਖੈ ਸੋ ਪਾਵੋ ॥੫੨॥
(ਗੁ. ਪ੍ਰ. ਸੂ.)

ਸਾਰੇ ਇਤਿਹਾਸਕਾਰ ਇਸ ਗਲ ਨਾਲ ਸਹਿਮਤ ਹਨ ਕਿ ਭਾਈ ਬੰਨੋ ਜੀ ਨੇ ਬਹੁਤੇ ਲਿਖਾਰੀਆਂ ਤੋਂ ਬੀੜ ਲਿਖਵਾਈ ਸੀ ? ਪ੍ਰੰਤੂ ਮੋਜੂਦਾ ਬੀੜ ਇਕ ਹੀ ਲਿਖਾਰੀ ਦੀ ਲਿਖੀ ਹੋਈ ਹੈ। ਲਿਖਦਿਆਂ ਲਿਖਦਿਆਂ ਜਦੋਂ ਕਲਮ ਘਸ ਕੇ ਮੋਟੀ ਹੋ ਜਾਂਦੀ ਰਹੀ ਹੈ—ਓਦੋਂ ਕਲਮ ਨਵੀਂ ਬਦਲੀ ਗਈ ਯਾ ਫਿਰ ਘੜੀ ਹੋਈ ਹੈ। ਅਣਜਾਣ ਖੋਜੀ ਇਸ ਨੂੰ ਲਿਖਾਰੀ ਬਦਲਨਾ ਮੰਨ ਬਹਿਣ ਤਾਂ ਕੋਈ ਆਸਚਰਜ ਨਹੀ। ਪ੍ਰੰਤੂ ਲਿਖਾਰੀ ਬਦਲਨ ਨਾਲ ਕੁਝ ਅਖਰਾਂ ਦੀ ਬਣਤ੍ਰ ਵਿਚ ਫਰਕ ਹੋ ਜਾਇਆ ਕਰਦਾ ਹੈ। ਭਾਈ ਬੰਨੋ ਜੀ ਦੀ ਸਾਰੀ ਬੀੜ ਦੇ ਅੱਖਰ ਇਕ ਹੀ ਹਥ ਦੇ ਲਿਖੇ ਹੋਏ ਹਨ।

ਇਸ ਅਸਲ ਲਿਖਾਰੀ ਤੋਂ ਉਪਰਾਂਤ ਇਸ ਦੇ ਤਿੰਨ ਹੋਰ ਸੋਧਿਕ ਹੋਏ ਹਨ। ਇਕ ਨੇ ਸ਼ਬਦਾਂ ਦੀ ਸੋਧ ਕੀਤੀ ਹੈ ਪੰਨਾ ੩੧੯ 'ਰਾਮ ਕਲੀ ਛੰਤ ਮ: ੫। ਰਣ ਝੁੰਝਨੜਾ ਗਾਉ × × ਦੀਆਂ ਦੋ ਤੁਕਾਂ ਦੀ ਕਲਮ ਮੋਟੀ ਹੈ। ਅਤੇ "ਸਤਿਗੁਰ ਧਿਆਇਆ × ×" ਤੋਂ ਬਾਰੀਕ ਕਲਮ ਨਾਲ ਦੂਜੇ ਲਿਖਾਰੀ ਨੇ ਛੰਤ ਪੂਰਾ ਕੀਤਾ ਹੋਯਾ ਹੈ ਅਤੇ 'ਰਾਮ ਕਲੀ ਰੁਤੀ' ਦੀ ਲਿਖਤ ਫਿਰ ਉਪਰ ਨਾਲ ਮਿਲ ਰਹੀ ਹੈ।

ਇਸ ਤੋਂ ਮਾਲੂਮ ਹੁੰਦਾ ਹੈ ਕਿ ਪਹਿਲੋਂ ਇਸ ਦੀਆਂ ਤੁਕਾਂ ਦੋ ਹੀ ਮਿਲੀਆਂ ਸਨ—ਉਸ ਦੀਆਂ ਜੋ ਪਹਿਲੋਂ ਨਕਲਾਂ ਹੋ ਚੁਕੀਆਂ ਸਨ ਉਨਾਂ ਵਿਚ ਵੀ ਦੋ ਹੀ ਤੁਕਾਂ ਔਂਦੀਆਂ ਰਹੀਆਂ। ਸ੍ਰੀ ਕਰਤਾਰਪੁਰ ਦੀ ਬੀੜ ਇਸ ਤੋਂ ਪਹਿਲੋਂ ਦੀ ਨਕਲ ਹੈ, ਜੋ ਅਜੇ ਨੰ: ੧ ਦੇ ਸ਼ੋਧਿਕ ਨੇ ਸੋਧੀ ਨਹੀਂ ਸੀ। ਸ੍ਰੀ ਕਰਤਾਰਪੁਰ ਵਾਲੀ ਬੀੜ ਹੈ ਭਾਈ ਬੰਨੋ ਵਾਲੀ ਬੀੜ ਦੀ ਨਕਲ-ਪ੍ਰੰਤੂ ਉਹ ਇਸ ਕਾਪੀ ਦੀ ਨਕਲ ਨਹੀਂ। ਕਿਉਂਕਿ 'ਰਾਗੁ ਸੋਰਿਠ ਦਾ ॥ ਅਉਧੂ ਸੋ ਜੋਗੀ ਗੁਰੂ ਮੇਰਾ × × ਦੇ ਸ਼ਬਦ ਦਾ, ਕਿਤੇ ਉਤਾਰਾ ਹੀ ਨਹੀਂ ਅਤੇ ਇਸ ਵਿਚ ਠੀਕ ਅਸਲ ਲਿਖਾਰੀ ਦਾ ਲਿਖਿਆ ਹੋਯਾ ਹੈ।

ਮਾਰੂ ਮਹਲੇ ੩ ਦਾ ਸੋਹਿਲਾ 'ਅਗਮ ਅਗੋਚਰ ਵੇਪਰਵਾਹੇ' ਪਹਿਲੇ ਲਿਖਾਰੀ ਨੇ ਨੰਬਰ ੧ ਤੇ ਲਿਖਖਿਆ ਸੀ। ਜਿਸ ਤੇ ਸੋਧਿਕ ਨੇ ਹੜਤਾਲ ਫੇਰੀ ਅਤੇ 'ਹੁਕਮੀ ਸਾਜੇ × × ×' ਵਾਲਾ ਸੋਹਿਲਾ ਲਿਖਿਆ। ਕਿ ਪਹਿਲੇ ਲਿਖਾਰੀ ਨੇ ਨੰ: ੨੩ ਤੇ ਲਿਖਿਆ ਸੀ। ਪੰਨੇ ੩੫੮ ਉਤੇ ਪੂਰੀ ਹੜਤਾਲ ਫੇਰੀ ਹੋਈ ਹੈ ਅਤੇ 'ਅਗਮ ਅਗੋਚਰ × ×' ਵਾਲੇ ਸੋਹਿਲੇ ਨੂੰ ਮਿਲਾ ਕੇ ਬਾਰੀਕ ਕਲਮ ਨਾਲ ਪੂਰਾ ਪਤ੍ਰਾ ਹੀ ਸੋਧਿਕ ਨੇ ਦੁਬਾਰਾ ਲਿਖਆ ਹੋਯਾ ਹੈ। ਤਤਕਰੇ ਵਿਚ ਵੀ ਕੱਟ ਕੇ ਸੋਧਕ ਨੇ ੧ ਨੂੰ ੨੩ ਅਤੇ ੨੩ ਨੂੰ ੧ ਤੇ ਕੀਤਾ ਹੈ।

ਰਾਗ ਮਾਲਾ ਤੇ ਸਿਆਹੀ ਕੀ ਬਿਧਿ ਵੀ ਇਕੋ ਹੀ (ਆਦਿ) ਲਿਖਾਰੀ ਦੀਆਂ ਲਿਖੀਆਂ ਹੋਈਆਂ ਹਨ। ਸਮਾਪਤੀ ਪੰਨੇ ੪੬੮ ਤੇ ਕੀਤੀ ਹੋਈ ਹੈ।

ਚਉਬੋਲੇ ਦਾ ਤਤਕਰਾ ਲਿਖ ਕੇ ਲਿਖਾਰੀ ਨੇ ਵਡਾ ਮੰਗਲ ਲਿਖਿਆ ਹੈ ਪ੍ਰੰਤੂ ਰਾਗ ਮਾਲਾ ਆਦਿ ਅੰਤਮ ਬਾਣੀਆਂ ਦਾ ਜ਼ਿਕਰ ਤਤਕਰੇ ਵਿਚ ਨਹੀਂ ਕੀਤਾ ਹੋਯਾ।

੨. ਇਸ ਲਿਖਾਰੀ ਨੇ ੬ ਪਤ੍ਰਿਆਂ ਉਪਰ ਮ: ੯ ਦੀ ਸਾਰੀ ਬਾਣੀ ਲਿਖ ਕੇ ਅੰਤ ਵਿਚ ਪਾਈ ਹੋਈ ਹੈ। ਇਨਾ ਪੰਨਿਆਂ ਦਾ ਜੋ ਕਾਗਜ਼ ਹੈ—ਉਹੀ ਹਾਸ਼ੀਏ ਨੂੰ ਲਾਇਆ ਹੋਯਾ ਹੈ। ਇਹ ਬੀੜ ਸ੍ਰੀ ਰਣਜੀਤ ਸਿੰਘ ਜੀ ਦੇ ਦਰਬਾਰ ਵਿਚ ੬ ਮਹੀਨੇ ਰਹੀ ਹੈ—ਓਸ ਵੇਲੇ ਇਸ ਦਾ ਪੁਰਾਣਾ ਹਾਸ਼ੀਆ ਕਟਿਆ ਗਿਆ ਅਤੇ ਮ: ੯ ਦੀ ਬਾਣੀ ਲਿਖ ਕੇ ਚੜਾਈ ਗਈ। ਨਵਾਂ ਹਾਸ਼ੀਆ ਲਾ ਕੇ ਨਵੀਂ ਤਰਤੀਬ ਦਿਤੀ ਗਈ ਹੈ।

੩. ਇਹ ਸੋਧਿਕ ਬਹੁਤ ਅਜਾਣ ਜਿਹਾ ਹੈ ਇਸ ਨੂੰ ਪੂਰੇ ਸਾਫ ਅਖਰ ਨਹੀਂ ਲਿਖਣੇ ਔਂਦੇ ਪ੍ਰੰਤੂ ਏਨ ਕੁਝ ਮ: ੯ ਦੀ ਬਾਣੀ ਆਸਾ, ਦੇਵ ਗੰਧਾਰੀ ਤੇ ਬਿਹਾਗੜੇ ਰਾਗੁ ਵਿਚ ਲਿਖੀ ਹੈ ਪ੍ਰੰਤੂ ਮ: ੯ ਦੀ ਪਿਛਲੀ ਬਾਣੀ ਵਿਚ ਭੀ ਹੈ। ਜਿਸ ਤੋਂ ਨੰ: ੩ ਦਾ ਪੁਰਸ਼ ਸਭ ਤੋਂ ਪਿਛਲਾ ਪ੍ਰਤੀਤ ਹੁੰਦਾ ਹੈ। ਜੋਤੀ ਜੋਤਿ ਦੇ ਚਰਿਤ੍ਰ ਨੂੰ ਭੀ ਇਸ ਨੇ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਤਕ ਲਿਖਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਲੋਕ ਸੰਮਤ ੧੭੬੬ ਮੰਨਿਆ ਹੈ। ਜੋ ਹੋਰ ਇਤਿਹਾਸਕਾਂ ਤੋਂ ਵਿਲਖਣ ਹੈ। ਬਾਕੀ ਸ਼ੰਮਤ ੧੭੬੫ ਹੀ ਮੰਨਦੇ ਹਨ।

ਪੂਰੀ ਸ੍ਰੀ ਮ: ੯ ਦੀ ਬਾਣੀ ਦਾ ਲੇਖਕ ਆਮ ਬੀੜਾਂ ਵਿਚ ਆਈ ਬਾਣੀ ਤੋਂ ਇਸ ਵਿਚ ਇਹ ਫਰਕ ਲਿਖ ਰਿਹਾ। ਮੇਰਾ ਭਾਵ ਆਮ ਬੀੜਾਂ ਤੋਂ ਪ੍ਰੈਸ ਦੀਆਂ ਬੀੜਾਂ ਹੈ।

'ਆਸਾਵਰੀ ਮਹਲਾ ੯। ਬਿਰਥਾ ਕਹਉ ਕਵਨ × × ×'

ਪ੍ਰੈਸ ਦੀਆਂ ਬੀੜਾਂ ਵਿਚ 'ਆਸਾ' ਹੀ ਹੈ 'ਆਸਾਵਰੀ 'ਨਹੀਂ। ਸਲੋਕ ਮ: ੯ ਦਾ ਸਿਰਲੇਖ ਇਉਂ ਹੈ :—

"ਸਲੋਕ ਮਹਲਾ ਨਾਵਾ ॥੯॥ ੧ਓ ਸਤਿਗੁਰ ਪ੍ਰਸਾਦਿ।"

ਸਲੋਕ ਨੰ: ੫੪ ਦਾ ਪਾਠ ਇਉਂ ਹੈ :—

ਮਹਲਾ ਦਸਵਾਂ ॥੧੦॥ ਬਲੁ ਹੂਓ ਬੰਧਨੁ ਛੁਟੇ ਸਭ ਕਿਛੁ ਹੋਤ ਉਪਾਇ ॥
ਸਭ ਕਿਛੁ ਤੁਮਤੇ ਹਾਥ ਮੈ ਤੁਮਹੀ ਹੋਇ ਸਹਾਇ ॥੫੪॥'

ਡਾਕਟਰ ਵੀਰ ਸਿੰਘ ਜੀ ਨੇ ਵੀ ਇਸ ਨੂੰ ਪਰੰਪਰਾ ਕਹਿ ਕੇ 'ਖਾਰੀ ਬੀੜ' ਦਾ ਸਬੂਤ ਪੇਸ਼ ਕਰ ਦਿਤਾ ਹੈ ਯਥਾ :—ਇਹ ਬੀ ਪਰੰਪਰਾ ਤੋਂ ਗਲ ਚਲੀ ਆਈ ਹੈ ਕਿ ਭਾਈ ਬੰਨੋ ਦੀ ਬੀੜ ਨੂੰ 'ਖਾਰੀ ਬੀੜ' ਕਿਹਾ। ਜੇ ਇਹ ਇਤਿਹਾਸਕ ਕਥਾ ਹੁੰਦੀ ਤਾਂ ਭਾਈ ਸੰਤੋਖ ਸਿੰਘ ਜੀ ਵੀ ਲਿਖ ਦੇ ਪ੍ਰੰਤੂ ਇਹ ਇਤਿਹਾਸ ਵਿਚ ਪਿਛੋਂ ਅਣਜਾਣ ਲੋਕਾਂ ਨੇ ਲਿਆਂਦੀ ਹੈ।

(ਅ) ਪੰਨੇ 33 ਉਪਰ 'ਜੋਤੀ ਜੋਤਿ ਸਮਾਵਣ ਦਾ ਚਲਿਤ੍ਰ' ਹੈ ਇਸ ਵਿਚ 'ਬਾਬਾ ਗੁਰਦਿਤੇ ਜੀ ਦੇ ਪਰਲੋਕ' ਦਾ ਵੀ ਜ਼ਿਕਰ ਹੈ। ਪਹਿਲਾ ਲਿਖਾਰੀ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦੇ ਬਾਰੇ ਇਉਂ ਲਿਖਦਾ ਹੈ :—

"ਸੰਮਤੁ ੧੭੦੧ ਚੇਤ੍ਰੁ ਸੁਦੀ ੫ ਆਇਤਵਾਰ ਨਉ ਘੜੀਆਂ ਰਾਤਿ ਜਾਂਦੀ ਨੂੰ ਸ਼੍ਰੀ ਸਤਿਗੁਰੂ ਕਾਰਣੁ ਕਰਣੁ ਸਮਰਥ ਕਰਤਾ ਪੁਰਖੁ ਨਿਰੰਕਾਰ ਨਿਰਵੈਰ ਅਕਾਲ ਮੂਰਤਿ ਕਰਤਾ ਪੁਰਖੁ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਸਮਾਣਾ ਕੀਰਤਿਪੁਰਿ ਕੇ ਗੋਠਿ ਥਾਪਲੁ ਪਾਤਾਲ ਗੜ੍ਹ ਨਾਉ ਥਾ ਕੋਠੇ ਵਿਚਿ ਪੰਜਿ ਦਿਹ ਸਾਂਗੁ ਹੋਆ ਰਾਤੀ ਆਵਦੀ ਸਮਾਣਾ ਨਦੀ ਉਤੇ ਦਾਗੁ ਦਿਤਾ ਰਾਜ ਕਹਲੂਰ ਕੇ ਵਿਚਿ ਅਗੈ ਜੋ ਗੁਰੂ ਭਾਵੈ ਸੋ ਹੋਵੈਗਾ ਤਾਂ ਕੋਈ ਜੀਵੈਗਾ ਸੋ ਲਿਖੈਗਾ ਗੁਰੂ ਕੀ ਗਲ ਗੁਰੂ ਜਾਣੈ।"

ਇਹ ਆਦਿ ਲਿਖਾਰੀ ਨੇ ਅੱਖੀਂ ਡਿੱਠਾ ਕੌਤਕ ਲਿਖਿਆ ਹੈ ਅਤੇ ਆਪਣੀ ਵਿਨਯ ਤੇ ਕਾਲ ਦੀ ਅਨਿਸ਼ਚਿਤਾ ਦੱਸੀ ਹੈ–ਜਿਸ ਤੋਂ ਇਹ ਲਿਖਾਰੀ ਸ਼੍ਰੀ ਗੁਰੂ

ਹਰਿ ਗੋਬਿੰਦ ਜੀ ਤੋਂ ਬਾਦ ਭੀ ਜੀਉਂਦਾ ਰਿਹਾ ਪ੍ਰਤੀਤ ਹੁੰਦਾ ਹੈ ਪ੍ਰੰਤੂ ਆਦਿ ਸ੍ਰੀ ਗੁ
ਗ੍ਰੰਥ ਸਾਹਿਬ ਵਿਚ ਜਨਮ ਤਿਥਾਂ ਨਹੀਂ ਦਿਤੀਆਂ ਜਾਂਦੀਆਂ ਜੋਤੀ ਜੋਤਿ ਸਮੇਂ
ਦੀਆਂ ਤਿੱਥਾਂ ਦਿਤੀਆਂ ਜਾਂਦੀਆਂ ਹਨ। ਇਸ ਤੋਂ ਇਹ ਵੀ ਪੁਰਾਤਨਿ ਭਾਵ ਹੈ ਕਿ ਆ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕਿਸੇ ਭੀ ਸਤਪੁਰਖ ਦੀ ਰਚਨਾ ਉਸ ਦੇ ਪਰਲੋ
ਸਿਧਾਰਨ ਬਾਦ ਹੀ ਆਈ ਹੈ, ਸ਼ਰੀਰ ਵਿਚ ਕਈ ਅਵਗੁਣ ਭੀ ਹੁੰਦੇ ਹਨ ਪ੍ਰੰਤੂ ਸ਼ਰੀ
ਤੋਂ ਅਦ੍ਰਿਸ਼ਟ ਬਾਣੀ ਵਿਚ ਕੇਵਲ ਗੁਣ ਹੀ ਰਹਿ ਜਾਂਦੇ ਹਨ। ਜਿਸ ਤੋਂ ਬਾਣੀ
ਕੇਵਲ ਗੁਣ=ਅਧਯਾਤਮ ਵਾਦ ਨੂੰ ਹੀ ਮੁਖਯਤਾ ਮਿਲ ਸਕਦੀ ਹੈ। ਇਸ ਤੋਂ
ਭੀ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸਮਯ ਦੀ ਇਹ ਬੀੜ ਸਾਬਤ ਨਹੀਂ ਹੁੰਦੀ।

(ੲ) ਪੰਨੇ ੩੪ ਉਪਰ ਤਤਕਰੇ ਵਿਚੋਂ ਸਾਫ ਪਤਾ ਲਗ ਰਿਹਾ ਹੈ ਕਿ ਸ੍ਰੀ ਗੁ
ਹਰਿ ਗੋਬਿੰਦ ਜੀ ਦੇ ਦਸਤਖਤ ਹਨ "੩੪॥ ਨੀਸਾਣੁ ਗੁਰੂ ਜੀ ਕੇ ਦਸਤਖਤ ਮ:੬
(ਤਤਕਰਾ ਪੰਨਾ ੧)(ਬੀੜ ਭਾਈ ਬੰਨੋ ਜੀ ਬੜੋਤ) ਪ੍ਰੰਤੂ ਦੋੜ ਭੱਜ ਪੂਜਾ ਲੈਣ ਲ
ਅਤੇ ਕਿਸੇ ਖਾਸ ਮਕਸਦ ਲਈ ਏਥੇ ਵੀ ਹੇਰਾਫੇਰੀ ਹੋ ਚੁਕੀ ਹੈ 'ਪੰਨੇ 34
ਦਸਤਖਤਾਂ ਵਾਲਾ ਕਾਗਜ਼ ਹੇਠਾਂ ਬੀੜ ਦੇ ਪੰਨੇ ਤੇ ਲੇਵੀ ਨਾਲ ਚਸਪਾਇਆ ਹੋ
ਹੈ'—ਜਿਸ ਤੋਂ ਇਹ ਸ਼ੱਕ ਪਹਿਲੋਂ ਕਰਤਾਰਪੁਰ ਵਾਲੀ ਬੀੜ ਵਾਂਗੂ ਹੀ ਪੈਂਦਾ
ਕਿ ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਦਸਤਖਤ ਕਿਤਿਓਂ ਪ੍ਰਾਪਤ ਕਰ ਕੇ ਬੀੜ ਵਿ
ਚਸਪਾਂ ਕੀਤੇ ਗਏ ਹਨ ਅਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਸਤਖਤਾਂ ਨੂੰ ਅ
੩੭੦ ਤੇ ੩੭੧ ਦੇ ਵਿਚਕਾਰ ਰਖਿਆ ਹੋਯਾ ਹੈ। ਪ੍ਰੰਤੂ ਇਸ ਦੀ ਕਚਾ
ਤਤਕਰੇ ਵਿਚੋਂ ਫਿਰ ਮਿਲ ਜਾਂਦੀ ਹੈ ਕਿ ਇਨਾਂ ਦਸਤਖਤਾਂ ਦਾ ਜ਼ਿਕਰ ਤਤ
ਵਿਚ ਨਹੀਂ ਹੈ ਅਤੇ ਏਸ ਬੀੜ ਦੇ ਏਸ ਪੰਨੇ ਤੇ ਅੰਕ ਵੀ ਨਹੀਂ ਹੈ।

(ਸ) 'ਜਪੁ ਗੁਰੂ ਰOਮਦOਸ ਜੀਉ ਕੇ ਨਕਲ ਕO ਨਕਲੁ' ਇਸ ਤੋਂ ਇ
ਬੀੜ ਵੀ ਤੀਜੀ ਥਾਂ ਨਕਲ ਦਿਸ ਰਹੀਹੈ। ਜੇ ਇਹ ਅਸਲ ਕਾਪੀ ਦੀ ਹੀ ਨਕ
ਹੁੰਦੀ ਤਾਂ 'ਜਪੁ ਗੁਰੂ ਰਾਮ ਦਾਸ ਜੀਉ ਕਾ ਨਕਲੁ' ਹੀ ਪਦ ਹੁੰਦਾ ਪ੍ਰੰਤੂ
ਲਿਖਾਰੀ 'ਨਕਲ ਕਾ ਨਕਲੁ' ਸੰਕੇਤ ਕਰ ਰਿਹਾ ਹੈ। ਜਿਸ ਤੋਂ ਤੀਜੀ ਥਾਂ ਨਕ
ਦਾ ਗਯਾਨ ਹੋ ਰਿਹਾ ਹੈ।

ਏਥੇ ਸਫੁਟ ਵਿਚਾਰ ਵੀ ਕਰਨੀ ਅਤਿ ਆਵਸ਼ਕ ਹੈ ਕਿ ਲਿਖਾਰੀਆਂ ਦੇ ਸੰਕੇਤ ਸਮਝਣ ਲਈ—'ਗੁਰਬਾਣੀ ਦਾ ਲਿਖਾਰੀ ਹੋਣਾ ਵੀ ਇਕ ਜ਼ਰੂਰੀ ਅੰਗ ਹੈ। ਮੈਂ ਆਪ ਗੁਰੁਬਾਣੀ ਦਾ ਲਿਖਾਰੀ ਹਾਂ ਅਤੇ ਸ੍ਰੀ ਸਰਬਲੋਹ ਗ੍ਰੰਥ ਦੀਆਂ ਚਾਰ ਬੀੜਾਂ ਆਪਣੇ ਹੱਥ ਨਾਲ ਲਿਖੀਆਂ ਹਨ। ਤੀਜਾ ਟੀਕਾ ਸਾਰੀ ਬੀੜ ਲਿਖ ਕੇ ਕੀਤਾ ਹੈ, ਜਿਸ ਦਾ ਹੁਣ ਕਰੀਬਨ ੨੫੦੦ ਸਫਾ ਲਿਖਣਾ ਹੋਯਾ ਹੈ। ਇਸ ਵਾਸਤੇ ਲਿਖਾਰੀ ਸੰਕੇਤਾਂ ਨੂੰ ਚੰਗੀ ਤਰਾਂ ਅਨੁਭਵ ਕਰਦਾ ਹਾਂ। ਇਹ ਵਿਚਾਰ ਪੁਰਾਤਨਿ ਹਨ। ਪ੍ਰੰਤੂ ਨਵਾਂ ਜ਼ਮਾਨਾ ਇਸ ਨੂੰ ਨਹੀਂ ਸਮਝਦਾ ਇਸ ਲਈ ਭਰਮ ਵਿਚ ਪੈ ਜਾਂਦਾ ਹੈ। ਪ੍ਰੈਸ ਦੀ ਵਜ਼ਾ ਨਾਲ ਲਿਖਤ ਗ੍ਰੰਥਾਂ ਨੂੰ ਅਨੁਭਵ ਕਰਨਾ ਤਾਂ ਕਿਤੇ ਰਹਿਆ, ਪੜਨਾ ਵੀ ਕਠਿਨ ਹੋ ਰਿਹਾ ਹੈ—ਲਿਖਤੀ ਗ੍ਰੰਥ ਸਾਹਿਬਾਂ ਦੀਆਂ ਬੀੜਾਂ ਬਿਨਾ ਪ੍ਰਕਾਸ਼ ਤੋਂ ਅਲਮਾਰੀਆਂ ਦਾ ਹੀ ਸ਼ਿੰਗਾਰ ਬਣੀਆਂ ਹੋਈਆਂ ਹਨ। ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਕਰੀਬਨ ੬੫੦ ਬੀੜ ਪਈ ਹੋਈ ਹੈ—ਜੋ ਪੜਨ ਵਾਲਿਆਂ ਤੋਂ ਬਿਨਾ—ਕੋਈ ਕੀਮਤੀ ਵਸਤੂ ਹੀ ਨਹੀਂ ਰਹੀਆਂ।

ਲਿਖਾਰੀ ਬੀੜ ਲਿਖਣ ਤੋਂ ਉਪ੍ਰੰਤ ਤਤਕਰਾ ਲਿਖਦੇ ਹਨ ਅਤੇ ਜਿੰਨੀ ਥਾਂ ਉਸ ਗ੍ਰੰਥ ਦੀ ਨਕਲ ਹੋਈ ਹੋਵੇ ਉਸਦਾ ਸੰਕੇਤ ਆਪਣੀ ਵਲੋਂ ਇਕ 'ਨਕਲ' ਪਦ ਹੋਰ ਲਾ ਦੇਂਦੇ ਹਨ ਤਾਕਿ ਆਇੰਦਾ ਲਿਖਾਰੀ ਇਸ ਭ੍ਰਮ ਵਿਚ ਨਾ ਪਵੇ ਕਿ ਇਹ ਨਕਲ ਕਿਤਨੀ ਥਾਂ ਤੇ ਪੁੱਜੀ ਹੈ। ਇਹ ਸਾਰੇ ਤਤ੍ਰ ਗੁਰੁਬਾਂਣੀ ਦੀ ਖੋਜ ਵਿਚ ਸਹਾਯਕ ਹੁੰਦੇ ਹਨ। ਜਿਸ ਤੋਂ ਏਥੇ ਤੀਜੀ ਥਾਂ ਤੇ ਹੋਈ ਨਕਲ ਦਾ ਇਹ ਪੱਕਾ ਸਬੂਤ ਹੈ।

ਏਸ ਵਿਚਾਰ ਵਿਚ ਕਈ ਅਗਯਾਨੀ ਟੀਕਾਕਾਰ ਵੀ ਭੁੱਲ ਵਿਚ ਪਏ ਹੋਏ ਹਨ, ਉਨਾਂ ਲਿਖਿਆ ਹੈ ਕਿ 'ਜਪੁਜੀ ਹੀ ਸ੍ਰੀ ਗੁਰੂ ਰਾਮ ਦਾਸ ਜੀ ਦੀ ਨਕਲ ਦਾ ਨਕਲ' ਸੀ ? ਪ੍ਰੰਤੂ ਇਹ ਅਰਥ ਗਲਤ ਹੈ। 'ਜਪੁ' ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੁਰਾਤਨਿ ਨਾਮ ਹੈ। ਸ੍ਰੀ ਦਸਮ ਗੁਰੂ ਜੀ ਦੇ ਗ੍ਰੰਥ ਦਾ ਸੰਗ੍ਰਹਿ ਬਹੁਤੇ ਗ੍ਰੰਥਾਂ ਚੋਂ ਹੋਇਆ ਹੈ–ਪਰ ਤਾਂ ਵੀ ਉਸ਼ਦਾ ਪ੍ਰਧਾਨ ਨਾਮ 'ਬਚਿਤ੍ਰ ਨਾਟਕ' ਹੈ। ਸ੍ਰੀ ਸਰਬਲੋਹ ਜੀ ਦਾ ਅਸਲ ਨਾਮ 'ਮੰਗਲਾਚਰਨ' ਹੈ। ਏਸ 'ਜਪੁ—ਗ੍ਰੰਥ

ਜੀ ਦੀ ਹੀ 'ਪੋਥੀ ਲਿਖਿ ਪਹੁੰਚੇ'' । ਇਸ਼ਾਰਾ ਹੈ ''ਸਮਾਪਤਿ ਕੀਤਾ'' ।

(ਹ) ਏਸ ਬੀੜ ਵਿਚ ਸੰਮਤੁ ਲੇਖ ਦਾ ਕਾਫੀ ਫਰਕ ਹੈ । ਸੂਚਨਾ ਸੰਮਤ ਸੰਬੰਧੀ ਇਹ ਪਾਠ ਹੈ : ਸੰਬਤੁ ੧੬੫੯ ਮਿਤੀ ਅਸੂ ਵਦੀ ਏਕਮ ੧ ਪੋਥੀ ਲਿਖਿ ਪਹੁੰਚੇ' ਜੇ ਇਹ ਬੀੜ ਕਰਤਾਰਪਰ ਵਾਲੀ ਬੀੜ ਤੋਂ ਨਕਲ ਕੀਤੀ ਹੋਈ ਹੁੰਦੀ ਤਾਂ ਸੰਮਤ ਉਸ ਨਾਲੋਂ ਪਿਛੇ ਹੁੰਦਾ । ਉਸ ਵਿਚ 'ਸੰਮਤ ੧੬੬੧ ਮਿਤੀ ਭਾਦਉ ਵਦੀ ਏਕਮ ਹੈ । ਇਹ ਨਕਲ ਦੋ ਸਾਲ ਪਹਿਲੋਂ ਕਿਵੇਂ ਹੋ ਗਈ ?

ਇਸ ਵਿਚ ਸ਼ੱਕ ਨਹੀਂ । ਕਿ ਪੰਜ ਅੰਕ ਕਿਸੇ ਅੰਕ ਦੇ ਉਪਰ ਲਿਖਯਾ ਹੋਯਾ ਹੈ-ਜਿਸ ਤੋਂ ਅਸਲ ਵਿਚ ਇਹ ਉਪਰਵਾਲਾ ਲੇਖ ਭ੍ਰਮ ਵਿਚ ਹੈ । ਏਸੇ ਹੀ ਭ੍ਰਮ ਵਿਚ ਜੀ. ਬੀ. ਸਿੰਘ ਜੀ ਨੇ ਪੁਰਾਤਨਿ ਬੀੜਾਂ ਵਿਚ 'ਸੰਮਤ ੧੬੪੯ ਲਿਖਯਾ ਹੈ । ਪ੍ਰੰਤੂ ਲਿਖਾਰੀਆਂ ਨੂੰ ਪਤਾ ਹੁੰਦਾ ਹੈ ਕਿ ਇਕ ਅੱਖਰ ਯਾਂ ਅੰਕ ਦੇ ਨੇੜੇ-ਦੂਜਾ ਅਖਰ ਯਾਂ ਅੰਕ ਕਿਹੜਾ ਹੈ-ਜੋ ਬਦਲਿਆਂ ਜਾ ਸਕੇ । ਸ੍ਰੀ ਕਰਤਾਰ ਪੁਰ ਦੀ ਬੀੜ ਦਾ ਤਤਕਰੇ ਵਾਲਾ ਪਾਂਜਾ—ਨੀਸਾਣ ਗੁਰੂ ਜੀ ਦੇ ਦਸਖਤ ਮ: ੬' ਨੂੰ ਲੋਕ ਹੁਣ ਤਕ 'ਪ' ਅੰਕ ਸਮਝ ਰਹੇ ਹਨ, ਪੁਰਾਣੀ ਲਿਖਤ ਵਿਚ 'ਪ' ਤੇ '੬ ਬਹੁਤ ਨੇੜੇ ਹਨ ਅਤੇ ਇਸ ਪੰਜ ਦੇ ਹੇਠ ਵੀ ਅੰਕ ੬ ਹੈ । ਜਿਸਨੂੰ ਪਾਂਜਾ ਬਣਾ ਹੋਯਾ ਹੈ । ਇਹ ਖੁਰਦਬੀਨ ਨਾਲ ਦਿਸ ਪੈਂਦਾ ਹੈ । ਅਸਲ 'ਸੰਮਤੁ ੧੬੬੯' ਹੈ ਜੋ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮਯ ਦਾ ਹੈ-ਸੀ, ਅਸਲ ਕਾਪੀ ਉਸ ਵੇਲੇ ਹੀ ਪ੍ਰਾਰੰਭ ਹੋਈ ਤੇ ਸਮਾਪਤੀ ਸ਼੍ਰੀ ਗੁਰੂ ਹਰਿਰਾਇ ਜੀ ਵੇਲੇ ਹੋਈ । ਏਸ ਖੋਜ ਵਿਚ ਹੁਣ ਤਕ ਕਿਸੇ ਭੀ ਵਿਦ੍ਵਾਨ ਨੇ ਧਯਾਨ ਨਹੀਂ ਕੀਤਾ ਅਤੇ ਸੁਣ ਸੁਣ ਕੇ ਆਪਣੀਆਂ ਪੁਸਤਕਾਂ ਵਿਚ ਨੋਟ ਕਰ ਦਿੱਤੇ ਹਨ, ਜਿਸ ਤੋਂ ਗ਼ਲਤ ਪ੍ਰਚਾਰ ਹੋ ਚੁਕਾ ਹੈ। ਗਿਆਨੀ ਮਹਾ ਸਿੰਘ ਜੀ ਚੀ੦ ਖਾ੦ ਦੀ੦ ਨੇ ੧੬੬੯ ਸਾਬਤ ਕੀਤਾ ਹੈ

ਬੇਸ਼ਕ ! ਇਹ ਬੀੜ 'ਤੀਜੀ ਥਾਂ ਨਕਲ ਤੇ 'ਸੰਮਤ ੧੬੬੯' ਦੀ ਲਿਖੀ ਹੋਈ ਹੈ । ਇਨਾਂ ਪੁਜਾਰੀਆਂ ਵੀ ਮਹਾਰਾਜ ਰਣਜੀਤ ਸਿੰਘ ਜੀ ਤੋਂ ਪੂਜਾ ਲੈਣ ਲਈ '੬' ਨੂੰ ਤੋੜ ਕੇ 'ਪ' ਬਣਾਇਆ ਅਤੇ ਜਾਂਗੀਰ ਪ੍ਰਾਪਤ ਕਰ ਲਈ । ਯਥਾਕ੍ਰਮ ਵਿਚ (ਭਗਤ ਬਾਣੀ ਨੂੰ) ਅੱਗੇ ਪਿੱਛੇ ਕਰਨ ਦਾ ਮੌਕਾ ਦਿੱਤਾ । ਜਿਸ ਤੋਂ ਹਾਸ਼ੀਏ ਕੱਟ ਕੇ ਨਵੇਂ ਲਾ ਕੇ-ਕੰਮ ਤੋਰ ਲਿਆ । ਫਿਰ ਜੋ ਨਕਲਾਂ ਹੋਈਆਂ ਉਹ ਸੇ ਏਹਾਂ

ਯਥਾਕ੍ਰਮ ਨਾਲ ਹੁੰਦੀਆ ਰਹੀਆਂ। ਜਾਗੀਰਾਂ ਮਿਲਣ ਨਾਲ ਪ੍ਰਚਾਰ ਦੇ ਸਾਧਨ ਵਧ ਗਏ ਅਤੇ ਲੋਕ ਨਕਲਾਂ ਲਈ ਵੀ ਔਂਦੇ ਰਹੇ। ਨਕਲਾਂ ਵੀ ਹੋਈਆਂ। ਪ੍ਰੰਤੂ ਅਸਲ ਕਾਪੀਆਂ ਜਿਨਾਂ ਤੋਂ ਇਹ ਨਕਲਾਂ ਕੀਤੀਆਂ ਗਈਆਂ ਸਨ, ਉਨਾਂ ਦੀਆਂ ਨਕਲਾਂ ਵੀ ਕਾਫੀ ਹੋ ਚੁਕੀਆਂ ਸਨ—ਜੋ ਹੁਣ ਵੀ ਮਿਲਦੀਆਂ ਹਨ। ਪ੍ਰੰਤੂ ਅਖ਼ਰ ਪ੍ਰਤਿ ਅਖਰ ਨਕਲ ਮੈਨੂੰ ਕੋਈ ਨਹੀਂ ਮਿਲੀ। ਸ਼੍ਰੀ ਕਰਤਾਂਰਪੁਰ ਅਤੇ ਸ਼੍ਰੀ ਬੰਨੋ ਵਾਲੀਆਂ ਬੀੜਾਂ ਅਸਲ ਦੀਆਂ ਨਕਲਾਂ ਕਿਉਂ ਨਹੀਂ ਹਨ? ਇਹ ਪ੍ਰਸ਼ਨ ਫਿਰ ਉਠ ਖਲੋਂਦਾ ਹੈ। ਸਭ ਤੋਂ ਪਹਿਲੀ ਗਲ ਤਾਂ ਇਹ ਹੈ ਕਿ ਇਹਨਾਂ ਬੀੜਾਂ ਵਿਚ ਪਾਠ ਅਸ਼ੁੱਧ ਹਨ ਅਤੇ ਬਹੁਤ ਜ਼ਜਾਦਾ ਅਸ਼ੁੱਧ ਹਨ। ਕਈ ਥਾਂਈ ਤਾਂ ਲਿਖਾਰੀ ਤੁਕਾਂ ਦੀਆਂ ਤੁਕਾਂ ਹੀ ਭੁੱਲ ਗਏ ਹਨ। ਪ੍ਰੈਸ ਵਿਚ ਆਈਆਂ ਬੀੜਾਂ ਵੀ ਜ਼ਜਾਦਾ ਕਰਤਾਰਪੁਰ ਵਾਲੀ ਬੀੜ ਤੋਂ ਹੀ ਸੋਧੀਆਂ ਗਈਆਂ ਹਨ—ਜਦੋਂ ਕਿ ਕਰਤਾਰਪੁਰ ਜੀ ਦੀ ਬੀੜ ਵਿਚ ਹੀ ਅਸ਼ੁੱਧੀਆਂ ਮੌਜੂਦ ਹਨ, ਫਿਰ ਪ੍ਰੈਸ ਦੀਆਂ ਸ਼ੁੱਧ ਕਿਵੇਂ ਹੋਣ?

ਹੁਣ ਪਹਿਲੋਂ ਅਸ਼ੁੱਧੀਆਂ ਦੋ ਚਾਰ ਵੇਖ ਲੋ ਫਿਰ ਬੀੜਾਂ ਦਾ ਵਿਸਤਾਰ ਸੁਣਨਾ। ਪ੍ਰੈਸ ਦੀਆਂ ਬੀੜਾਂ ਨਾਲ ਸਫ਼ੇ ਮਿਲਾ ਕੇ ਏਨਾਂ ਗ਼ਲਤੀਆਂ ਨੂੰ ਠੀਕ ਸਮਝਿਆ ਜਾ ਸਕਦਾ ਹੈ। ਨਹੀਂ ਤਾਂ ਲਿਖਤ-ਬੀੜਾਂ ਵਿਚ ਦਿੱਕਤ ਪੈਂਦੀ ਹੈ। ਅਰਥ-ਗਜਾਨ ਨੂੰ ਸਮਝਣ ਲਈ ਵਿਦਜਾ ਵੀ ਲੋੜੀਦੀ ਹੈ, ਮੂਰਖਾਂ ਦਾ ਕੰਮ ਨਹੀਂ। ਸੰਗੀਤ, ਪਿੰਗਲ, ਕਾਵਜ. ਕੋਸ਼. ਅਰਬੀ ਤੇ ਸੰਸਕ੍ਰਿਤ ਦੇ ਵਜਾਕਰਣ ਵੀ ਅਵਸ਼ਜ ਪੜ੍ਹਿਆ ਹੋਇਆ ਹੋਣਾਂ ਚਾਹੀਦਾ ਹੈ। ਗੁਰੂ-ਬਾਣੀ ਸਮਝਣ ਲਈ, ਪ੍ਰੈਸ ਦੀ ਬੀੜ ਦੇ ਸਫੇ ੫੦੮ ਤੇ ਗੂਜਰੀ ਮ: ੫ ਦੀ ਅਸ਼ਟਪਦੀ ਦੀ ਤੁਕ 'ਦੇਤ ਦਰਸਨੁ ਸ੍ਰਵਨਿ ਹਰਿ ਜਸ ਰਸਨਿ ਨਾਮ ਉਚਾਰ' ਪਾਠ ਹੈ। ਸ਼੍ਰੀ ਕਰਤਾਰਪੁਰ ਵਾਲੀ ਬੀੜ ਦਾ ਪੰਨਾ ੩੯੮ ਹੈ। ਇਹ 'ਦੇਤ' ਪਾਠ ਅਸ਼ੁੱਧ ਹੈ। 'ਨੇਤ' ਯਾ 'ਨੇਤ੍ਰ' ਸ਼ੁਧ ਸ਼ਬਦ ਹਨ ਵੇਖੋ-ਬੀੜ ਭਾਈ ਹਰਿਦਾਸ ਜੀ ਦੀ ਪੰਨਾ ੩੦੬ ਸਤਰ ੨੦। ਉਪਰੋਕਤ ਪਾਠ ਨਾਲ ਪ੍ਰਮਾਣ ਰੂਪ ਦੂਜਾ ਪਾਠ ਪ੍ਰੈਸ ਦਾ ਬੀੜ ਦੇ ਪੰਨੇ ੯੮੮" ਕਰਨਿ ਹਰਿ ਜਸੁ ਨੇਤ੍ਰ ਦਰਸ਼ਨੁ××× ਹੈ ਜਿਸ ਦੇ ਪਾਠ ਤੋਂ ਅਰਥ ਭਾਵ ਅਤੇ ਪਾਠ ਬਹੁਤ ਮਿਲਦਾ ਹੈ। ਸ਼ੁੱਧ ਖੋਜ ਹੋ ਜਾਂਦੀ ਹੈ, ਕਿ 'ਦੇਤ' ਪਾਠ ਅਸ਼ੁੱਧ ਹੈ। ਏਥੇ 'ਦਰਸ਼ਣ ਦੇਂਦਾ ਹੈ,' ×ਅਜੇਹਾ ਅਰਥ

ਨਹੀਂ ਹੈ ਕਿਉਂਕਿ ਏਥੇ ਪ੍ਰਕਰਣ ਸਾਧਨਾਂ ਨੂੰ ਵਰਣਨ ਦਾ ਹੈ, ਜਿਸ ਦਾ ਅਰਥ 'ਨੇਤ੍ਰਾਂ ਨਾਲ (ਸੰਤਾਂ ਦੇ) ਦਰਸ਼ਨ ਕਰਨੇ, ਕੰਨਾਂ ਨਾਲ ਹਰਿਯਸ਼ ਸੁਨਣਾ ਅਤੇ ਰਸਨਾਂ ਨਾਲ (ਹਰਿ) ਨਾਮ ਦਾ ਉੱਚਾਰਨ ਕਰਨਾ ਹੈ' । ਅਗਲੀ ਤੁਕ ਇਸ ਨੂੰ ਹੋਰ ਸਪਸ਼ਟ ਕਰ ਦੇਂਦੀ ਹੈ-ਪ੍ਰੰਤੂ ਜਿਨਾਂ ਨੂੰ ਗਯਾਨ ਨਹੀਂ ਅਤੇ ਭੁੱਲ ਨਾਲ ਕਰਤਾਰਪੁਰ ਤੇ ਭਾਈ ਬੰਨੋ ਜੀ ਬੀੜਾਂ ਨੂੰ ਹੀ ਸੁੱਧ ਤੇ ਸਤਿਗੁਰਾਂ ਦੀ ਲਿਖਵਾਈਆਂ ਹੋਈਆਂ ਮੰਨੀ ਬੈਠੇ ਹਨ । ਉਹ ਭੁੱਲ ਵਿਚ ਪੈ ਗਏ ਹਨ ।

ਬੀੜ ਪ੍ਰੈਸ ਦਾ ਪੰਨਾ ੮੦੭ ਬਿਲਾਵਲੁ ਮ: ੫ ॥ ਸਤਿਗੁਰ ਕਰਿ ਦੀਨੇ ਅਸਿਥਰ ਘਰ ਬਾਰ ॥ ਰਹਾਉ ॥ ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੇ ਹੀ ਮਾਰੈ ਕਰਤਾਰ ॥੧॥ ਨਾਨਕ ਦਾਸ ਤਾਕੀ ਸਰਣਾਈ ਜਾ ਕੋ ਸਬਦੁ ਅਖੰਡ ਅਪਾਰ ॥੨॥੯॥੨੭॥

ਇਸ ਸ਼ਬਦ ਵਿਚ ਇਕੋ ਇਕ ਤੁਕ ਦੀ ਪਉੜੀ ਆਈ ਹੈ, ਇਸ ਤੋਂ ਪਿਛਲਾ ਅੰਕ ੨੬ ਤੇ ਅਗਲਾ ਅੰਕ ੨੮ ਦੇ ਸ਼ਬਦਾਂ ਦੀਆਂ ਦੋ ਦੋ ਤੁਕਾਂ ਦੀਆਂ ਪਉੜੀਆਂ ਹਨ, ਜਿਸ ਤੋਂ ਪਤਾ ਲਗ ਰਿਹਾ ਹੈ–ਕਿ ਲਿਖਾਰੀ ਤਿੰਨ ਤੁੱਕਾਂ ਭੁੱਲ ਗਿਆ ਹੈ । ਜੇ ਰਹਾਉ ਦੀ ਪੰਗਤੀ ਦਾ ਉਪਰੋਕਤ ਆਇਆ ਪਾਠ ਹੀ ਠੀਕ ਮੰਨ ਲਿਆ ਜਾਵੇ ਤਾਂ ਵੀ ਦੋਹਾਂ ਪਉੜੀਆਂ ਵਿਚ ਦੋ ਤੁੱਕਾਂ ਰਹੀਆਂ ਹੋਈਆਂ ਦਿਸਦੀਆਂ ਹਨ । ਪ੍ਰੰਤੂ ਇਸ ਸਿਰਲੇਖ ਹੇਠ ਆਏ ਹੋਏ ਸਾਰਿਆਂ ਸ਼ਬਦਾਂ ਵਿਚ ਰਹਾਉ ਦੀਆਂ ਦੋ ਦੋ ਹੀ ਤੁਕਾਂ ਹਨ, ਜਿਸ ਤੋਂ ਤਿੰਨ ਤੁਕਾਂ ਹੀ ਰਹੀਆਂ ਹੋਈਆਂ ਮਾਲੂਮ ਪੈਂਦੀਆਂ ਹਨ । ਇਹ ਲਿਖਾਰੀ ਤੋਂ ਭੁੱਲ ਨਾਲ ਛੁੱਟੀਆਂ ਹੋਈਆਂ ਹਨ । ਇਹ ਗਲਤੀ ਸ੍ਰੀ ਸਤਿਗੁਰੂ ਅਰਜੁਨ ਦੇਵ ਜੀ ਤੋਂ ਨਹੀਂ ਹੋ ਸਕਦੀ । ਇਸੇ ਪ੍ਰਕਾਰ ਸਫੇ ੮੨੪ ਤੇ ਬਿਲਾਵਲੁ ਮਹਲਾ ੫ ॥ ਧੀਰਉ ਦੇਖਿ ਤੁਮ੍ਹਾਰੇ ਰੰਗਾ । ਤੁਹੀ ਸੁਆਮੀ ਅੰਤਰਜਾਮੀ ਤੂਹੀ ਵਸਹਿ ਸਾਧ ਕੈ ਸੰਗਾ ॥੧॥ ਰਹਾਉ ॥ ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ ॥੧॥ ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗਾ ॥੨॥੫॥੧੦੧॥" ਵਿਚ ਰਹਾਉ ਤਕ ਸ਼ੁੱਧ ਪਾਠ ਹੈ । ਅਗੇ ਇਕੋ ਇਕ ਤੁਕ ਦੇ ਅੰਤੁ ੧,੨ ਯਥਾ-ਕ੍ਰਮ ਨਾਲ ਪਉੜੀ ਅੰਕ ਆਏ ਹਨ । ਇਸ ਤੋਂ ਪਹਿਲੇ ੧੦੦ ਤੇ ੧੦੨ ਵਾਲੇ ਸ਼ਬਦ ਯਾ ਹੋਰ ਭੀ ਸ਼ਬਦ ਦੋ ਦੋ ਤੁਕਾਂ

ਦੀਆਂ ਪਉੜੀਆਂ ਵਾਲੇ ਹਨ। ਜਿਸ ਤੋਂ ਸਾਫ ਜ਼ਾਹਰ ਹੈ ਕਿ ਲਿਖਾਰੀ ਦੋਹਾਂ ਪਉੜੀਆਂ ਚੋਂ ਦੋ ਤੁਕਾਂ ਭੁੱਲ ਨਾਲ ਲਿਖ ਨਹੀਂ ਸਕਿਆ ਅਤੇ ਉਸਨੂੰ ਸੋਧਣ ਦਾ ਸਮਯ ਭੀ ਬਾਦ ਵਿਚ ਨਹੀਂ ਮਿਲਿਆ। ਇਹ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਭਾਈ ਗੁਰਦਾਸ ਜੀ ਨਾਲ ਗਲ ਨਹੀਂ ਢੁਕਦੀ, ਜਿਸ ਤੋਂ ਅਸਲ ਬੀੜ ਵਿਚ ਕਾਫ਼ੀ ਸ਼ੱਕ ਪੈਂਦਾ ਹੈ। ਇਨਾਂ ਦੇ ਸ਼ੁੱਧ ਪਾਠ ਮੈਨੂੰ ਅਜੇ ਮਿਲ ਨਹੀਂ ਸਕੇ ਪ੍ਰੰਤੂ ਇਕ ਬਹੁਤ ਬਚਿਤ੍ਰਤਾ ਵਾਲੀ ਖੋਜ ਮਿਲੀ ਹੈ। ਜਿਸ ਤੋਂ ਗੁਰਬਾਣੀ ਦੇ ਖੋਜੀ—ਮੇਰੀ ਪੁਸ਼ਟੀ ਵਿਚ ਔਣਗੇ ਅਤੇ ਮੇਰੀ ਹੌਸਲਾ ਅਫਜ਼ਾਈ ਕਰਨਗੇ, ਇਹ ਮੈਨੂੰ ਦ੍ਰਿੜ ਵਿਸ਼੍ਵਾਸ ਹੈ।

ਪ੍ਰੈਸ ਦੀ ਬੀੜ ਦੇ ਸਫੇ ੧੩੯੨ ਤੇ, 'ਸੁਕਹੁ ਟਲ ਗੁਰੁ ਸੇਵੀਐ', ਪਾਠ ਹੈ, ਪਿੱਛੋਂ ਆਏ ੯ ਛੰਦਾਂ ਵਿੱਚ 'ਕਲ' ਤੇ 'ਕਲਸਹਾਰ' ਨਾਮ ਹਨ। ਇਹ ਇਕ ਹੀ ਕਵਿ ਦੇ ਨਾਮ ਹਨ। ਫ਼ਿਰ ਛੰਦਾਂਕ ੯ ਤੇ ਕਿਸੇ ਪਿਛਲੇ ਕਵੀ ਦੀ ਰਚਨਾਂ ਸਮਾਪਤਿ ਹੋਈ ਹੁੰਦੀ ਤਾਂ ਅੰਕਾਂ ਵਿੱਚ ਜਮਾਬੰਦੀ ਕੀਤੀ ਹੁੰਦੀ। ਪ੍ਰੰਤੂ ਨਾਮ 'ਟਲ' ਆ ਗਿਆ ਹੈ। ਕਲ ਤੇ ਕਲਸਹਾਰ ਤਾਂ ਇਕ ਦੇ ਹੀ ਨਾਮ ਹੋ ਸਕਦੇ ਹਨ ਕਿਉਂਕਿ ਇਨਾਂ ਪਦਾਂ ਦੀ 'ਧਾਤੂ'-ਇੱਕੋ ਹੈ। ਪ੍ਰੰਤੂ 'ਟਲ' ਦੀ ਧਾਤੂ 'ਕਲ', ਨਾਲ ਸਹਯੋਗੀ ਵੀ ਨਹੀਂ। ਫਿਰ ਨਾਮ 'ਟਲ' ਉਪਨਾਮ (ਲਕਬ. ਤਖ਼ੱਲਸ) ਕਿਵੇਂ ਬਣ ਗਿਆ? ਇਨ੍ਹਾਂ ਖ਼ਯਾਲਾਂ ਨੇ ਮੈਨੂੰ ਹੈਰਾਨ ਕਰ ਦਿੱਤਾ। ਮੈਂ ਆਪਣੀ ਵਿਚਾਰ ਨਾਲ ਹੀ ਇਸ ਸਿੱਟੇ ਤੇ ਪੁੱਜ ਗਿਆ ਕਿ ਪੁਰਾਤਨਿ ਬੀੜਾਂ ਦੀਆਂ ਗੂੰਦ ਵਾਲੀਆਂ ਸਿਆਹੀਆਂ ਹੁੰਦੀਆਂ ਸਨ। ਉਨ੍ਹਾਂ ਦੇ ਨਾਂਪ੍ਰਕਾਸ਼ ਹੋਣ ਤੋਂ ਪਤ੍ਰੇ ਜੁੜ ਜਾਂਦੇ ਹਨ ਅਤੇ ਪਤ੍ਰੇ ਖੋਹਲਣ ਵੇਲੇ ਹੇਠਲੇ ਪਤ੍ਰਿਆਂ ਦੀਆਂ ਪੱਚਰਾਂ ਅੱਖਰਾਂ ਸਮੇਤ ਉਖੜ ਕੇ ਉਪਰ ਲਗ ਜਾਂਦੀਆਂ ਅਤੇ ਅਤੇ ਉਪਰਲਿਆਂ ਦੀਆਂ ਹੇਠਾਂ ਪੱਚਰਾਂ ਲਗ ਜਾਂਦੀਆਂ ਸਨ-ਜਿਨ੍ਹਾਂ ਤੋਂ ਪਾਠਿਕਾਂ ਨੂੰ ਬੜੀ ਕਠਿਨਤਾ ਨਾਲ ਪਦ ਦਾ ਗਯਾਨ ਹੁੰਦਾ ਸੀ-ਪ੍ਰੰਤੂ ਸਭ ਪਾਠਿਕ-ਸਭ ਥਾਂ-ਪੂਰਾ ਗਯਾਨ ਨਹੀਂ ਪਾ ਸਕਦੇ- ਕਿਸੇ ਨ ਕਿਸੇ ਥਾਂ ਕਮੀ ਰਹਿਣੀ ਮਾਨਸ਼ੀ ਪਰਿਕ੍ਰਿਤਿ ਦਾ ਸੁਭਾਵਿਕ ਗੁਣ ਹੈ। ਏਥੇਂ ਭੀ 'ਕੱਕੇ' ਦੇ ਅਗਲੇ ਹਿੱਸੇ ਦੀ ਪੱਚਰ ਉਖੜ ਕੇ ਦੂਜੇ ਪਾਸੇ ਜਾ ਲਗੀ ਹੈ ਅਤੇ ਇਸ ਨੂੰ ਨਕਲ ਕਰਨ ਵਾਲੇ ਲਿਖਾਰੀ ਨੇ 'ਟ' ਸਮਝ ਲਿਆ ਹੈ-ਇਸ ਲਿਖਾਰੀ ਨੂੰ ਗੁਰਬਾਣੀ ਦਾ ਅਰਥ ਗਯਾਨ ਵਿਸ਼ੇਸ਼ ਨਹੀਂ ਸੀ। ਅਖਰ ਲਿਖਣ ਦਾ ਹੀ ਅਭਯਾਸ ਸੀ। ਜਿਸ ਤੋਂ 'ਟਲ' ਬਣਾ ਕੇ ਲਿਖ ਦਿੱਤਾ ਸੂ। ਪ੍ਰੰਤੂ ਇਹ ਤੁਕਾਂ ਸ੍ਰੀ ਹਰਿਮੰਦਰ ਸਾਹਿਬ ਜੀ ਵਿੱਚ ਰੋਜ਼ਾਨਾ ਤਿੰਨ ਵਾਰ ਵਾਕਯ

(ਸ਼ਬਦ) ਵੇਲੇ ਪੜ੍ਹੀਆਂ ਜਾਂਦੀਆਂ ਹਨ ਅਤੇ ਅੰਮ੍ਰਿਤਸਰ ਦੇ ਸਾਰਿਆਂ ਗੁਰਦੁਆਰਿਆਂ ਵਿੱਚ ਵੀ ਪੜ੍ਹੀਆਂ ਜਾਂਦੀਆਂ ਹਨ । ਕੀ ਕਿਸੇ ਵੀ ਸਿੱਖ ਵਿਦ੍ਵਾਨ ਨੂੰ ਇਸ ਦੀ ਵਿਚਾਰ ਨਹੀਂ ਆਈ ? ਮੈਨੂੰ ਏਸ ਸ਼ੰਕਾ ਨੇ ਕਈ ਸਾਲ ਰੋਕ ਰਖਿਆ । ਪ੍ਰੰਤੂ ਇਹ ਸ਼ੱਕ ਪੱਕਾ ਹੋ ਗਿਆ ਕਿ ਸ੍ਰੀ ਕਰਤਾਰਪੁਰ ਵਾਲੀ ਬੀੜ-ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਰਚਨਾ ਤੇ ਭਾਈ ਗੁਰਦਾਸ ਜੀ ਦੀ ਲਿਖੀ ਹੋਈ 'ਆਦਿ ਬੀੜ' ਨਹੀਂ । ਏਸ ਚਕ੍ਰ ਵਿਚ ਮੈਂ ਸੈਂਕੜੇ ਹਸਤ ਲਿਖਤ ਬੀੜਾਂ ਦੀ ਖੋਜ ਕੀਤੀ ਪ੍ਰੰਤੂ ਜਿਹੜੀ ਬੀੜ ਵੇਖਾਂ ਪਾਠ 'ਟਲ' ਹੀ ਮਿਲੇ । ਆਖਿਰ ਭਾਈ ਮਨੀ ਸਿੰਘ ਜੀ ਵਾਲੀ ਬੀੜ ਜੋ ਇਸ ਵੇਲੇ 'ਰਾਜਾ ਗੁਲਾਬ ਸਿੰਘ ਜੀ ਸੇਠੀ ਹਨੂੰ-ਮਾਨ ਰੋਡ ਨਵੀਂ ਦਿੱਲੀ' ਦੇ ਪਾਸ ਹੈ । ਉਸਨੂੰ ਵੇਖਿਆ ਤਾਂ ਪਾਠ 'ਸੁਕਹੁ ਕਲ ਗੁਰ ਸੇਵੀਐ' ਮਿਲਿਆ । ਜਿਸ ਤੋਂ ਮੈਨੂੰ ਜੋ ਵੀ ਕਮੀਆਂ ਭਾਸਦੀਆਂ ਸਨ-ਕਿ ਲਿਖਾਰੀਆਂ ਤੋਂ ਹੋ ਸਕਦੀਆਂ ਹਨ । ਸਤਿਗੁਰਾਂ ਤੋਂ ਨਹੀਂ । ਉਨਾਂ ਨੂੰ ਲਿਖਣ ਦਾ ਯਤਨ ਕੀਤਾ । ਇਹ ਕਾਰਯ ਮੈਂ ਜਨਵਰੀ **੧੯੫੪** ਤੋਂ ਪ੍ਰਾਰੰਭ ਕਰ ਕੇ ਸੰਨ **੧੯੬੯** ਹੁਣ ਤਕ ਕਰ ਰਿਹਾ ਹਾਂ । ਪਰਮੇਸ਼੍ਵਰ ਕਦੇ ਤਾਂ ਮੈਨੂੰ ਸਫਲ ਕਰੇਗਾ ਹੀ, ਹੋ ਸਕਦਾ ਹੈ ਕਿ-ਜੋ ਮੈਂ ਪਾਠ ਸ਼ੁੱਧ ਮੰਨੇ ਹਨ । ਉਨਾਂ ਵਿਚ ਮੇਰੀ ਭੀ ਗਲਤੀ ਹੋਵੇ ਪ੍ਰੰਤੂ ਸਾਰੇ ਹੀ ਗ਼ਲਤ ਨਹੀਂ । ਜੋ ਸੱਜਣ ਮੈਨੂੰ ਕਿਸੇ ਸ਼ੈਲੀ ਦੇ ਆਧਾਰ ਤੇ ਸਮ-ਝਾਵੇ-ਮੈਂ ਉਸਦਾ ਅਤਿ ਦਿਲੋਂਜਾਨ ਤੋਂ ਧਨਯਵਾਦੀ ਹਾਂ । ਹੁਣ ਪਿਛਲੇ ਪ੍ਰਕਰਣ ਨੂੰ ਨੂੰ ਹੀ ਫਿਰ ਸ਼ੁਰੂ ਕਰਦਾ ਹਾਂ ।

ਬੀੜ ਨੰ: ੩

ਇਹ ਬੀੜ ਬੁਰਹਾਨਪੁਰ (ਮ. ਪ੍ਰ.) ਵਿਚ ਸ੍ਰੀ ਹਠੀ ਸਿੰਘ ਜੀ ਦੀ ਸਮਾਧਿ ਤੇ ਹੈ । ਇਸ ਉਤੇ ਸ਼ਿਕਸਤਾ ਗੁਰਮੁਖੀ ਵਿਚ '੧ ਗੁਰੂ ਜੀ ਸਤਿਨਾਮ ਕਰਤਾਪੁਰਖੁ' ਲਿਖਯਾ ਹੋਇਆ ਹੈ । ਜਿਸ ਨੂੰ ਪੁਜਾਰੀ ਸ੍ਰੀ ਗੁਰੂ, ਗੋਬਿੰਦ ਸਿੰਘ ਜੀ ਦੇ ਦਸਤਖਤ ਦਸਦੇ ਹਨ । ਇਹ ਉਨਾਂ ਦੀ ਭੁੱਲ ਹੈ ਅਤੇ ਕੁਝ (ਲੋਭ ਵੱਸ) ਪਾਪ ਹੈ । ਇਹ ਦਸਤ ਖਤ ਸ੍ਰੀ ਹਠੀ ਸਿੰਘ ਜੀ ਦੇ ਹਨ । ਇਸ ਦੇ ਉਪਰ ਸ਼ਕਸਤਾ ਗੁਰਮੁਖੀ ਵਿਚ ਹੀ

[੧ ਮਮਮਦਾ]

[੧ ਮਮ੧ਮਮਦਾ]

ਲਿਖਤਾ ਹੋਇਆ ਹੈ । ਜੋ ਅਜੇ ਤੱਕ ਮੇਰੀ ਸਮਝ ਵਿਚ ਠੀਕ ਨਹੀਂ ਆ ਸਕਿਆ ਪ੍ਰੰਤੂ ਮੇਰਾ ਖ਼ਯਾਲ ਹੈ ਕਿ ਇਹ ਸੰਮਤ ਹੈ। ਜੋ ੧੭੭੭ ਅਤੇ ੧੭੭੧ ਬਣਦੇ ਹਨ । ਸ੍ਰੀ ਅਜੀਤ ਸਿੰਘ ਜੀ ਸੰਮਤ ੧੭੮੦ ਫਰਰੁੱਖਸਿਯਰ ਦੇ ਜ਼ੁਲਮ ਦੀ ਵਜ਼ਾ ਨਾਲ ਦਿੱਲੀ ਵਿਚ ਕਤਲ ਕੀਤੇ ਗਏ ਸਨ । ਈਰਖਾਲੂ ਇਤਿਹਾਸਿਕਾਂ ਨੇ ਇਹਨਾਂ ਨੂੰ ਪਤਿਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬੇਮੁਖ, ਮਾਤਾ ਸੁੰਦਰੀ ਜੀ ਦਾ ਤ੍ਰਿਸਕਾਰਿਆ ਅਤੇ ਭਗੋੜਾ ਸਾਬਤ ਕਰਨ ਦੀ ਕੋਸ਼ਸ਼ ਕੀਤੀ ਹੈ ।

ਇਸ ਬੀੜ ਵਿਚ ਰਹਿਰਾਸ ਦੇ ਪੰਜ ਸ਼ਬਦ ਹੀ ਹਨ । ਧਨਾਸਰੀ ਰਾਗ ਵਿਚ ਨਾਮਦੇਵ ਜੀ ਦਾ ਪੰਜਵਾਂ ਸ਼ਬਦ ਹੈ :—ਧਨਾਸਰੀ ।

ਸਾਤ ਸਮੁੰਦ ਜਾ ਕੀ ਹੈ ਕਿਰਣੀ, ਧਰਤੀ ਜਾ ਕੋ ਬੇਟੋ ।
ਤਾਸੁ ਧਣੀ ਪਗੁ ਧੋਇ ਨ ਸਾਕਉ, ਇਬੜੋ ਜਾ ਕੋ ਪੇਟੋ । ੧"
ਬਾਪ ਗੋਵਲੀਆ ਬਲ ਜਾ ਸਉ ।
ਮੈਂ ਤਉ ਭੂੰਬੜੀਆ ਲੇਟੇ ਸਿਉ
ਮੈ ਤਉ ਥੋਰੜੋ ਜੇਵੇਸਿਉ ॥੧॥ ਰਹਾਉ ।
ਕਰਉ ਅਢਾਈ ਧਰਤੀ ਮਾਂਗੈ, ਬਾਵਨ ਰੂਪ ਅਨੰਤੋ ॥
ਤਾਸੁ ਧਣੀ ਪਗ ਧੋਇ ਨ ਸਾਕਉ, ਪਗੁ ਏਵਡੁ ਹੈ ਜਾ ਕਉ ॥੨॥
ਦਾੜਾ ਗ੍ਰਿਹ ਜਿਨਿ ਧਰਤੀ ਰਾਖੀ, ਬਰਹੁ ਰੂਪ ਅਨੰਤੋ ॥
ਤਾਸੁ ਧਣੀ ਪਗੁ ਧੋਇ ਨ ਸਾਕਉ, ਇਬੜੋ ਜਾਂ ਕੋ ਦੰਤੋ ॥੩॥
ਅਧੜੋ ਸਿੰਘ ਅਧੜੋ ਮਾਣਸੁ, ਨਿਕਸਿਉ ਸੁਆਮੀ ਜਾ ਕੋ ॥
ਤਾਸੁ ਧਣੀ ਪਗੁ ਧੋਇ ਨ ਸਾਕਉ, ਨ੍ਹਖੁ ਏਵਡ ਹੈ ਜਾ ਕੋ ॥੪॥
ਨਾਮੇ ਚੇ ਸੁਆਮੀ ਰੂੜੋ ਠਾਕੁਰ, ਮਾਧਉ ਕ੍ਰਿਸ਼ਨ ਮੁਰਾਰੀ ॥

ਦੁਖ ਰੰਜਨ ਭੈ ਭੰਜਨ ਸੁਆਮੀ, ਪ੍ਰੀਤਮ ਬਨ ਬਨਵਾਰੀ ॥੫॥੫॥

ਇਸ ਬੀੜ ਦੇ ਪਾਠ ਵੀ ਬਹੁਤ ਸ਼ੁਧ ਨਹੀਂ ਹਨ। ਇਸ ਵਿਚ ਲਿਖਾਰੀ ਨੇ ਮਿਹਨਤ ਕਾਫੀ ਕੀਤੀ ਹੈ ਅਤੇ ਸੁਨਹਿਰੀ ਸਜਾਹੀ ਨਾਲ ਕਾਫੀ ਸਿਰਲੇਖ ਲਿਖੇ ਹੋਏ ਹਨ।

ਭੈਰਉ ਰਾਗ ਵਿਚ ਨਾਮ-ਦੇਵ ਜੀ ਦੀ ਬਾਣੀ ਦਾ ਵਿਲੱਖਣ ਸਿਰਲੇਖ ਇਉਂ ਹੈ :—

ੴ ਸਤਿਗੁਰ ਪ੍ਰਸਾਦਿ ॥ ਭੈਰਉ ਅਸ਼ਟਪਦੀਆ ਨਾਮਦੇਉ ਜੀ ਘਰੁ ੧ ॥

ਸੁਲਤਾਨੁ ਪੂਛੈ ਸੁਨਹੁ ਬੇ ਨਾਮਾਂ ॥ × × × ਜਉ ਗੁਰਦੇਉ ਤਾਂ ਮਿਲੈ ਮੁਰਾਰਿ।

ਬੀੜ ਨੰ: ੪

ਬੁਰਹਾਨ ਪੁਰ ਵਿਚ ਸ੍ਰੀ ਹਠੀ ਸਿੰਘ ਜੀ ਦੀ ਸਮਾਧਿ ਪਰ ਹੀ ਇਹ ਵੀ ਹੈ। ਇਹ ਬੀੜ ਨੰ: ੩ ਦੀ ਅਖਰ ਪ੍ਰਤਿ ਅਖਰ ਨਕਲ ਹੈ। ਇਸ ਵਿਚ ਹੋਰ ਕੋਈ ਬਾਣੀ ਵਿਚ ਤਾਂ ਫਰਕ ਨਹੀਂ ਹੈ ਪ੍ਰੰਤੂ ਜੋਤੀ ਜੋਤਿ ਦੇ ਚਰਿਤ੍ਰ ਵਿਚ ਕਈ ਲੇਖ ਅਜੇਹੇ ਹਨ-ਜੋ ਇਸ ਬੀੜ ਤੋਂ ਬਿਨਾ ਕਿਤੇ ਨਹੀਂ ਦਿਸੇ। ਇਸ ਵਾਸਤੇ ਏਥੇ ਸਾਰੇ ਹੀ ਚਰਿਤ੍ਰ ਦਾ ਪਾਠ ਲਿਖਦੇ ਹਾਂ ਕਿ ਉਸ ਤੋਂ ਖੋਜ ਅੱਗੇ ਵਧੇ।

ੴ ਸਤਿਗੁਰ ਪ੍ਰਸਾਦਿ

ਚਲਿਤ੍ਰ ਜੋਤੀ ਜੋਤਿ ਸਮਾਵਣ ਕਾ

੧ ਸੰਮਤੁ ੧੫੯੬ ਅਸੂ ਵਦੀ ੧੦ ਸ੍ਰੀ ਗੁਰੂ ਬਾਬਾ ਨਾਨਕ ਦੇਵ ਜੀ ਸਮਾਣੇ

੧ ਸੰਮਤੁ ੧੬੦੯ ਚੇਤ ਸੁਦੀ ੪ ਸ੍ਰੀ ਸਤਿਗੁਰੂ ਅੰਗਦ ਜੀ ਸਮਾਣੇ।

੧ ਸੰਮਤੁ ੧੬੩੧ ਭਾਦਉ ਸੁਦੀ ੧੫ ਸ੍ਰੀ ਸਤਿਗੁਰੂ ਅਮਰਦਾਸ ਜੀ ਸਮਾਣੇ

੧ ਸੰਮਤੁ ੧੬੩੮ ਭਾਦਉ ਸੁਦੀ ੩ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ।

੧ ਸੰਮਤੁ ੧੬੬੩ ਜੇਠ ਸੁਦੀ ੪ ਸ਼ੁਕਰਵਾਰ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਸਮਾਣੇ।

ਮਹਲਾ ੬ ਮਹਲੇ ਅਠਵੇਂ ਜੀ ਕਾ ਨਕਲੁ ਹੈ ਖਾਸ ਕਲਮ ਆਪਣੀ ਹਥੀਂ ਲਿਖਿਆ ਕਰਤੇ ਪੁਰਖ ॥

੧ ਸੰਮਤੁ ੧੬੯੫ ਚੇਤ ਸੁਦੀ ੧੦ ਸ੍ਰੀ ਗੁਰੂ ਬਾਬਾ ਜੀ ਸਮਾਣੇ ਕੀਰਤਪੁਰ

੧ ਸੰਮਤੁ ੧੭੦੧ ਚੇਤ ਸੁਦੀ ੫ ਆਦਿਤਵਾਰ ਨਉਘੜੀਆਂ ਰਾਤਿ ਜਾਂਦੀ ਨੂੰ ਸ੍ਰੀ ਸਤਿਗੁਰੂ ਕਰਣ ਕਾਰਣ ਸਮਰਥ ਕਰਤਾਪੁਰਖੁ ਨਿਰੰਕਾਰ ਨਿਰਵੈਰੁ ਅਕਾਲ ਮੂਰਤਿ ਕਰਤਾਪੁਰਖ ਸ੍ਰੀ ਗੁਰੂ ਹਰਿ ਗੋਬਿੰਦ ਜੀ ਸਮਾਣੇ ਕੀਰਤਿਪੁਰ ਕੈ ਹੇਠ ਥਾਪਲ ਪਤਾਲ ਗੜ ਨਾਉ ਥਾ ਕੱਠੇ ਵਿਚਿ ਪੰਜਿ ਦਿਨ ਸਾਂਗੁ ਹੋਆ ਰਾਤਿ ਆਂਵਦੀ ਸਮਾਣਾ ਨਦੀ ਉਤੇ ਦਾਗੁ ਦਿਤਾ ਰਾਜ ਕਹਲੂਰ ਕੈ ਵਿਚਿ ਅਗੇ ਜੋ ਗੁਰੂ ਭਾਵੈਗਾ ਸੁ ਹੋਵੇਗਾ ਤਾਂ ਕੋਈ ਜੀਵੈਗਾ ਸੋ ਲਿਖੈਗਾ ਗੁਰੂ ਕੀ ਗਲ ਗੁਰੂ ਜਾਣੈ ॥

੧ ਸੰਮਤੁ ੧੭੧੮ ਕਤਕ ਵਦੀ ੯ ਆਦਿਤਵਾਰ ਘੜੀਅ ਛਿਅ ੬ ਦਿਹ ਰਹਦੇ ਸ੍ਰੀ ਸਤਿਗੁਰੂ ਹਰਿਰਾਇ ਜੀ ਸਮਾਣੇ ਕੀਰਤਿਪੁਰਿ ।

੧ ਸੰਮਤੁ ੧੭੨੧ ਚੇਤ ਸੁਦੀ ੧੪ ਬੁਧਵਾਰ ਦੁਇ ਪਹਰ ਦੁਇ ਘੜੀਆਂ ਰਾਤਿ ਗੁਦਰੀ ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਸਮਾਣੇ ਦਿਲੀ ਵਿਚਿ ।

੧ ਸੰਮਤੁ ੧੭੩੨ ਮੱਘਰ ਸੁਦੀ ੫ ਵੀਰਵਾਰ ਬਾਰਹ ਘੜੀਆਂ ਦਿਨੁ ਚੜਿਆ ਸੀ ਤੇਰਵੀਂ ਦੇ ਅਮਲਿ ਸ੍ਰੀ ਗੁਰੂ ਤੇਗ ਬਹਾਦਰ ਜੀ ਸਮਾਣੇ ।

੧ ਸੰਮਤੁ ੧੭੬੫ ਕਤਕ ਸੁਦੀ ੫ ਸ੍ਰੀ ਵਾਹਗੁਰੂ ਗੋਬਿੰਦ ਸਿੰਘ ਜੀ ਸਮਾਣੇ

੧ ਸੰਮਤੁ ੧੭੮੦ ਮਾਘ ਸੁਦੀ ੫ ਸ੍ਰੀ ਵਾਹਗੁਰੂ ਅਜੀਤ ਸਿੰਘ ਜੀ ਸਮਾਣੇ ਵਿਚਿ ਦਿਲੀ ਵਾਰ ਸੁਕਰ ਛਿਅ ਘੜੀ ੬ ਦਿਨ ਚੜੇ ਹੋਏ, ਆਗੈ ਗੁਰੂ ਭਾਣੇ ਕਾ ਖਾਵੰਦ ਹੈ ॥

ਬੀੜ ਨੰ. ੫

ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਦਖਣ) ਵਿਚਿ ਸ੍ਰੀ ਹਰਿਮੰਦਿਰ ਜੀ ਪਰ ਹੈ, ਇਹ ਬੀੜ ਚੰਗੇ ਸੁਘੜ ਲਿਖਾਰੀ ਦੀ ਲਿਖੀ ਹੋਈ ਹੈ । ਅਖਰਾਂ ਦੀ ਬਣਾਵਟ ਪੁਰਾਂਣੇ ਢੰਗ ਦੀ ਹੈ । ਤਰਤੀਬ ਲਾਨੇ ਵਾਲੀ ਬੀੜ ਨਾਲ ਮਿਲਦੀ ਜੁਲਦੀ ਹੈ । ਭਾਈ ਬੰਨੋ ਵਾਲੀ ਬਾਣੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਇਸ ਵਿਚ ਨਹੀਂ । ਗੂਜਰੀ ਵਿਚ ਪਾਠ-'ਨੇਤ ਦਰਸ਼ਨ' ਦੀ ਥਾਂ 'ਦੇਤ ਦਰਸ਼ਨ' ਹੀ ਹੈ ।

ਇਸ ਦੇ ਇਕ ਪੰਨੇ ਤੇ ਇਕ ਪਰਚੀ ਚਸ਼ਪਾਂ ਕੀਤੀ ਹੋਈ ਹੈ-ਜਿਸ ਉਤੇ

'੧ਓ ਸਤਿ-ਗੁਰ ਪ੍ਰਸਾਦਿ' ਪਦ ਲਿਖਿਆ ਹੋਇਆ ਹੈ. ਦੂਜੇ ਪੰਨੇ ਤੇ ਫਿਰ ਓਹੀ '੧ਓ ਸਤਿਗੁਰ ਪ੍ਰਸਾਦਿ' ਬੀੜ ਦੇ ਪਤਰੇ ਤੇ ਲਿਖਿਆ ਹੋਇਆ ਹੈ। ਇਨਾਂ ਦੋਹਾਂ ਨੂੰ ਹੀ ਪੁਜਾਰੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤ ਦਸਦੇ ਹਨ। ਪ੍ਰੰਤੂ ਤਤਕਰੇ ਵਿਚ ਦਸਤਖਤਾਂ ਦਾ ਕੋਈ ਜ਼ਿਕਰ ਨਹੀਂ।

ਗਉੜੀ ਕਬੀਰ ਜੀ ਵਾਰ ੭ ਵਿਚ :—'ਧਰ ਅੰਬਰ ਵਿਚਿ' ਸਲੋਕ ਹੈ। ਗੂਜਰੀ ਵਿਚ ਨਾਮਦੇਵ ਜੀ ਦਾ 'ਨਉ-ਨਿਧਿ ਪਰਸੀ' ਸ਼ਬਦ ਹੈ। ਚਉ-ਬੋਲੇ ਮ: ੫ ਤੋਂ ਅਗੇ ਵਾਰਾਂ ਤੋਂ ਵਧੀਕ ਸਲੋਕ ਆਰੰਭ ਹੋ ਜਾਂਦੇ ਹਨ ਮ: ੫ ਦੇ ਸਲੋਕਾਂ ਦੇ ਨਾਲ ਹੀ 'ਤੇਰਾ ਕੀਤਾ ਜਾਤੋ' ਵੀ ਲਿਖਿਆ ਹੋਇਆ ਹੈ। ਮੁੰਦਾਵਣੀ ਦਾ ਸ਼ਲੋਕ ਅੱਗੇ ਕੀਤਾ ਹੋਯਾ ਹੈ। ਭੋਗ ਦੀ ਬਾਣੀ-ਭੱਟਾਂ ਦੇ ਸੱਵਯੇ, ਸਲੋਕ ਕਬੀਰ ਅਤੇ ਸਲੋਕ ਫਰੀਦ ਹਨ। ਸਹਸ-ਕ੍ਰਿਤੀ ਸਲੋਕ ਮ: ੧ ਦੇ ਨਹੀਂ ਹਨ, ਕੇਵਲ ਮ: ੫ ਦੇ ਹੀ ਹਨ। ਰਾਗਮਾਲਾ ਵੀ ਨਹੀਂ ਹੈ। ਜਿਲਦ ਕਿਤਾਬੀ ਹੈ, ਪਾਠਾਂ ਦੀ ਲੜੀ ਅਸ਼ੁੱਧ ਜ਼ਜ਼ਾਦਾ ਹੈ ਤੇ ਬੀੜ ਕਾਫੀ ਪੁਰਾਣੀ ਹੈ। ਕਰੀਬਨ ਸੰਮਤੁ ੧੭੮੦ ਦੀ ਲਿਖਤ ਹੈ।

ਇਸ ਬੀੜ ਅਤੇ ਰਕਾਬ ਗੰਜ ਵਾਲੀ ਬੀੜ ਦੇ ਲਿਖਤ ਆਦਿ ਸਭ ਢੰਗ ਮਿਲਦੇ ਹਨ! ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਦੋਵੇਂ ਇਕ ਹੀ ਲਿਖਾਰੀ ਦੀਆਂ ਲਿਖੀਆਂ ਹੋਈਆਂ ਹਨ! ਪ੍ਰੰਤੂ ਜਿਨਾਂ ਬੀੜਾਂ ਤੋਂ ਨਕਲਾਂ ਕੀਤੀਆਂ ਹਨ। ਉਹ ਦੋ ਹਨ-ਇਸਤੋਂ ਫਰਕ ਆ ਗਿਆ ਹੈ! ਵੇਖੋ ਬੀੜ ਨੰ. ੨੧

ਬੀੜ ਨੰ: ੬

ਸ਼੍ਰੀ-ਮਾਨ ਬਾਬਾ ਸੋਹਣ ਸਿੰਘ ਜੀ ਨਿਹੰਗ, ਸੁਰ ਸਿੰਘ (ਜਿਲਾ ਅੰਮ੍ਰਿਤਸਰ) ਇਸ ਬੀੜ ਦਾ ਪ੍ਰਸੰਗ ਗੁਰੂ ਵਿਲਾਸ ਪਾ: ੬ ਅਤੇ ਗੁਰੂ ਪ੍ਰਤਾਪ ਸੂਰਜ ਵਿਚ ਹੈ ਕਿ ਭਾਈ ਬਿਧੀ ਚੰਦ ਜੀ ਨੇ ਬਿਲਾਵਲੁ ਰਾਗ ਤੱਕ ਹੀ ਲਿਖੀ ਸੀ ਤੇ ਜੰਗ ਦੀ ਵਜਾ ਨਾਲ-ਗੁਰੂ ਹਰਿਗੋਬਿੰਦ ਜੀ ਨੇ ਉਥੋਂ ਹੀ ਰੱਖਣ ਦੀ ਆਗਜ਼ਾ ਦਿੱਤੀ ਤੇ ਦਸਤਖਤ ਕੀਤੇ।

ਇਸ ਬੀੜ ਵਿਚ 'ਸੋਪੁਰਖੁ' ਦੇ ਸ਼ਬਦ ਭੀ ਹਨ-ਪ੍ਰੇਸ਼ ਨਾਲੋਂ ਅਥਵਾ ਕਰਤਾਰ

ਦੀ ਬੀੜ ਨਾਲੋਂ ਸ਼ਬਦ ਬਹੁਤ ਅੱਗੇ ਪਿਛੇ ਹਨ। ਦਸਤਖਤਾਂ ਵਾਲਾ ਪਤ੍ਰਾ ਲੇਵੀ ਨਾਲ ਜੋੜਿਆ ਹੋਇਆ ਹੈ।

ਭਾਈ ਬਿਧੀ ਚੰਦ ਜੀ ਤੋਂ 'ਬਿਲਾਵਲੁ ਬਾਣੀ ਸਧਨੇ ਕੀ' ਦੀ ਥਾਂ 'ਬਿਲਾ-ਵਲੁ ਬਾਣੀ ਧਨੇ ਕੀ' ਭੁੱਲ ਨਾਲ ਲਿਖਜਾ ਗਿਆ ਹੈ। ਇਹੋ ਸ਼ਬਦ ਹੀ ਇਸ ਬੀੜ ਤੇ ਭੋਗਦਾ ਹੈ।

ਬੜੀਆਂ ਬੜੀਆਂ ਪੂਜਜ ਅਤੇ ਮੁਸਤਨਿਦ ਬੀੜਾਂ ਵੇਖਣ ਵਿਚ ਆਈਆਂ ਹਨ। ਪ੍ਰੰਤੂ ਏਸ ਬੀੜ ਦੇ ਨਾਲ ਦੀ ਸਿਰਫ ਇਕੋ ਹੀ ਹੋਰ ਬੀੜ ਦ੍ਰਿਸ਼ਟਿ ਆਈ ਹੈ। ਜਿਹੜੀ ਕਿ ਐਸ ਵੇਲੇ ਬਹਾਦਰ ਪੁਰ (ਜਿਲਾ ਸੰਗਰੂਰ) ਵਿਚ ਮੌਜੂਦ ਹੈ। ਕਰਤਾਰ ਪੁਰ (ਜਲੰਧਰ) ਵਾਲੀ ਬੀੜ ਦੀ ਬਾਣੀ ਮਿਸਲਵਾਰ ਨਹੀਂ। ਜਿਵੇਂ ਕਿ, ਸ੍ਰੀ ਰਾਗੁ ਮ: ੫ ਘਰੁ ੭ ਦੇ ਸ਼ਬਦਾਂ ਤੋਂ ਬਾਦ ਫੇਰ ਸ੍ਰੀ ਰਾਗ ਮ: ੫ ਘਰੁ ੧ ਦੇ ਤਿੰਨ ਸ਼ਬਦ ਲਿਖੇ ਹੋਏ ਹਨ। ਸ੍ਰੀ ਰਾਗੁ ਮ: ੪ ਅਤੇ ਸ੍ਰੀ ਰਾਗੁ ਮ: ੫ ਦੇ ਸਬਦਾਰੰਭ ਵਿਚ ਮੰਗਲ ਵੀ ਨਹੀਂ ਹਨ। ਪਰ ਏਸ ਵਿਚ ਉਪਰੋਕਤ ਸ੍ਰੀ ਰਾਗੁ ਮ: ੫ ਘਰੁ ੧ ਦੇ ਤਿੰਨੇ ਸ਼ਬਦ ਪਹਿਲੀ ਤਖ਼ਤੀ ਦੇ ਹੀ ਨਾਲ ਹਨ। ਬਹਾਦਰ-ਪੁਰ ਵਾਲੀ ਬੀੜ ਵਿਚ ਵੀ ਸੁਰ ਸਿੰਘ ਵਾਲੀ ਬੀੜ ਵਾਂਗੂ ਹੀ ਹਨ। ਭਾਵੇਂ ਏਸ ਨੂੰ ਅੱਧੀ ਬੀੜ ਹੀ ਮੰਨਿਆ ਜਾ ਰਿਹਾ ਹੈ। ਪ੍ਰੰਤੂ ਇਸ ਦੀ ਬਾਣੀ ਮਿਸਲਵਾਰ ਠੀਕ ਹੈ।

ਏਸ ਦਾ ਬਾਕੀ ਹਿੱਸਾ ਵੀ ਮੇਰੀ ਰੀਸਰਚ ਵਿਚ ਪੁੱਜ ਗਿਆ ਹੈ। ਪ੍ਰੰਤੂ ਮੈਂ ਅਜੇ ਉਸ ਦੀ ਪੜਚੋਲ ਦਾ ਸਮਯ ਨਹੀਂ ਕੱਢ ਸਕਿਆ। ਸ਼ਾਇਦ ਹੁਣ ਕਢ ਸਕਾਂ ਅਤੇ ਛਪਣ ਤਕ ਲਿਖ ਸਕਾਂ॥ ਕਰਤਾਰਪੁਰ ਵਾਲੀ ਬੀੜ ਦੀ ਜੇ ਇਹ ਬੀੜ ਨਕਲ ਹੁੰਦੀ ਤਾਂ ਉਸ ਦਾ ਇਸ ਨਾਲ ਹੂਬਹੂ ਮੇਲ ਹੋ ਸਕਦਾ। ਇਤਿਹਾਸ ਵਿਚ ਇਸ ਨੂੰ ਅਸਲ ਬੀੜ ਦੀ ਨਕਲ ਲਿਖਿਆ ਹੈ। ਪਰ ਇਹ ਕਰਤਾਰ-ਪੁਰ ਵਾਲੀ ਬੀੜ ਦੀ ਨਕਲ ਨਹੀਂ। ਇਸ ਦੇ ਪਾਠ ਅਤੇ ਕਰਤਾਰਪੁਰ ਵਾਲੀ ਬੀੜ ਦੇ ਪਾਠ ਵੀ ਨਹੀਂ ਮਿਲਦੇ, ਇਸ ਕਾਰਣ ਕਰਤਾਰਪੁਰ ਦੀ ਬੀੜ ਸ੍ਰੀ ਗੁਰੂ ਅਰਜੁਨ ਦੇਵ ਜੀ ਅਤੇ ਭਾਈ ਗੁਰਦਾਸ ਜੀ ਲਿਖਤ ਨਹੀਂ। ਇਸ ਦੇ ਸਾਰੇ ਮੰਗਲ ਉੱਤੇ ਹਨ। ਬਹੁਤ ਹੈਰਾਨੀ

ਵਾਲ਼ੀ ਗੱਲ ਹੈ ਕਿ ਸ਼੍ਰੀਮਾਨ ਬਾਬਾ ਸੋਹਣ ਸਿੰਘ ਜੀ ਨੇ ਮੰਗਲਾਂ ਬਾਰੇ ਏਸੇ ਬੀੜ ਤੋਂ ਹੀ ਵਿਰੁਧ ਕਦਮ ਚੁਕਿਆ ਸੀ। ਇਸ ਤੋਂ ਮਾਲੂਮ ਪੈਂਦਾ ਹੈ, ਕਿ ਨਿਹੰਗ ਸਿੰਘ ਬਹੁਤੇ ਅਨਜਾਣ ਹਨ।

ਬੀੜ ਨੰ: ੭

ਸਿਖ ਰੈਫਰੈਂਸ ਲਾਇਬਰੇਰੀ ਅਮ੍ਰਿਤਸਰ—ਵਿਚ ਸੰਮਤ ੧੬੬੭—ਦੀ ਲਿਖੀ ਹੋਈ ਹੈ ਨਕਲ ਭਾਈ ਬੰਨੋ ਵਾਲੀ ਬੀੜ ਦੀ ਹੈ। ਇਸ ਵਿਚ ਕਈਆਂ ਲਿਖਾਰੀਆਂ ਦੇ ਦਸਤਖਤ ਹਨ। ਜੋਤੀ ਜੋਤਿ ਸਮਾਵਣ ਦਾ ਚਰਿਤ੍ਰ ਵੀ ਤਿੰਨ ਹੱਥਾਂ ਦਾ ਲਿਖਯਾ ਹੋਯਾ ਹੈ। ਪਹਿਲੇ ਨੇ ੬ ਪਾਤਸ਼ਾਹੀਆਂ ਤਕ। ਦੂਜੇ ਨੇ ੮ ਪਾਤਸਾਹੀਆਂ ਤੱਕ ਤੇ ਤੀਜੇ ਲਿਖਾਰੀ ਨੇ ਇਓਂ ਲਿਖਿਆ ਹੈ :—

ਸੰਮਤੁ ੧੭੩੨ ਮੱਘਰ ਸੁਦੀ ੫ ਸ੍ਰੀ ਸਤਿ-ਗੁਰੂ ਤਿਆਗ ਚੰਦ ਜੀ ਸਮਾਣੇ ਵੀਰਵਾਰ ਦਿਹਾੜੇ।

"ਲਿਖਤ—ਹਰਿਗੋਬਿੰਦ ਜੀ ਪਾਤਸ਼ਾਹੀ ੬ ਸੰਮਤੁ ੧੬੬੭"। ਇਹ ਲੇਖ ਬਹੁਤ ਬਚਿਤ੍ਰ ਗੱਲ ਹੈ ਕਿ ਇਹ ਬੀੜ ਸ੍ਰੀ ਛੇਵੇਂ ਪਾਤਸ਼ਾਹ ਜੀ ਦੀ ਲਿਖੀ ਹੋਈ ਹੈ ? ਕਿਉਂਕਿ ਇਸ ਬੀੜ ਵਿਚ ਤਿੰਨ ਪ੍ਰਕਾਰ ਦੀਆਂ ਲਿਖਤਾਂ ਹਨ। ਸ਼ਾਇਦ-ਪਹਿਲੀ ਲਿਖਤ ਨੂੰ ਹੀ ਹੋਰ ਲਿਖਾਰੀ ਪੂਰਾ ਕਰਦੇ ਰਹੇ ਹਨ ਤੇ ਪਹਿਲੋਂ ਸ੍ਰੀ ਗੁਰੂ ਹਰਿ ਗੋਬਿਦ ਜੀ ਨੇ ਹੀ ਬੀੜ ਲਿਖਣੀ ਪ੍ਰਾਰੰਭ ਕੀਤੀ ਹੋਵੇ।

ਇਹ ਪਾਣੀ ਵਿਚ ਭਿੱਜੀ ਹੋਈ ਵੀ ਹੈ। ਇਸ ਦੇ ਪੰਨੇ ੭੦ ਤੋਂ ਦੂਜੇ ਲਿਖਾਰੀ ਦੀ ਕਲਮ ਹੈ। ਪੰਨੇ ੩੭੬ ਧਨਾਸਰੀ ਤੋਂ ਹੋਰ ਦੀ ਲਿਖਤ ਹੈ। ਇਸ ਲਿਖਾਰੀ ਨੇ ਭਾਈ ਬੰਨੋਵਾਲੀ ਬੀੜ ਵਾਂਗੂ ਕੰਨੇ ਦੀ ਥਾਂ ਬਿੰਦੂ ਦੀ ਵਰਤੋਂ ਕੀਤੀ ਹੈ ਤੇ ਪੰਨੇ ੯੧੬ ਤੋਂ ਹੋਰ ਲਿਖਾਰੀ ਦੀ ਲਿਖਤ ਹੈ, ਰਾਗੁ ਗੂਜਰੀ ਤ੍ਰਿਲੋਚਨ ਜੀ ਦਾ ਇਹ ਸ਼ਬਦ ਵੀ ਹੈ।

ਗੂਜਰੀ ਤਿਲੋਚਨ ਜੀ। ਨਿਉਨਿਧਿ ਪਰਤੀ ਤਉ ਕਾਹਿ ਰੇ

ਚਿੰਤਾ ਅਚਿੰਤ ਕਲਪਤਰੋ ॥

ਕੋਣ ਪਾਸਿ ਮਾਂਗਤ ਆਛਉ, ਮੇਰਾ ਪ੍ਰਭ ਲਾਜੇ ਲਾਛ ਬਰੋ ॥੧॥

ਗੋਬਿੰਦ ਗੋਬਿੰਦ ਗੋਬਿੰਦੇ ।

ਗੋਬਿੰਦ ਬਿਨੁ ਮੈ ਅਵਰੁ ਨ ਜਾਚਉ, ਨਾਮ ਵਖਾਣਉ ਗੋਬਿੰਦ ਕਾ ॥ਰਹਾਉ॥
ਗੋਬਿੰਦ ਕੇਰੀ ਮੁਕਤੀ ਦਾਸੀ, ਸੰਨਿਆਸੀ ਸਿਵ ਰਾਚੀਲੇ ।
ਤਾਚੀ ਦਾਸੀ ਮਹਾ ਅਸ਼ਟ-ਸਿਧਿ, ਨਾਹੀ ਕਾਜ ਹਮਾ ਤਿਸੁ ਸੇਤੀ ॥੨॥
ਧਾਤੁਰਬਾਜੀ ਰਸਾ ਉਪਜੀਲੇ, ਤਜੀਲੇ ਏਹ ਕੁਬੁਧੀ ।
ਮਨਿ ਭੀਤਰਿ ਬੀਚਾਰਿ ਨ ਦੇਖਹਿ, ਗੋਬਿੰਦ ਭਗਤਿ ਭਲ ਰਸੁ ਸੁਧੀ ॥੩
ਗੋਬਿੰਦ ਕੇਰੀ ਬਾਤ ਸੁਣੀਜੈ, ਕਹੁ ਕਿਨਿ ਦੇਖਿਆ ਨੈਣੀ ॥
ਗੋਬਿੰਦ ਨਾਮ ਚਰਿਤ੍ਰ ਸਦਾ ਹਹਿ, ਗੋਬਿੰਦ ਸਦਾ ਸੰਤ ਕੀ ਬੈਣੀ ॥੪
ਗੋਬਿੰਦ ਕੇਰੀ ਭਾਉ ਭਾਗਵਤੁ, ਮਾਨ ਮਛਰ ਮਦ ਰਹਤਾ ॥
ਬਦਤਿ ਤ੍ਰਿਲੋਚਨ ਸੁਨਿ ਰੇ ਪ੍ਰਾਣੀ, ਮਾਂਗਉ ਜੋ ਸੰਸਾਰ ਬਿਰਕਤਾ ॥੫॥

ਰਾਮ ਕਲੀ ਮ: ੫ ਵੇਂ ਦਾ ਛੰਤ—'ਰਣ ਝੁੰਝਨੜਾ' ਸ਼ਬਦ ਬਰੀਕ ਕਲਮ ਨਾਲ ਅੰਦਰ ਤੇ ਹਾਸ਼ੀਏ ਤੇ ਲਿਖ ਕੇ ਪੂਰਾ ਕੀਤਾ ਹੋਯਾ ਹੈ ।

ਸਾਰੰਗ ਵਿਚ ਸੂਰ-ਦਾਸ ਜੀ ਦੀ 'ਛਾਡਿ ਮਨ ਹਰਿ' ਤੁਕ ਨੂੰ ਕਿਸੇ ਹੋਰ ਲਿਖਾਰੀ ਨੇ ਬਾਹਰ ਲਿਖਯਾ ਹੈ ਪ੍ਰੰਤੂ ਬੀੜ ਬੰਨਣ ਵੇਲੇ ਕੁਝ ਅਖਰ ਕੱਟੇ ਗਏ ਹੋਏ ਹਨ । ਇਸ ਤੋਂ ਇਹ ਵੀ ਖ਼ਯਾਲ ਹੁੰਦਾ ਹੈ ਕਿ ਇਸ ਦੀ ਜਿਲਦ ਕਈ ਵਾਰੀ ਬੰਨੀ ਗਈ ਹੈ । ਇਸ ਵਿਚ ਮ: ੯ ਦੀ ਬਾਣੀ ਨਹੀਂ । ਭੋਗ ਦਾ ਯਥਾਕ੍ਰਮ ਇਉਂ :—

ਸਹਸ-ਕ੍ਰਿਤੀ ਮ: ੧
ਸਹਸਕ੍ਰਿਤੀ ਮ: ੫
ਫੁਨਹੇ
ਚਉਬੋਲੇ
ਸਲੋਕ ਵਾਰਾਂ ਤੋਂ ਵਧੀਕ ਮ: ੧
,, ,, ,, ਮ: ੩

,, ,, ,, ਮ: ੪

,, ,, ,, ਮ: ੫

ਮੁੰਦਾਵਣੀ

ਤੇਰਾ ਕੀਤਾ ਜਾਤੋ

ਸਵਯੇ ਮ: ੫

ਸਵਯੇ ਭਟਾਂ

ਸਲੋਕ ਕਬੀਰ ਜੀ

ਸਲੋਕ ਫਰੀਦ ਜੀ

ਇਸ ਤੋਂ ਅੱਗੇ ਬੰਨੋਵਾਲੀ ਬਾਣੀ ਹੈ 'ਜਿਤੁ ਦਰ ਲਖ ਮੁਹੰਮਦਾ' ਆਦਿ ਇਹ ਬੀੜ ਬੜੇ ਗਹੁ ਨਾਲ ਵੇਖਣ ਵਾਲੀ ਹੈ। ਬੀੜ ਨੂੰ ਕਈ ਥਾਂਈ ਨਵਾਂ ਹਾਸ਼ੀਆ ਵੀ ਲਾਇਆ ਹੋਯਾ ਹੈ। ਪ੍ਰੰਤੂ ਸੰਪੂਰਨ ਪਾਠ ਸ਼ੁੱਧ ਏਥੋਂ ਵੀ ਨਹੀਂ ਮਿਲਦੇ।

ਬੀੜ ਨੰ: ੯

ਇਹ ਬੀੜ 'ਸਿੱਖ ਰੈਫਰੈਂਸ ਲਾਇਬਰੇਰੀ (ਅੰਮ੍ਰਿਤਸਰ)'—ਵਿਚ ਹੈ। ਇਸ ਤੇ 'ਸੰਮਤ ੧੭੩੨ ਪੋਹੋਂ ੨੩ ਤ੍ਰੇਹਵੀਹਵੇ ਪੋਥੀ ਲਿਖਿ ਪਹੁੰਚੇ' ਪਾਠ ਲਿਖਯਾ ਹੋਯਾ ਹੈ। ਇਸ ਵਿਚ ਸਾਫ 'ਜਪੁ' ਸ਼ਬਦ ਸਾਰੀ ਬੀੜ ਲਈ ਵਰਤਿਆ ਹੋਯਾ ਹੈ ਯਥਾ :—

'ਇਹ ਜਪੁ ਗੁਰੂ ਰਾਮਦਾਸ ਜੀਉ ਤੇ ਨਕਲ ਕਾ ਨਕਲ ਥਾ ਤਿਸ ਕਾ ਨਕਲੁ' ਲਿਖਾਰੀ ਦਾ ਕੋਈ ਨਾਮ ਨਹੀਂ ਹੈ। ਤਤਕਰੇ ਪੁਰਾਣੀਆਂ ਬੀੜਾਂ ਵਾਗੂ ਹੀ ਤਿੰਨ ਹਨ। ਪੰਨੇ ੧੯ ਉਮਰ ਕਿਸੇ ਗੁਰੂ ਦੇ ਦਸਤਖਤ ਹਨ ਪ੍ਰੰਤੂ ਪਤਾ ਨਹੀਂ ਕਿ ਕਿਸ ਦੇ ਹਨ। ਸਿਰਫ 'ਗੁਰੂ ਸਹਾਏ' ਹੀ ਲਿਖਿਆ ਹੋਇਆ ਹੈ। ਬੀੜ ਬੰਨੋਵਾਲੀ ਦੀ ਨਕਲ ਹੈ। ਪੰਨੇ ੫੭੨ ਤੋਂ ੫੭੬ ਤਕ ਦੂਜੇ ਲਿਖਾਰੀ ਦੀ ਕਲਮ ਹੈ। ਰਤਨ ਮਾਲਾ, ਗੋਸਟਿ ਮਲਾਰ, ਹਕੀਕਤ ਰਾਹ ਮੁਕਾਮ, ਬਾਇ ਆਤਸ਼ ਤੋਂ ਉਪਰਾਂਤ ਮ: ੯ ਦੇ ਸ਼ਲੋਕ ਹਨ। ਪਾਠ ਭੇਦ ਪ੍ਰੈਸ ਨਾਲੋਂ ਇਹ ਹੈ :—

ਇਸ ਸਲੋਕ ਤੇ ਨਾਵੇਂ ਮਹਲਾਂ ਦੇ ਸ਼ਲੋਕਾਂ ਦੀ ਸਮਾਪਤੀ ਕੀਤੀ ਹੋਈ ਹੈ।

ਬੀੜ ਨੰ: ੯

ਇਹ ਬੀੜ ਭਾਈ ਹਰਿਦਾਸ ਜੀ ਦੀ ਲਿਖੀ ਹੋਈ ਹੈ—ਇਹ ਲਿਖਾਰੀ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਦਾ ਲਿਖਾਰੀ ਮੰਨਦਾ ਹੈ। ਇਸ ਬੀੜ ਤੇ ਅੰਦਾਜ਼ਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਸਤਖਤ ਹਨ। ਪ੍ਰੰਤੂ ਮ: ੯ ਦੀ ਬਾਣੀ ਨਹੀਂ ਹੈ। ਇਹ ਬੀੜ ਪਾਣੀ ਵਿਚ ਭਿੱਜੀ ਹੋਈ ਹੈ। ਪੰਨੇ ਦਾ ਅੰਕ ਖੱਬੇ ਪਾਸੇ ਹੈ। ਬੀੜ ਬੰਨੋ ਜੀ ਦੀ ਨਕਲ ਹੈ। ਹਾਸ਼ੀਏ ਕਈ ਥਾਂਈ ਨਵੇਂ ਲਗੇ ਹੋਏ ਹਨ। ਪੰਨੇ ੩੦੮ ਅੰਕ ਵਾਲਾ ਪੰਨਾਂ ੩੧੬ ਤੋਂ ਅੱਗੇ ਲਗਾ ਹੋਯਾ ਹੈ। ਜਿਸ ਤੋਂ ਇਸ ਦੀ ਹੇਰਾ ਫੇਰੀ ਹੋਈ ਦਾ ਸ਼ੱਕ ਪੱਕਾ ਹੋ ਜਾਂਦਾ ਹੈ। ਪੰਨੇ ੮੦ ਤੋਂ ਹੋਰ ਲਿਖਾਰੀ ਦੀ ਕਲਮ ਹੈ।

ਇਸ ਵਿਚ 'ਗਉੜੀ ਮ: ੫॥ ਚਿੰਤਾ-ਮਣਿ ਕਰੁਣਾ ਮਏ ॥××' ਸ਼ਬਦ ਦਾ ਰੂਪ ਸ਼ੁੱਧ ਹੈ। ਪ੍ਰੈਸ ਵਿਚ ਅਸ਼ੁੱਧ ਹੈ। ਪ੍ਰੰਤੂ ਹੋਰ ਗਉੜੀ ਦੇ ਸ਼ਬਦ ਪ੍ਰੈਸ ਵਾਂਗੂ ਹੀ ਅਸ਼ੁੱਧ ਹਨ—ਜੋ ਕਿ ਪ੍ਰੈਸ ਦੀਆਂ ਬੀੜਾਂ ਵਿਚ ਸਫੇ ੨੧੩ ਤੇ ੨੧੪ ਉਪਰ ਆਏ ਹੋਏ ਹਨ। ਅਸਟਪਦੀ ਗੂਜਰੀ ਮ:੫ ਵਿਚ 'ਨੇਤ੍ਰ ਦਰਸ਼ਨ' ਹੀ ਪਾਠ ਹੈ—ਜੋ ਸ਼ੁੱਧ ਹੋ (ਵੇਖੋ ਪੰਨਾ ੩੦੬) ਬਸੰਤ ਦੇ ਚੋਥੇ ਸ਼ਬਦ ਦਾ ਸਿਰਲੇਖ ਤਾਂ 'ਮ: ੩' ਅਸ਼ੁੱਧ ਹੀ ਹੈ ਪ੍ਰੰਤੂ ਅਠਵੇਂ ਸ਼ਬਦ ਦਾ ਸਿਰਲੇਖ 'ਬਸੰਤ ਮਹਲਾ ੧ ਇਕ ਤੁਕਾ' ਹੈ ਜੋ ਸ਼ੁੱਧ ਹੈ, ਵੇਖੋ ਪੰਨਾ ੬੧੭।

ਬੀੜ ਨੰ: ੧੦

ਇਹ ਬੀੜ ਸੰਮਤ ੧੭੪੨ ਮਿਤੀ ਸਾਵਣੋ ੧੯ ਵਿਚ ਸਮਾਪਤ ਹੋਈ ਹੈ। ਇਸ ਦੇ ਤਤਕਰੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤ ਦਾ ਜ਼ਿਕਰ ਹੈ ਪ੍ਰੰਤੂ ਸ਼ੱਕਵਾਲੀ ਗਲ ਇਹ ਹੈ ਕਿ ਪੰਨਾ ੪੩ ਤੇ ੪੪ ਗੁੰਮ ਹੋ ਗਏ ਹਨ, ਜਿਨਾ ਉਪਰ ਜੋਤੀ ਜੋਤਿ ਦਾ ਚਰਿਤ੍ਰ ਤੇ ਦਸਤਖ਼ਤ ਸਨ। ਇਸ ਵਿਚ ਕਿਸੇ ਹੋਰ ਲਿਖਾਰੀ ਨੇ ਵੀ ਲਿਖ ਕੇ ਪਤਰੇ ਪਾਏ ਹਨ ਪ੍ਰੰਤੂ ਹੁਣ ਉਹ ਵੀ ਕਈਆਂ ਥਾਂਵਾ ਤੋਂ ਪੰਨਾਂਕ ਹੀਣ ਹਨ। ਨਕਲ ਸ੍ਰੀ ਬੰਨੋਵਾਲੀ ਬੀੜ ਦੀ ਹੈ।

ਬੀੜ ਨੰ: ੧੧

ਇਹ ਬੀੜ ਸੰਮਤ ੧੭੪੫ ਦੀ ਲਿਖੀ ਹੋਈ ਹੈ। ਇਸ ਦਾ ਲਿਖਾਰੀ 'ਭਾਈ ਪਾਖਰ ਮਲ ਢਿਲੋਂ' ਹੈ। ਇਸ ਨੇ

'ਜਪੁ ਸ੍ਰੀ ਗੁਰੂ ਰਾਮਦਾਸ ਜੀਉ ਕਿਆ ਦਸਖਤਾਂ ਕਾ ਨਕਲ' ਹੀ ਸ਼ਬਦ ਲਿਖਿਆ ਹੈ—ਜਿਸ ਤੋਂ ਇਹ 'ਅਸਲ ਦੀ ਹੀ ਨਕਲ ਹੈ'—ਭ੍ਰਮ ਪੈਂਦਾ ਹੈ, ਕਿਉਂਕਿ ਇਸ ਦੀ ਅਸਲ ਅਜੇ ਅਸੀਂ ਨਹੀਂ ਵੇਖ ਸਕੇ। ਇਸ ਵਿਚ 'ਸੋਪੁਰਖੁ' ਦੇ ਸ਼ਬਦ ਹਨ, ਜੋ ਕਰਤਾਰ-ਪੁਰ ਤੇ ਬੰਨੋਵਾਲੀ ਬੀੜ ਵਿਚ ਨਹੀਂ। 'ਸਾਰੰਗ ॥ ਛਾਡਿ ਮਨ ਹਰਿ' ਦੀ ਤੁਕ ਕਿਸੇ ਹੋਰ ਦੀ ਲਿਖੀ ਹੋਈ ਹੈ। ਸਾਰੰਗ ਬਾਣੀ ਪਰਮਾਨੰਦ ਜੀਉ ਕੀ' ਪਾਠ ਲਿਖ ਕੇ 'ਬਾਣੀ ਪਰਮਾਨੰਦ ਜੀਉ ਕੀ' ਤੇ ਹੜਤਾਲ ਫੇਰੀ ਹੋਈ ਹੈ। ਮ: ੪ ਵਾਰਾਂ ਤੋਂ ਵਧੀਕ ਸਲੋਕ ੨੭ ਹੀ ਹਨ, ਵਾਰਾਂ ਤੋਂ ਵਧੀਕ ਸਲੋਕ ਮ: ੫ ਤੇ ਮ: ੯, ਰਾਗਮਾਲਾ ਚਿਟਿਆਂ ਕਾਗਜ਼ਾਂ ਤੇ ਲਿਖੀ ਹੋਈ ਹੋਰ ਲਿਖਾਰੀ ਦੀ ਹੈ। ਪੰਨੇ ੬੪੫ ਤੋਂ ੬੫੫ ਤਕ ਗੁੰਮ ਹੋ ਚੁਕੇ ਹਨ ਜਿੰਨਾਂ ਤੇ ਸਵਯੇ ਸ੍ਰੀ ਕਬੀਰ ਤੇ ਫ਼ਰੀਦ ਦੇ ਸਲੋਕ ਸਨ।

ਸੰਮਤ ਦਾ ਪਾਠ ਕਿਸੇ ਹੋਰ ਦੀ ਕਲਮ, ਹੈ ਪੰਨੇ ੫੯੭ ਅਤੇ ੫੯੮ ਬਾਕੀਆਂ ਨਾਲੋਂ ਬਹੁਤ ਪੁਰਾਣੇ ਹਨ, ਕਾਗਜ ਲਾਲ ਹੈ ਅਤੇ ਏਸ ਦੇ ਹੀ ਅੰਤ ਸੰਮਤ ਲਿਖਤਾ ਹੋਯਾ ਹੈ।

ਬੀੜ ਨੰ: ੧੨

ਸਿਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਇਹ ਬੀੜ ਸੰਮਤ ੧੭੬੩ ਵੈਸਾਖ ਵਦੀ ੧ ਦੀ ਲਿਖੀ ਹੋਈ ਹੈ। ਇਸ ਵਿਚ ਮ: ੯ ਦੀ ਬਾਣੀ ਨਹੀਂ। ਪਾਠ ਅਸ਼ੁੱਧ ਹੀ ਹਨ। ਸੋਪੁਰਖੁ ਦੇ ਸ਼ਬਦ ਵੀ ਹਨ। ਸਾਰੰਗ ਵਿਚ ਸੂਰਦਾਸ ਜੀ ਦੀ ਕੋਈ ਵੀ ⌒ ਤੁਕ ਨਹੀਂ। ਸਹਸਕ੍ਰਿਤੀ ਸਲੋਕ ਮ: ੧ ਦੇ ਪਹਿਲੇ ਸਲੋਕ ਤੋਂ ਬਾਦ ੧ਓ ਵੀ ਨਹੀਂ। ਮਾਰੂ ਵਿਚ 'ਸੁਖ ਸਾਗਰ ⌒ ਸੁਰਤਰੁ' ਤੇ ਹੜਤਾਲ ਫੇਰੀ ਹੋਈ ਹੈ। 'ਤੈ ਨਰ ਕਿਆ ਪੁਰਾਨ' ਦਾ ਸਿਰਲੇਖ ੧ਓ ਸਤਿਗੁਰ ਪ੍ਰਸਾਦਿ ॥ ਸਾਰੰਗ ਪਰਮਾਨੰਦ' ਹੈ (ਵੇਖੋ ਪੰਨਾ ੫੬੩) ''ਗੂਜਰੀ ਤਿਲੋਚਨ ਜੀ॥ ਨਉ ਨਿਧਿ ਪਰਸੀ × (ਪੰਨਾ ੨੫੭) ਦਾ ਸ਼ਬਦ ਹੈ। ਇਸ ਦੇ ਜੋਤੀ ਜੋਤਿ ਦੇ ਚਰਿਤ੍ਰ ਵਿਚ ਸ੍ਰੀ ਗੁਰੂ ਹਰਿਰਾਇ ਜੀ ਤੋਂ ਬਾਦ ਇਹ ਪਾਠ ਹੈ:—

ਸੰਮਤ ੧੭੪੪ ਭਾਦੋ ਸੁਦੀ ੮ ਆਦਿਤਵਾਰ

ਪੰਜ ਘੜੀਆਂ ਦਿਨਿ ਛਿਵੀ ਦੇ ਅਮਲਿ
ਸ੍ਰੀ ਸਤਿਗੁਰੂ ਰਾਮਰਾਇ ਜੀ ਸਮਾਣੇ।

ਬੀੜ ਨੰ: ੧੩

ਇਹ ਬੀੜ ਗੁਰੂ ਪ੍ਰਤਾਪ ਸੂਰਜ ਨਾਲ ਸੰਬੰਧਿਤ ਦੱਸੀ ਜਾਂਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਰਾਪ ਹੈ ਕਿ ਜੋ ਇਸਦਾ ਪਾਠ ਕਰੇਗਾ ਉਹ ਅੰਨ੍ਹਾ ਹੋ ਜਾਵੇਗਾ। ਇਹ ਉਦਾਸੀ ਸਾਧੂਆਂ ਦੀ ਲਿਖਤ ਹੈ ਦੀਵਾਨ ਨੰਦਚੰਦ ਲੈ ਕੇ ਭੱਜ ਆਯਾ ਸੀ ਇਸ ਉਤੇ ਸ੍ਰੀ ਗੁਰੂ ਜੀ ਦੀ ਮੋਹਰ ਲਗੀ ਹੋਈ ਹੈ। ਇਹ ਪਤਾ ਨਹੀਂ ਕਿ ਇਹ ਭਾਈ ਕੀ ਡਰੋਲੀ (ਫੀਰੋਜ਼ਪੁਰ) ਕਿਵੇਂ ਪੁਜੀ? ਦੀਵਾਨ ਨੰਦਚੰਦ ਸੰਘਾ ਦੀ ਸਮਾਧਿ 'ਕਾਲ਼ਾਸੰਘਾਂ (ਕਪੂਰਥਲਾ)' ਵਿਚ ਹੈ। ਬੀੜ ਨਕਲ ਬੰਨੋ ਦੀ ਹੈ। ਡਰਦਿਆਂ ਜ਼ਿਆਦਾ ਖੋਜ ਨਹੀਂ ਕੀਤੀ।

'ਨੰਦਚੰਦ' ਸ਼ਬਦ ਨੂੰ ਬਚਿਤ੍ਰ ਨਾਟਕ ਚੋਂ ਵੇਖਿਆ ਤਾਂ ਸੋਢੀ ਮਾਲੂਮ ਪੈਂਦਾ ਹੈ 'ਯਥਾ':—

ਤਹਾਂ ਨੰਦ ਚੰਦ ਕੀਯੋ ਕੋਪ ਭਾਰੋ ॥
ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ ॥
ਤੁਟੀ ਤੇਗ ਤ੍ਰਿਖੀ ਕਢੇ ਜਮ ਦੱਢੰ ॥
'ਹਠੀ ਰਾਖਿਯੰ, ਲਜ ਬੰਸੰ ਸਨੱਢੰ' ॥××

(ਬਚਿਤ੍ਰ ਨਾਟਕ ਅ: ੮)

ਗੁਰੂ ਵਿਲਾਸ ਪਾ੦ ੧੦ ਵਿਚ ਇਸ ਦਾ ਤਰਜੁਮਾ ਹੋਰ ਤਰਾਂ ਕਰ ਕੇ ਨੰਦਚੰਦ ਨੂੰ ਸੰਢਾ ਲਿਖਿਆ ਹੈ। ਯਥਾ :—

ਤੋਟਕ ਛੰਦ ॥×ਪੁਨ ਨੰਦ ਸੁਚੰਦ ਮਸੰਦ ਚਢਾ ॥
ਜਿਨ ਦੂਤਨ ਕੋ ਅੰਗ ਅੰਗ ਭਢਾ ॥੨੬੩॥
ਬਹੁ ਵਾਰ ਕਰੇ ਜਿਨ ਮਧਜ ਰਣੰ ॥
ਜਿਹ ਰਾਖ ਲਈ ਲੱਜ ਸੋਢਿ ਮਣੰ ॥×××

(ਗੁਰੁ ਵਿਲਾਸ ਪਾ੦ ੧੦ ਅ: ੬)

ਇਸ ਤੋਂ ਅਗੇ ਏਸ ਬੀੜ ਦਾ ਪ੍ਰਸੰਗ ਅ: ੧੧ ਵਿਚ ਹੈ। ਇਹ ਨੰਦਚੰਦ ਸੰਢਾ ਉਮਰਾ ਸ਼ਾਹ ਦਾ ਪੋਤ੍ਰਾ ਡਰੋਲੀ ਨਿਵਾਸੀ ਮਸੰਦ ਸੀ। ਯਥਾ :—

ਚੌਪਈ ॥੧੧ ਦੂਨੀ ਚੰਦਨੰਦ ਚੰਦ ਨਿਹਾਰਾ ॥ ਏ ਦ੍ਵੈ ਬਚੇ ਨਾਮ ਜੋ ਦਾਰਾ ॥੭੦
ਨੰਦ ਚੰਦ ਅਤਿਹੀ ਬਲਵਾਨਾ ॥ ਜਾ ਸਮ ਸੁਭਟ ਨ ਜਗ ਮਹਿ ਆਨਾ ॥
ਹੁਕਮ ਧਨੀ ਕਾ ਐਸਾ ਭਯੋ ॥ ਮਾਰੇ ਬਿਨਾ ਸੋਊ ਮਰ ਗਯੋ ॥੭੧
ਸੁਨਿ ਅਬ ਤਾ ਕੀ ਕਥਾ ਸੁਨਾਊ ॥ ਤਾਂ ਤੇ ਤੁਮ ਕਹਿ ਅਧਿਕ ਰਿਝਾਊ ॥
ਉਨ ਤੇ ਕਛੁਕ ਕਾਲ ਹੀ ਦਿਨਾ ॥ ਪਾਛੇ ਇਹ ਚਰਿਤ੍ਰ ਆ ਬਨਾ ॥੭੨
ਇਕ ਉਦਾਸੀ ਸਿੱਧ ਸੁਜਾਨ ॥ ਆਦਿ ਗ੍ਰੰਥ ਜੁ ਲਿਖਯੋ ਨਿਧਾਨ ॥
ਲੈ ਹਜ਼ੂਰ ਪਹੁੰਚੇ ਵਹ ਧਾਇ ॥ ਸਹੀ ਪਵਾਵਨ ਕੇ ਚਿਤ ਚਾਇ ॥੭੩
ਜਬੈ ਹਜ਼ੂਰ ਪੁਜੇ ਵੈ ਆਈ ॥ ਪਾਸ ਗੁਰੂ ਨਾਹਿੰ ਪੁਹੁੰਚਯੋ ਜਾਈ ॥
ਤਿਨ ਮਨ ਮੈ ਯੋਂ ਕਰਯੋ ਵਿਚਾਰਾ ॥ ਕੋਊ ਆਗੈ ਕਰੋ ਸੁਧਾਰਾ ॥੭੪
ਨੰਦਚੰਦ ਆਗੂ ਚਿਤ ਧਰਾ ॥ ਸੰਢਾ ਸੂਰਬੀਰ ਬਹੁ ਖਰਾ ॥
ਸੋ ਲੈ ਪਹੁੰਚੇਗਾ ਹਮ ਤਹੀ ॥ ਕ੍ਰਿਪਾ ਸਿੰਧੁ ਸਤਿਗੁਰ ਹੈ ਜਹੀ ॥੭੫

ਸਭਿ ਮਿਲਿ ਨੰਦ ਸਸੀ ਕੇ ਪਾਸਾ ॥ ਬਰਨਨ ਕਰੀ ਸਹੀ ਅਰਦਾਸਾ ॥
ਤਿਨ ਭਾਖਜੋ ਬਤੀਯਾ ਸੁਨ ਭਾਈ ॥ ਕੋਨ ਬਡੀ ਇਹ ਬਾਤ ਬਤਾਈ ॥੭੬
ਨਿਸਿਦਿਨ ਮੈਂ ਅੰਬੁਜ ਪਗ ਮਾਹੀਂ ॥ ਸਦਾ ਬਿਰਾਜਤ ਸਾਂਝ ਸੁਬਾਹੀ ॥
ਆਨ ਗ੍ਰੰਥ ਜੂ ਦਿਹੁ ਮੁਝ ਪਾਹੀ ॥ ਲੈਹੋਂ ਦਸ਼ਖਤ ਪਾਇ ਉਗਾਹੀ ॥੭੭
ਦੋਹਰਾ ॥ ਸੁਨਤਿ ਬਚਨ ਤਿਨ ਤੁਰਤ ਹੀ, ਦਯੋ ਗ੍ਰੰਥ ਜੂ ਆਨ ॥
ਨਿਰਖ ਲਿਖਤ ਦੀਦਾਰ ਤਿਹ*, ਗਦਗਦ ਭਯੋ ਸੁਜਾਨ ॥੭੮

ਚੌਪਈ ॥ ਲਏ ਗ੍ਰੰਥ ਜੀ ਅੰਦਰ ਧਰਾ ॥ ਸਾਧਨ ਸਾਥ ਬਚਨ ਯੋਂ ਕਰਾ ॥
ਦੋਇ ਚਾਰ ਦਿਨ ਵੇਲਾ ਹੇਰ ॥ ਲੈਹੋਂ ਸਹੀ ਪਵਾਇਸੁ ਫੇਰ ॥ ੭੯
ਦੇ ਕਰ ਸੋ ਨਿਜ ਸਦਨ ਸਿਧਾਨੇ ॥ ਬਹੁਤੇ ਦਿਨਾ ਉਡੀਕ ਬਿਹਾਨੇ ॥
ਪੂਛਨ ਸਾਧੁ ਜੋ ਆਵੈ ਧਾਇ ॥ ਆਜ ਕਾਲ ਯੋਂ ਬਚਨ ਸੁਨਾਇ ॥੮੦
ਘਨੇ ਫਿਰੇ ਜਬ ਹੀ ਵਹ ਜਾਨ ॥ ਏਕ ਦਿਨਾ ਯੋਂ ਕਰਾ ਬਖਾਨ ॥
ਕਾਗਦ ਸਿਆਹੀ ਮੋ ਪੈ ਲੀਜੈ ॥ ਔਰ ਗ੍ਰੰਥ ਜੀ ਤੁਮ ਰਚਿ ਲੀਜੈ ॥੮੧
ਯਾਂ ਕੀ ਆਛੀ ਲਿਖਤ ਨਿਹਾਰ ॥ ਮੋਰ ਪਠਨ ਕੋ ਚਹੀਐ ਯਾਰ ॥
ਤੁਮ ਕਿਹ ਕਾਜ ਕਿਰਤਿ ਕਿਛੁ ਨਾਹੀਂ ॥ ਔ ਲਿਖ ਲੇਹੁ ਆਛ ਬਰ ਆਹੀ ॥੮੨
ਰਸਾਵਲ ਛੰਦ ॥ ਸੁਨੈ ਬੈਨ ਸਾਰੇ ॥ ਚਲੈ ਮੋਨ ਧਾਰੇ ॥

---

*ਇਹ ਬੀੜ ਇਕ ਹੀ ਕਲਮ ਦੀ ਸੰਪੂਰਣ ਲਿਖੀ ਹੋਈ ਹੈ। ਬਹੁਤੇ ਸਾਧੂ ਲਿਖਾਈ ਦੇ ਕੰਮਾ ਵਿਚ ਸਹਾਯਕ ਨਹੀਂ ਹੁੰਦੇ। ਹਾਂ! ਇਸ ਬੀੜ ਤੇ ਕਿਸੇ ਲਿਖਾਰੀ ਦਾ ਨਾਮ ਨਹੀਂ ਹੈ। ਲਿਖਤ ਬਹੁਤ ਸੁੰਦਰ ਹੈ। ਕ਼ਾਗਜ਼ ਵਧੀਆ ਤੋਂ ਵਧੀਆ ਹੈ। ਸੋਨੇ ਦੀ ਸਿਆਹੀ ਨਾਲ ਹਾਸ਼ੀਏ ਦੀ ਵਿਚਕਾਰਲੀ ਧਾਰੀ ਸਾਰੀ ਬੀੜ ਵਿਚ ਖਿਚੀ ਹੋਈ ਹੈ। ਇਕ ਬਰੀਕ ਧਾਰ ਚੂਨੀ (ਕੀਮਤੀ ਪਥਰ) ਦੀ ਸਿਆਹੀ ਦੀ ਹੈ। ਪਹਿਲਾ ਸਫਾ ਸੋਨੇ ਤੇ ਚੂਨੀ ਦੀ ਸਿਆਹੀ ਨਾਲ ਕੇਵਲ ਬੇਲ ਬੂਟੇ ਦੀ ਸਜਾਵਟ ਦਾ ਹੀ ਹੈ। ਅੱਖਰ ਬਹੁਤ ਸਾਫ, ਸੁਹਣੇ, ਗੋਲ ਤੇ ਇਕੋ ਜਹੇ ਹਨ।

ਸੰਪਾਦਿਕ—

ਭਈ ਔਰ ਔਰਾ ॥ ਕਹੈਂ ਕਾਹ ਧੋਰਾ ॥੮੩
ਹਜੂਰੰ ਸਿਧਾਈ ॥ ਪੁਕਾਰੰ ਕਰਾਈ ॥
ਸੁਦੋਹੀ ਜੁ ਦੀਨੀ ॥ ਕ੍ਰਿਪਾਸਿੰਧੁ ਚੀਨੀ ॥੮੪
ਕਹੋ ਕੌਨ ਭਾਈ ॥ ਲਵੋਂ ਸੰਧ ਜਾਈ ॥
ਤਿਨੈ ਭੇਦ ਪਾਈ ॥ ਪ੍ਰਭੂ ਤੀਰ ਗਾਈ ॥੮੫
ਸੁ ਸਾਧੰ ਉਦਾਸੀ ॥ ਮਹਾ ਮੱਤ ਰਾਸੀ ॥
ਗਿਰੰਥੰ ਲਿਖਾਏ ॥ ਸਹੀ ਕਾਜ ਲਜਾਏ ॥੮੬
ਸਬੈ ਯੋਂ ਸੁਨਾਈ ॥ ਜਿਤੀ ਹੀ ਬਿਹਾਈ ॥
ਮਹਾਰਾਜ ਗਾਈ ॥ ਦਿਵਾਵੋ ਸੁਜਾਈ ੮੭
ਗਏ ਬੀਰ ਧਾਏ ॥ ਕਹਾ ਤਾਸ ਜਾਏ ॥
ਧਕਾ ਨਾ ਸੁ ਕੀਜੈ ॥ ਇਨ੍ਹੈ ਗ੍ਰੰਥ ਦੀਜੈ ॥੮੮
ਕਹਾ ਬਾਤ ਥੋਰੀ ॥ ਇਹੈ ਸਾਧ ਧੋਰੀ ॥
ਬਡੀ ਘਾਲ ਘਾਲੀ ॥ ਲਿਖਾ ਹੈ ਅਕਾਲੀ ॥੮੯
ਗਊ ਸਾਧੁ ਆਹੀ ॥ ਧਨੀ ਲੋਗ ਨਾਹੀ ॥
ਨਹੀਂ ਫੇਰ ਕੀਜੈ ॥ ਇਨੈ ਗ੍ਰੰਥ ਦੀਜੈ ॥੯੦
ਇਮੰ ਦਾਸ ਗਾਯੋ ॥ ਨਹੀਂ ਚੀਤ ਆਯੋ ॥
ਨਹੀਂ ਮੈਂ ਸੁ ਦੇਨਾ ॥ ਕਰੈਂ ਕੋਟਕੈਂ ਨਾ ॥ ੯੧
ਜਿਤੋ ਜੋਰ ਹੋਈ ॥ ਲਵੋ ਲਾਇ ਸੋਈ ॥
ਤਿਨੈ ਜਾ ਹਜੂਰੰ ॥ ਕਹੀ ਗਾਥ ਪੂਰੰ ॥੯੨
ਤਿਨੈ ਫੇਰ ਭੇਜਾ ॥ ਪ੍ਰਭੂ ਧਾਰ ਤੇਜਾ ॥
ਨਹੀਂ ਮੂੜ ਮਾਨੀ ॥ ਅਹੰਬੁੱਧਿ ਠਾਨੀ ॥੯੩
ਪੁਨੰ ਫੇਰ ਆਏ ॥ ਪਦੰ ਕੰਜ ਪਾਏ ॥
ਸੁਨੀ ਬਾਤਿ ਸਾਰੀ ॥ ਗੁਰੂ ਜੀ ਉਚਾਰੀ ॥੯੪
ਘਨੋ ਕੋਪ ਕੀਯਾ ॥ ਅਸੰ ਭਾਖ ਦੀਯਾ ॥

ਦਿੰਨ ਤੋਰ ਨਾਸੀ ॥ ਅਏ ਤੀਰ ਭਾਸੀ ॥੯੫
ਕਹਾ ਏਕ ਬੇਰੀ ॥ ਗਛੋ ਤਜਾਗ ਦੇਰੀ ॥
ਗਏ ਫੇਰ ਧਾਈ ॥ ਕਿਤੀ ਲੈ ਸੁਨਾਈ ॥੯੬
ਕਹੀ ਜੋ ਨ ਮਾਨੋ ॥ ਪ੍ਰਭੂ ਕੋਪ ਜਾਨੋ ॥
ਅਹੀ ਬਾਤ ਥੋਰੀ ॥ ਗਈ ਮੱਤ ਤੋਰੀ ॥੯੭
ਕਰੈ ਮੂੜ ਸੋਈ ॥ ਤਿਸੈ ਨਾਸ ਹੋਈ ॥
ਕਰੈਂ ਤੂੰ ਸਰੀਕਾ ॥ ਕ੍ਰਿਪਾ ਸਿੰਧੁ ਜੀ ਕਾ ॥੯੮
ਅਗੈ ਜਯੋਂ ਮਸੰਦਾ ॥ ਭਏ ਨਾਸ਼ਵੰਦਾ ॥
ਤਿਸੰ ਤੋਰ ਹਾਲਾ ॥ ਭਯੋ ਜਾਨ ਕਾਲਾ ॥੯੯
ਕਿਤੀ-ਏ ਸੁ-ਗੱਲਾ ॥ ਦਿਹੋ ਗ੍ਰੰਥ ਭੱਲਾ ॥
ਕ੍ਰਿਪਾਨਾਥਪਾਈ ॥ ਭਯੋ ਤੂੰ ਸੁ-ਰਾਈ ॥੧੦੦

ਤੋਟਕ ਛੰਦ ॥ ਇਹ ਬਾਤਿ ਨ ਚੀਤਹਿ ਲਾਵਹਿੰਗੇ ॥
ਤਬ ਦੇਖ ਸਹੀ ਕਲ ਪਾਵਹਿੰਗੇ ॥
ਤੁਵ ਪਾਸਹੁੰ ਬਾਤਿ ਜਰੀ ਨ ਗਈ ॥
ਹਮ ਛੋਰ ਕਥਾ ਸਭਿ ਭਾ ਦਈ ।ਖ।੧੦੧
ਜਬਿ ਅੰਤ ਅਜਾ ਸੁਣਿ ਆਵਤ ਹੈ ॥
ਤਬਿ ਕੇਹਰਿ ਕੋ ਕਰ ਪਾਵਤ ਹੈ ॥
ਵਹ ਸਾਹਿਬ ਕਾਲਹ ਨਾਗ ਹਈ ॥
ਤੁਮ: ਤੀਨ ਬਿਰਾ ਨਿਜ ਨਾਹਿ ਕਈ ॥੧੦੨
ਇਹ ਭਾਂਤਿ ਕਿਧੌਂ ਸਮੁਝਾਇ ਰਹੇ ॥
ਤਿਨ ਨਾਹਿ ਕਿਧੌਂ ਬਚਨਾ ਸੁ ਗਹੇ ॥
ਮੁਖ ਬੈਨ ਬਧੀਕ ਸੁ-ਗਾਵਤ ਹੈ ॥
ਨਹਿ ਨਾਥ ਕਹਾ ਜੀਯ ਲਾਵਤ ਹੈ ॥੧੦੩

ਅੜਿੱਲ ॥ ਫਿਰ ਹਜੂਰ ਤਿਨ ਸਭ ਹੀ ਭੇਦ ਜਨਾਇਓ ॥
ਕ੍ਰਿਪਾ ਸਿੰਧੁ ਪੁਨਿ ਅਧਿਕ ਕੋਪ ਜੀਯ ਛਾਇਓ ॥
ਤਹੰ ਡੇਰਾ ਪਰ ਹੱਲਾ ਦਯੋ ਕਰਾਇ ਕੈ ॥
ਹੋ ! ਬੇਮੁਖ ਚਲਜੋ ਸੁ ਭਾਜ ਬਿਲਮ ਨਹਿ ਲਾਇ ਕੈ ॥੧੦੪
ਲੈ ਗ੍ਰੰਥਹਿੰ ਭਜ ਗਯੋ ਤਹਾਂ ਚਲਿ ਆਵਈ ॥
ਸਿਰੀ ਪੂਰੇਕਰਤਾਰ ਸੁ ਬਜੋਤਿ ਬਨਾਵ-ਈ ॥
ਧੀਰ ਮੱਲੀਏ ਸੋਢੀ, ਪਾਸ ਜੁ ਆਨਿ ਕੈ ॥
ਹੋ ! ਇਨ ਬਿਧਿ ਕੀਨੀ ਕਥਾ, ਕੋਪ ਜੀਯ ਠਾਨਿ ਕੈ ॥੧੦੫

ਚੋਪਈ ॥ ਕਣੀ ਸੰਗਤਾ ਕੋਟ ਸੁ ਜਾਨਿ ॥
ਮੈਂ ਤਵ ਚਰਨ ਝੁਕਾਵੋਂ ਆਨਿ ॥
ਤਾਂ ਕੌ ਮੈਂ ਪ੍ਰਤਾਪ ਯੋਂ ਕਰਾ ॥
ਮੇਰੇ ਗੁਰੂ ਹਾਥ ਮੈ ਭਰਾ ॥੧੦੬
ਜਾਮੇ ਕੀ ਬਾਹਰ ਮੈਂ ਝਾਰੂੰ ॥
ਤਤਛਿਨ ਗੁਰੂ ਅਨੇਕ ਨਿਕਾਰੂੰ ॥
ਵਹ ਯਾ ਬਿਧਿ ਨਿਜ ਗਯਾ ਪਲਾਈ ॥
ਇਤਿ ਕਰੁਣਾਨਿਧਿ ਯੌਂ ਫੁਰਮਾਈ ॥੧੦੭
ਮਰ ਹੈ ਬੇਮੁਖ ਤਹੰ ਠਾਂ ਜਾਈ॥
ਤਾ ਕੀ ਕਾਲ—ਦਸਾ ਨਿਜਕਾਈ ॥

ਸਾਧਨ ਔਰ ਗ੍ਰੰਥ ਜੋ ਦੀਨਾ* ॥
ਭਲੀ ਤਰਾਂ ਆਦਰ ਉਨ ਕੀਨਾ* ॥੧੦੮
ਵਹੈ ਗ੍ਰੰਥ ਉਨ ਪਢ ਹੈ ਜੋਂਦੀ* ॥
ਚੱਛੂ ਬਿਹੀਨ, ਪਲਕ ਮਹਿ ਹੋਦੀ* ॥
ਕੋਇ ਨ ਸਕਗੁ ਤਾਸ ਕਹ ਪਰਾ ॥
ਨਿਸਿਦਿਨ ਰਹਗੁ ਡਰੋਲੀ ਧਰਾ ॥੧੦੯
ਲੱਗਨ ਉਤੇ ਸੋਢੀ ਸੰਗ ਕਹੀ ॥
ਕਛੂ ਭੇਦ ਪ੍ਰਭੂ ਜੀ ! ਇਤਿ ਅਹੀ ॥
ਯਾ ਕਹ ਤੁਮ ਭਾਜਯੋ ਜਿਨਿ ਜਾਨੋ ? ॥
ਵਾਂ ਕੋ ਦਲਪਤਿ ਖਾਸ ਪਛਾਨੋ ॥੧੧੦

---

*ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕੋਲੋਂ ਜੋ ਗ੍ਰੰਥ ਸਾਹਿਬ ਦਿੱਤਾ। ਜਿਸ ਦਾ ਉਦਾਸੀ ਸਾਧੂਆਂ ਨੇ ਆਦਰ ਕੀਤਾ—ਉਹ ਇਸ ਵੇਲੇ ਕਿਥੇ ਹੈ ? ਉਹ ਸਾਧੂ ਕਿਥੋਂ ਦੇ ਨਿਵਾਸੀ ਸਨ—ਜਿਹਨਾਂ ਨੇ ਡਰੋਲੀ ਵਾਲੀ ਬੀੜ ਲਿਖੀ ਸੀ ? ਏਸ ਸਾਰੇ ਪ੍ਰਸੰਗ 'ਚੋਂ ਕੁਛ ਪਤਾ ਨਹੀਂ ਮਿਲਿਆ। 'ਚੱਛੂ ਬਿਹੀਨ ਪਲਕ ਮਹਿ ਹੋਦੀ' ਇਹ ਸ੍ਰਾਪ ਵੀ ਝੂਠਾ ਪ੍ਰਤੀਤ ਹੁੰਦਾ ਹੈ। ਬਾਣੀ ਨੂੰ ਵਰ ਸ੍ਰਾਪ ਨਹੀਂ ਲਗਦਾ। ਹਾਂ ! ਨੰਦਚੰਦ ਨੂੰ ਸ੍ਰਾਪ ਲਗ ਗਿਆ ਅਤੇ ਉਹ ਅੰਨ੍ਹਾ (ਅਗਯਾਨੀ) ਬਣ ਕੇ ਕਰਤਾਰਪੁਰ ਆ ਗਿਆ। ਮੌਤ ਨੇ ਅਣਹੋਂਦ ਨੂੰ ਹੋਂਦ ਵਿਚ ਲੈ ਆਂਦਾ। ਜਿਸ ਦੀ ਕਿ ਨੰਦਚੰਦ ਨੂੰ ਸੁਪਨੇ ਵਿਚ ਵੀ ਆਸ ਨਹੀਂ ਸੀ। ਪੁਰਾਣਾ ਖਾਨਦਾਨੀ ਮਸੰਦ ਸੀ। ਇਸ ਨੂੰ ਕਰਤਾਰਪੁਰ ਦੇ ਸੋਢੀ ਵੀ ਜਾਣਦੇ ਸਨ। ਨੰਦਚੰਦ ਲਈ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਰਖਿਲਾਫ ਕਹੇ ਹੋਏ ਵਾਕਯ ਹੀ ਸੋਢੀ ਨੂੰ ਬਦਜ਼ਨ ਕਰ ਗਏ ਹਨ। ਕਿਥੇ ਤਾਂ ਐਨਾਂ ਹਿਤੂ ? ਅਤੇ ਕਿਥੇ ਐਨੇ ਦੁਸ਼ਮਣੀ ਦੇ ਵਾਕਯ ? ਇਹ ਨੀਤਿਵਾਨ ਲਈ ਠੀਕ ਨਹੀਂ ਹੁੰਦੇ। ਪ੍ਰੰਤੂ 'ਕਾਲ ਆਪਨੋ ਨਾਮ ਛਪਾਈ ॥ ਔਰਨ ਕੇ ਸਿਰ ਦੇਤ ਬੁਰਾਈ ॥ (ਸ਼੍ਰੀ ਦਸਮ ਗੁਰੂ ਗ੍ਰੰਥ ਸਾਹਿਬ ਚੌਵੀ ਅਵਤਾਰ)

ਤੁਮਰਾ ਗਢ ਲੇਵਨ ਕੇ ਕਾਜਾ ॥
ਕਰਜੋ ਚਰਿਤ੍ਰ ਗਰੀਬ ਨਿਵਾਜ਼ਾ ॥
ਜੋ ਤਾਂ ਤੇ ਭਾਜਜੋ ਨਿਜ ਆਵਤ ॥
ਏਤੇ ਸ੍ਵਾਰ ਸਾਥ ਕਤ ਲਜਾਵਤ ? ॥੧੧੧
ਇਹ ਪ੍ਰਭੁ ਜੂ ਕਛੁ ਚਰਿਤ ਪਛਾਨਹੁ ॥
ਯਾ ਕੀ ਨਾਸ-ਬਜੋਤਿ ਜਿਯ ਠਾਨਹੁ ॥
ਅਸ ਪੁਨਿ ਸਮਯ ਹਾਥਿ ਨਹਿ ਆਈ ॥
ਤਾਂ ਕੋ ਤੁਮ ਨਿਜ ਕਰਹੁ ਉਪਾਈ ॥੧੧੨

ਦੋਹਰਾ ॥ ਜਬਿ ਏਕਲ ਚਲਿ ਆਵਦੀ, ਭੋਰ ਭਏ ਤਵ ਤੀਰ ॥
ਤਬਿ ਭੀਤਰਿ ਕੀ ਡੇਵਢੀ, ਬਹੈ ਤੁਪਕ ਲੈ ਬੀਰ ॥੧੧੩

ਚੌਪਈ ॥ ਤੁਮ ਕਹ ਮਾਰਨ ਗਢ ਇਤ ਆਜੋ ॥
ਤੁਮ ਯਾ ਹੀ ਕਹ ਮੀਤਿ ਠਹਰਾਜੋ ॥
ਸੋਢੀ ਸੁਨਿ ਬਤੀਯਾ ਡਰ ਗਯੋ ॥
ਤਾਂ ਕੋ ਨਾਸ ਐਸ ਬਿਧਿ ਕਯੋ ॥੧੧੪
ਪ੍ਰਾਤ ਭਏ ਜਬਿ ਹੀ ਵਹ ਆਯੋ ॥
ਬੀਚ ਦੁਆਰੀ ਸੀਸ ਨਿਵਾਯੋ ॥
ਜਲਜਪ੍ਰਿਸ਼ਟਣੀ ਲਗੀ ਸੁਕਾਰੀ ॥
ਲਰ ਕਰ ਮੂਓ ਬੀਰ ਬਰ ਭਾਰੀ ॥੧੧੫
ਕੇਤਕ ਘਰੀ ਡੇਵਢੀ ਮਾਹਿ ॥
ਯਾਕੀ ਲਰਯੋ ਬੀਰ ਬਰ ਆਹਿ ॥
ਊਪਰ ਉਨੈ ਛਾਤਿ ਕਹ ਪਾਰੀ ॥
ਗੋਰੀ ਅਵਰ ਅੰਗ ਮਹਿ ਮਾਰੀ ॥੧੧੬
ਗਯੋ ਜੂਝ ਜਬਹੀ ਭਟ ਜਾਨੋ ॥
ਲੈ ਕਰ ਭਾਜੇ ਲੋਥ ਜਵਾਨੋ ॥

ਕਾਲਹ ਸੰਙਾ ਹੋ ਤਹਿ ਬਾਧਾ* ॥
ਤਿਹ ਥਾਂ ਤਾ ਕੀ ਭਈ ਸਮਾਧਾ ॥੧੧੭

ਹੁਣ ਡਰ ਨਹੀਂ ਰਿਹਾ ਕਿਉਂਕਿ ਬਾਣੀ ਨੂੰ ਸਰਾਪ ਨਹੀਂ ਲਗ ਸਕਦਾ। ਸਰਾਪ ਕੇਵਲ ਨੰਦਚੰਦ ਨੂੰ ਸੀ ਤਾਂ ਇਸ ਦੀ ਖੋਜ ਦੁਬਾਰਾ ਕੀਤੀ। ਇਹ ਬੀੜ ਸ੍ਰ: ਜੰਗ ਸਿੰਘ ਸੰਘੇ ਦੇ ਘਰ ਭਾਈ ਕੀ ਡਰੋਲੀ ਜਿਲਾ ਫੀਰੋਜ਼ ਪੁਰ ਵਿਚ ਹੈ। ਇਹ ਨੰਦਚੰਦ ਦੇ ਖਾਨਦਾਨ ਵਿਚੋਂ ਹੀ ਹਨ। ਪਰ ਦੱਸ ਨਹੀਂ ਸਕਦੇ ਕਿ ਅਸੀਂ ਕਿਨਵੀਂ ਪੀੜੀ ਹਾਂ।

(੧) ਇਸ ਬੀੜ ਵਿਚ ਸੰਮਤ ਦਾ ਲੇਖ ਹੈ ਕਿ :—

ਸੰਬਤੁ ੧੭੫੫ ਵਰਖੇ ਮਿਤੀ ਭਾਦਉ ਸੁਦੀ ੫ ॥
ਸੋਮਵਾਰ ਲਿਖਿ ਪਹੁਤੇ ॥

(੨) ਇਸ ਦੀ ਨਕਲ ਅਸਲ ਤੋਂ ਪੰਜਵੀਂ ਥਾਂ ਤੇ ਆਈ ਹੈ ਜਿਸ ਦਾ ਲੇਖ ਇਹ ਹੈ :—

---

*ਬੜੀ ਹੈਰਾਨਗੀ ਦੀਆਂ ਗਲਾਂ ਵੀ ਪੁਰਾਣਿਆਂ ਇਤਿਹਾਸਾ ਚੋਂ ਸਾਮ੍ਹਣੇ ਔਂਦੀਆਂ ਹਨ। ਨੰਦਚੰਦ ਡਰੋਲੀ ਨਿਵਾਸੀ ਸੀ। ਆਨੰਦਪੁਰ ਤੋਂ ਡਰੋਲੀ ਔਣ ਦੀ ਬਜਾਇ ਕਰਤਾਰਪੁਰ ਕਿਉਂ ਚਲਿਆ ਗਿਆ? 'ਕਾਲਾ ਸੰਘਾ' ਉਸਦਾ ਬੱਧਾ ਹੋਇਆ ਆਪਣੀ ਮਾਲਕੀਯਤ ਦਾ ਪਿੰਡ ਸੀ। ਆਨੰਦ ਪੁਰੋਂ ਭਜ ਕੇ ਉਥੇ ਯਾਕੀ ਬਣ ਕੇ ਧੀਰਮਲੀਆ ਨੂੰ ਨਾਲ ਲੈ ਕੇ ਵਜੋਂਤ ਬਣੌਣ ਲਈ ਇਧਰ ਆਇਆ ਸੀ! ਸੰਙਿਆਂ ਦਾਂ ਖਾਨਦਾਨ ਹੁਣ ਵੀ ਦੱਸ ਨਹੀਂ ਸਕਿਆ ਕਿ ਨੰਦਚੰਦ ਕਰਤਾਰਪੁਰ ਕਿਉਂ ਗਿਆਂ? ਇਹ ਗੱਲ ਫਕਤ ਗੁਰੁ ਵਿਲਾਸ ਪਾ: ੧੦ 'ਚੋਂ ਮਿਲੀ ਹੈ। ਕਿ ਕਾਲਾ ਸੰਘਿਆਂ ਪਿੰਡ ਵੀ ਨੰਦਚੰਦ ਦਾ ਬੱਧਾ ਹੋਇਆ ਸੀ। ਓਸ ਦੇ ਸਾਥੀ ਸਿਪਾਹੀ ਵੀ ਏਥੋਂ ਦੇ ਹੀ ਭਰਤੀ ਕੀਤੇ ਹੋਏ ਸਨ। ਜਿਹੜੇ ਉਸ ਦੀ ਲੋਥ ਨੂੰ ਠੀਕ ਟਿਕਾਣੇ ਸਿਰ ਲਿਆਏ ਹਨ। ਨੰਦਚੰਦ ਸਮਾਧਿ ਤੇ ਹਰ ਮਸਯਾ ਨੂੰ ਮੇਲਾ ਲਗਦਾ ਹੈ ਅਤੇ ਭੂਤਾਂ ਪ੍ਰੇਤਾਂ ਦੀ ਛਾਯਾ ਵਾਲੇ ਬਹੁਤ ਲੋਕ ਔਂਦੇ ਹਨ।

ਸੰਪਾਦਿਕ

ਜਪੁ ਗੁਰੂ ਰਾਮਦਾਸ ਜੀਉ ਕੇ ਨਕਲ ਕਾ ਨਕਲੁ ਥਾ, ਤਿਸ ਕੇ ਨਕਲ ਕਾ ਨਕਲੁ ॥

(੩) ਇਸ ਬੀੜ ਵਿਚ ਗੂਜਰੀ ਮ: ੫ ਦੀ ਅਸ਼ਟਪਦੀ ਦੇ 'ਦੇਤ ਦਰਸਨ× ਪਾਠ ਦੀ ਥਾਂ 'ਦੇਵ ਦਰਸਨ' ਹੈ। 'ਨੇਤ ਦਰਸਨ' ਅਤੇ 'ਨੇਤ੍ਰ ਦਰਸਨ' ਪਾਠ ਤਾਂ ਕਾਫੀ ਬੀੜਾਂ 'ਚੋਂ ਮਿਲਦੇ ਹਨ। ਪਰ 'ਦੇਵ ਦਰਸਨ' ਏਸ ਤੋਂ ਸਿਵਾਇ ਕਿਸੇ ਬੀੜ ਚੋਂ ਨਹੀਂ ਮਿਲਿਆ। ਵੇਖੋ ਪੰਨਾ ੨੪੫ ਬੀੜ ਡਰੋਲੀ।

(੪) ਇਸ ਦੇ ਤਤਕਰੇ ਤੇ ਜੋਤੀ ਜੋਤਿ ਸਮਾਉਣ ਦੇ ਚਰਿਤ੍ਰ ਤੋਂ ਅਗੇ ਅਤੇ ਜਪੁ ਤੋਂ ਪਹਿਲੋਂ ਅੱਧਾ ਪਤ੍ਰਾ ਕੇਵਲ ਸੋਨੇ ਅਤੇ ਚੂਨੀਆਂ ਦੀ ਸਿਆਹੀ ਨਾਲ ਬੇਲ ਬੂਟੇ ਕਢ ਕੇ ਸ਼ਿੰਗਾਰਿਆ ਹੋਇਆ ਹੈ।

(੫) ਪੰਨੇ ੧ ਉਤੇ ਜਪੁਜੀ ਜੀ ਦੇ ਨਾਲ ਹੀ ਮੋਹਰ ਲਗੀ ਹੋਈ ਹੈ ਜਿਸ ਦਾ ਪਾਠ ਇਹ ਹੈ :—

"ਸ਼੍ਰੀ ਅਕਾਲ ਸਹਾਇ
ਗੁਰੂ ਗੋਬਿੰਦ ਸਿੰਘ ਕਲਗੀਵਾਲਾ।"

(੬) ਜੋਤੀ ਜੋਤਿ ਸਮਾਵਣੇ ਦੇ ਚਰਿਤ੍ਰ ਵਿਚ ਸਤਵੀਂ ਥਾਂ ਤੇ ਇਹ ਪਾਠ ਹੈ—

"ਸੰਬਤੁ" ੧੬੯੫ ਵਰਖੇ ਮਾਹ ਚੇਤ ਸੁਦੀ ॥੯
ਸ੍ਰੀ ਸਤਿਗੁਰੂ ਬਾਬਾ ਗੁਰਦਿਤਾ ਜੀ ਸਮਾਣੇ"।

ਨੋਟ—ਹੁਣਦਿਆਂ ਸਿੱਖਾਂ ਨੂੰ ਸ਼੍ਰੀ ਬਾਬਾ ਗੁਰਦਿੱਤਾ ਲਈ 'ਸਤਿਗੁਰੂ' ਲਿਖਣਾ ਬਹੁਤ ਬੁਰਾ ਲਗਦਾ ਹੈ। ਸ਼੍ਰੀਗੁਰੂ ਗੋਬਿੰਦ ਸਿੰਘ ਜੀ ਨੂੰ ਜੇ ਪ੍ਰਵਾਨ ਸੀ ਤਾਂ ਹੀ ਮੋਹਰ ਲਾਈ ਸੀ। ਪ੍ਰੰਤੂ ਹੁਣ ਸਤਿਗੁਰੂ ਬਾਬਾ ਗੁਦਿਤਾ ਜੀ ਦੇ ਜਨਮ ਅਸਥਾਨ (ਡਰੋਲੀ) ਵਿਚੋਂ ਵੀ 'ਸਤਿਗੁਰੂ' ਲੇਖ ਨਹੀਂ ਮਿਲਦਾ। ਬਲਕਿ 'ਬਾਬਾ' ਸ਼ਬਦ ਹੀ ਲਿਖਿਆ ਹੋਇਆ ਹੈ।

(੭) ਇਸ ਬੀੜ ਦੇ ਆਖਰ ਉਤੇ ਪੰਨੇ ੬੯੪ ਦੇ ਕੁਝ ਹਿੱਸੇ ਤੇ ਹੜਤਾਲ ਫੇਰੀ ਹੋਈ ਹੈ। ਜੋ ਪੜ੍ਹੀ ਨਹੀਂ ਜਾਂਦੀ। ਮਾਲੂਮ ਪੈਂਦਾ ਹੈ ਕਿ ਇਹ ਲੇਖ ਕੱਟ ਕੇ ਹੇਠਲਾ ਲੇਖ ਲਿਖਿਆ ਹੋਇਆ ਹੈ, ਜੋ ਇਸ ਤਰ੍ਹਾਂ ਹੈ :—

੧ੳ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

ਦੋਹਰਾ ॥ ਗੁਰੂ ਨਾਨਕ ਗੁਰ ਗੋਬਿੰਦ ਸਿੰਘ, ਪੂਰਨ ਗੁਰੁ ਅਵਤਾਰ ॥
ਜਗਮਗ ਜੋਤਿ ਬਿਰਾਜ ਹੀ ਸ੍ਰੀ ਅਬਿਚਲ ਨਗਰ ਅਪਾਰ ॥

ਗੁਰੂ ਗ੍ਰੰਥ ਸਾਹਿਬ ਦਸਵੇਂ ਪਾਤਸਾਹ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਿਆ ਭਾਈ ਨੰਦਚੰਦ ਜੀ ਨੂੰ ਹਜੂਰ ਨੇ ਪਾਉਂਟੇ ਸਾਹਿਬ ਜਿਤ ਸਮੇ ਜੁਧ ਹੋਇਆ ਸੀ ਸਾਹਿਬ ਨਾਲ ਪਹਾੜੀਆਂ ਨਾਲ ਤਾਂ ਗ੍ਰੰਥ ਸਾਹਿਬ ਗੁਰੂ ਜੀ ਨੇ ਜਮਨਾ ਨੂੰ ਸੌਂਪ ਦਿਤਾ ਸੀ। ਨਉ ਦਿਨ ੯ ਤੇ ਨਉ ਘੜੀਆਂ ੯ ਜਮਨਾ ਵਿਚ ਰਹਿਆ ਸੀ। ਫੇਰਿ ਗ੍ਰੰਥ ਸਾਹਿਬ ਜਮਨਾ ਪਾਸੋਂ ਲੈ ਕੇ ਗੁਰੂ ਕਿਆ ਨੇ ਭਾਈ ਨੰਦਚੰਦ ਨੂੰ ਬਖਸ਼ਿਆ ਸੀ, ਏਹ ਗ੍ਰੰਥ ਸਾਹਿਬ ਜੀ ਓਹੁ ਹੈ।

ਨੋਟ—'ਨੰਦਚੰਦ' ਪਾਠ ਦੋਹੀ ਥਾਈ ਤ੍ਰਿਸੇ ਪਾਠ ਤੇ ਹੜਤਾਲ ਫੇਰ ਕੇ ਲਿਖਿਆ ਹੋਇਆ ਹੈ। ਜਿਸ ਤੋਂ ਸ਼ੱਕ ਹੈ ਕਿ ਅਸਲ ਬਖਸ਼ਸ਼ ਦਾ ਪਾਤ੍ਰ ਕੋਈ ਹੋਰ ਹੈ।

ਜੋ 'ਗੁਰੁ ਗ੍ਰੰਥ ਸਾਹਿਬ' ਪਦ ਲਿਖਿਆ ਹੋਇਆ ਹੈ। ਇਹ ਸੰਮਤ ੧੭੪੮ ਵਿਚ ਨਹੀਂ ਵਰਤਿਆ ਜਾਂਦਾ ਸੀ, ਇਸ ਤੋਂ ਵੀ ਇਹ ਨੋਟ ਕਿਸੇ ਸੰਘੇ ਦਾ ਲਿਖਿਆ ਪ੍ਰਤੀਤ ਹੁੰਦਾ ਹੈ। ਇਸ ਦੇ ਅਖਰ ਬੀੜ ਦੇ ਅਖਰਾਂ ਨਾਲ ਮੇਲਣ ਦੀ ਬਹੁਤ ਕੋਸ਼ਸ਼ ਕੀਤੀ ਹੋਈ ਹੈ। ਪਰ ਤਾਂ ਵੀ ਅਡਰਾ ਮਾਲੂਮ ਪੈ ਜਾਂਦਾ ਹੈ, ਕਿ ਇਹ ਕਿਸੇ ਪਿਛੋਂ ਹੋਰ ਲਿਖਾਰੀ ਦਾ ਲਿਖਿਆ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਂਉਂਟੇ ਵਿਚ ਸੰਮਤ ੧੭੪੮ ਤੱਕ ਹੀ ਰਹੇ ਹਨ। ਜਦੋਂ ਅਜੇ ਬੀੜ ਲਿਖੀ ਵੀ ਨਹੀਂ ਗਈ ਸੀ। ਕਿਉ ਕਿ ਬੀੜ ਦੇ ਲਿਖਣ ਦਾ ਸੰਮਤ ੧੭੫੫ ਹੈ। ਏਸ ਤੋਂ ਜਮਨਾ ਵਿਚ ਰੱਖਣਾ ਅਤੇ ਬਖਸ਼ਸ਼ ਦੇ ਪ੍ਰਸੰਗ ਝੂਠੇ ਹੋ ਜਾਂਦੇ ਹਨ। ਜਿਸ ਉਤੇ ਹੜਤਾਲ ਫੇਰੀ ਹੋਈ ਹੈ ਅਸਲ ਲੇਖ ਉਹ ਹੈ। ਓਸ ਦੀ ਥਾਂ ਇਹ ਕਿਸੇ ਸੰਘੇ ਦਾ ਲਿਖਿਆ ਹੋਇਆ ਨੋਟ ਹੈ, ਤਾਕਿ ਲੋਕ ਸੰਘਿਆਂ ਨੂੰ

'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਭੱਜੇ ਹੋਏ ਮਸੰਦ ਦਾ ਵੰਸ਼' ਕਹਿਕੇ ਨਿਰਾਦਰ ਦੀ ਨਿਗ੍ਹਾ ਨਾਲ ਨਾ ਵੇਖਣ ।

(੮) ਇਸ ਬੀੜ ਚੋਂ ਇਕ ਪਾਠ ਉਹ ਮਿਲਿਆ ਹੈ। ਜਿਹੜਾ ਕਿ ਮੈਨੂੰ ਸੰਸਾਰ ਦੀ ਕਿਸੇ ਹੋਰ ਬੀੜ 'ਚੋਂ ਨਹੀਂ ਮਿਲਿਆ। ਪ੍ਰੈਸ ਦੀਆਂ ਬੀੜਾਂ ਵਿਚ ਵਾਰਾਂ ਤੋਂ ਵਧੀਕ ਸ਼ਲੋਕ ਮ: ੧' ਦਾ ਬਾਰ੍ਹਵਾਂ ਸਲੋਕ ॥ "ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ" ਹੀ ਹੈ, ਪਰ ਏਸ ਬੀੜ ਵਿਚ ਇਸ ਦੇ ਨਾਲ ਦੀ ਤੁਕ "ਨਾਨਕ ਨਦਰਿ ਪਛਾਣੀਐ ਗੁਰ ਕੈ ਸਬਦ ਵੀਚਾਰ" ਹੈ। ਵੇਖੋ ਪੰਨਾ ੬੭੦ ਜਿਸ ਤੋਂ ਸ਼ਲੋਕ ਪੂਰਾ ਹੋ ਗਿਆ ਹੈ। ਮੇਰੀ ਸਾਰੀ ਉਮਰ ਦੀ ਘਾਲ ੧੮-੩-੬੯ ਨੂੰ ਸਫਲ ਹੋਈ ਹੈ। ਕਿਉਂਕਿ ਮੈਂ ਕਹਿੰਦਾ ਸਾਂ ਕਿ ਇਸ ਸਲੋਕ ਦੀ ਇਕ ਤੁਕ ਲਿਖਾਰੀ ਤੋਂ ਛੁੱਟੀ ਹੋਈ ਹੈ। ਪਰ ਕਈ ਤਾਂ ਸੁਣਦਿਆਂ ਹੀ ਅਗ ਭਬੂਲੇ ਹੋ ਕੇ ਮੈਨੂੰ ਮਾਰਨ ਲਈ ਤਿਆਰ ਹੋ ਜਾਂਦੇ ਸਨ। ਕਈ ਮੈਨੂੰ ਆਪਣੀਆਂ ਥਾਵਾਂ ਚੋਂ ਕਢ ਦੇਂਦੇ ਸਨ। ਏਥੇ ਕਪੂਰਥਲੇ ਵਿਚ ਇਕ ਮੇਰਾ ਵਿਦਿਆਰਥੀ ਸੰਤ ਪ੍ਰੇਮ ਸਿੰਘ ਨਿਰਮਲਾ ਸਾਧੂ ਸੀ। ਜਦੋਂ ਮੇਰੀ ਇਸ ਸਲੋਕ ਬਾਰੇ ਓਸ ਨਾਲ ਗਲ ਬਾਤ ਹੋਈ ਤਾਂ ਓਹ ਡਾਂਗ ਲੈ ਕੇ ਮੇਰੇ ਉਤੇ ਵਾਰ ਕਰਨ ਨੂੰ ਤਿਆਰ ਹੋ ਗਿਆ। ਜਦੋਂ ਮੈਂ ਵੀ ਡਾਂਗ ਫੜ ਲਈ ਤੇ ਨਾਲ ਹੀ ਦੋ ਚਾਰ ਗਾਲਾਂ ਵੀ ਕਢੀਆਂ ਤਾਂ ਠੰਢਾ ਹੋਇਆ। ਏਸ ਬੀੜ ਤੋਂ ਸਿਵਾਇ ਮੈਂ ਸਾਰੀ ਉਮਰ ਕਿਸੇ ਬੀੜ ਵਿਚ ਸਲੋਕ ਪੂਰਾ ਨਹੀਂ ਵੇਖਿਆ। ਕੁਠਾਲੇ (ਮਲੇਰ ਕੋਟਲੇ) ਵਾਲੀ ਬੀੜ ਵਿਚ ਏਥੇ ਡੇਢ ਸਤਰ ਸਫੈਦਾ ਹੈ। ਜਿੰਨਾਂ ਬੀੜਾਂ ਦੇ ਪਾਠ ਹੀ ਖੰਡਿਤ ਹਨ, ਓਨਾਂ ਤੇ ਅਖੰਡ ਪਾਠ ਕਿਵੇਂ ਹੋ ਸਕਦੇ ਹਨ ? ਕੋਈ ਉੱਤਰ ਲਿਖੇ।

ਏਥੇ ਇਹ ਵਸਤੂਆਂ ਵੀ ਗੁਰੂ ਜੀ ਦੀ ਯਾਦਗਾਰ ਨਾਲ ਸੰਬੰਧ ਰਖਣ ਵਾਲੀਆਂ ਮੌਜੂਦ ਹਨ।

(੧) ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਪੱਗ ੧
(੨) ,, ,, ,, ,, ,, ,, ਦਾ ਕੱਛਾ ੧
(੩) ,, ,, ,, ,, ,, ,, ਚੋਲਾ ੧
(੪) ,, ,, ,, ,, ,, ,, ਸਿਮਰਨਾ ੧

(ਜਿਸ ਦੇ ੮ ਮਣਕੇ ਅਤੇ ੯ ਵਾਂ ਜਾਂਮਨ ਹੈ)

(੫) ਮਾਤਾ ਦਾਮੋਦਰੀ ਜੀ ਦਾਂ ਸਲਾਰਾ ੧

(੬) ਹੁਕਮ ਨਾਮੇ ੩

(੭) ਸ੍ਰੀ ਗੁਰੂ ਨਾਨਕ ਜੀ ਮੁਸਲਮਾਨ ਲਿਬਾਸ ਦੀ ਮੂਰਤਿ ੧

(੮) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਘੋੜ ਸਵਾਰ ਚਿੱਟੇ ਬਾਜ਼ ਸਮੇਤ ਮੂਰਤਿ ੧

(੯) ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਸਮਯ ਦੀਆਂ ਇਹ ਵਸਤੂਆਂ ਸੰਦੂਕ ੧, ਲੋਹ ੧, ਤੇ ਛਤੀਰ ੧, ਹੋਰ ਵੀ ਹਨ।

ਬੀੜ ਨੰ ੧੪

ਇਹ ਬੀੜ ਪਟਣੇ ਹਰਿਮੰਦਿਰ ਜੀ ਵਿਚ ਵਿਰਾਜਮਾਨ ਹੈ। ਜ਼ਯਾਦਾ ਖੋਜ ਦਾ ਸਮਯ ਨਹੀਂ ਮਿਲ ਸਕਿਆ। ਦਸਤਖਤ ਵਾਲਾ ਪੰਨਾ ਚਸਪਾਂ ਕੀਤਾ ਹੋਯਾ ਹੈ। ਨਕਲ ਭਾਈ ਬੰਨੋ ਜੀ ਦੀ ਹੈ।

ਬੀੜ ਨੰ: ੧੫

ਇਹ ਬੀੜ ਸੰਮਤ ੧੭੭੦ ਦੀ ਲਿਖੀ ਹੋਈ ਹੈ। ਇਸ ਵਿਚੋਂ ਬਹੁਤ ਬਚਿਤ੍ਰ ਵਸਤੂਆਂ ਮਿਲਦੀਆਂ ਹਨ। ਪਾਠ ਬਹੁਤੇ ਸ਼ੁੱਧ ਇਸੇ ਚੋਂ ਹੀ ਮਿਲਦੇ ਹਨ। ਸਿਖ ਇਤਿਹਾਸਿਕਾਂ ਨੇ ਇਸ ਦੇ ਲਿਖਣ ਤੋਂ ਹੀ "ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕੱਟੇ ਜਾਣ ਦਾ ਸਰਾਪ" ਲਿਖਿਆ ਹੈ ਪ੍ਰੰਤੂ ਇਹ ਇਤਿਹਾਸ ਕੱਚਾ ਹੈ-ਠੀਕ ਨਹੀਂ। ਕਿਉਂਕਿ ਇਸ ਦੀਆਂ ਹਿੱਸੇਵਾਰ ਨਕਲਾਂ ਕਾਫੀ ਮਿਲਦੀਆਂ ਹਨ। ਜੇ ਉਪਰੋਕਤ ਇਤਿਹਾਸਿਕ ਪ੍ਰਸੰਗ ਠੀਕ ਹੁੰਦਾ ਤਾਂ ਹੋਰ ਲਿਖਾਰੀ ਨਕਲਾਂ ਨਾਂ ਕਰਦੇ।

ਇਸ ਬੀੜ ਨੂੰ ਵੇਖਣ ਨਾਲ ਬਹੁਤ ਸਾਰੇ ਪਾਖੰਡੀਆਂ ਦੇ ਪ੍ਰਸਿੱਧ ਹੋਣ ਦੇ ਯਤਨ ਸਮਾਪਤ ਹੋ ਜਾਂਦੇ ਹਨ—ਕਿਉਂਕਿ ਉਨਾਂ ਦਾ ਝੂਠ ਸਾਮਣੇ ਆ ਜਾਂਦਾ ਹੈ। ਜਿਸ ਗਲ ਨੂੰ ਭਾਈ ਮਨੀ ਸਿੰਘ ਨਹੀਂ ਮੰਨਦਾ। ਉਸ ਨੂੰ ਉਸ ਦੇ ਹੀ ਨਾਮ ਨਾਲ ਜੋੜਨ,ਾ ਇਹ ਕਿਡੀ ਆਸ਼ਚਰਯ ਗੱਲ ਹੈ ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋ ਪੰਥਾਂ ਦੇ ਵਿਰੋਧੀ ਸਨ, ਉਹ ਪੰਥ ਰਚਤ ਬਣ ਗਏ ?

ਗਜਾਨੀਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਕਥਾ ਵਾਚਿਕ ਬਣਾ ਲਿਆ ਹੈ, ਬੇਸ਼ਕ ! ਆਪ ਪਰਮ ਵਿਦ੍ਵਾਨ ਸਨ ਪ੍ਰੰਤੂ ਜਿਹੋ ਜਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਅਜ ਕਲ ਹੁੰਦੀ ਹੈ—ਉਹੋ ਜਹੀ ਕਥਾ ਦੇ ਵਾਚਿਕ ਸ੍ਰੀ ਗੁਰੂ ਜੀ ਨਹੀਂ ਸਨ ਅਤੇ ਨਾਂ ਹੀ ਭਾਈ ਮਨੀ ਸਿੰਘ ਜੀ ਸਨ। ਇਹ ਉਨਾਂ ਦਿਆਂ ਨਾਮਾਂ ਨਾਲ ਆਪ ਅਗੇ ਵਧਣ ਵਾਲਿਆਂ ਦੀਆਂ ਕਲਪਨਾ ਹਨ। "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਰਤਾਰਪੁਰ 'ਚੋਂ ਧੀਰਮਲੀਏ ਸੋਢੀ ਨੇ ਬੀੜ ਨਾਂ ਦਿਤੀ ਅਤੇ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਅਰਜੁਨ ਦੇਵ ਜੀ ਵਾਂਗੂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਬੀੜ ਲਿਖਵਾਈ ?" ਇਹ ਸਾਰੇ ਸਵਾਲ ਇਸ ਬੀੜ ਦੀ ਗਹਿਰੀ ਖੋਜ ਤੋਂ ਹੱਲ ਹੋ ਜਾਂਦੇ ਹਨ। ਇਸ ਬੀੜ ਦੀਆਂ ਨਕਲਾਂ ਕਰਨ ਵਾਲਿਆਂ ਨੇ ਇਸ ਸੈਲੀ ਨੂੰ ਕਿਵੇਂ ਅਪਨੌਣ ਦੀ ਕੋਸ਼ਿਸ਼ ਕੀਤੀ ? ਇਹ ਵੀ ਬਚਿਤ੍ਰ ਸਮਸਜਾ ਹੈ।

ਇਹ ਬੀੜ ਇਸ ਵੇਲੇ ਰਾਜਾ ਗੁਲਾਬ ਸਿੰਘ ਜੀ ਸੇਠੀ (ਹਨੂਮਾਨ ਰੋਡ ਦਿਲੀ) ਦੇ ਪਾਸ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਲੋਕ ਗਮਨ ਤੋਂ ਪੰਜ ਸਾਲ ਬਾਦ ਇਹ ਲਿਖੀ ਜਾ ਚੁਕੀ ਸੀ। ਇਸ ਬੀੜ ਵਿਚ ਬੜੀ ਮਿਹਨਤ ਕੀਤੀ ਦਾ ਵੀ ਜ਼ਿਕਰ ਲਿਖਜਾ ਹੋਯਾ ਹੈ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰਿਆਂ ਰਾਗਾਂ ਦੀ ਬਾਣੀ ਇਕੋ ਥਾਂ ਕੀਤੀ ਹੋਈ ਹੈ। ਫਿਰ ਯਥਾਕ੍ਰਮ ਨਾਲ ਸ੍ਰੀ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜੁਨ ਦੇਵ, ਗੁਰੂ ਤੇਗਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਲਿਖੀ ਹੋਈ ਹੈ। ਇਸ ਤੋਂ ਅੱਗੇ ਸ੍ਰੀ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ ਆਦਿ ਸਭ ਭਗਤਾਂ ਦੀ ਬਾਣੀ ਸਾਰਿਆਂ ਹੀ ਰਾਗਾਂ ਵਿਚੋਂ ਇਕੋ ਇਕ ਥਾਂ ਲਿਖੀ ਹੋਈ ਹੈ। ਗੁਰੂ ਪੰਜਵੇਂ ਜੀ ਦੇ ਸਵੱਯੇ ਉਨਾਂ ਦੀ ਬਾਣੀ ਵਿਚ ਨਾਲ ਹੀ ਲਿਖੇ ਹੋਏ ਹਨ ਅਤੇ ਭੱਟਾਂ ਦੀ ਰਚਨਾ ਵੀ ਇਕ ਇਕ ਕਰ ਕੇ ਅੱਡੋ ਅੱਡ ਲਿਖੀ ਹੋਈ ਹੈ ਅੰਤ ਵਿਚ ਫਾਰਸੀ (ਅਖਰਾਂ) ਵਿਚ ਹੀ ਜ਼ਫ਼ਰਨਾਮਹ ਲਿਖਿਆ ਹੋਯਾ ਹੈ। ਜੋ ਪੂਰਾ ਨਹੀਂ ਹੈ।

ਇਸ ਬੀੜ ਦੇ ਮੰਗਲਾਂ ਵਿਚ '੧ਓ ਸ੍ਰੀ ਸਤਿਗੁਰ ਪ੍ਰਸਾਦਿ' ਤਾਂ ਕਈ ਥਾਈਂ ਹੀ ਲਿਖਜਾ ਹੋਯਾ ਹੈ। ਇਸ ਵਿਚ 'ਮਹਲਾ ੧' ਆਦਿ ਸਿਰਲੇਖਾਂ ਦੀ ਥਾਂ

'ਪਾਤਸ਼ਾਹੀ ੧' ਆਦਿ ਸਿਰਲੇਖ ਹਨ। ਹਾਸ਼ੀਆ ਸਾਰੀ ਬੀੜ ਦਾ ਨਵਾਂ ਲਾਇਆ ਹੋਯਾ ਹੈ। ਕਈ ਲਿਖਾਰੀਆਂ ਦੇ ਹੱਥੀਂ ਬੀੜ ਲਿਖੀ ਹੋਈ ਹੈ। "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਂਣੀ ਭਾਈ ਬੰਨੋ ਵਾਲੀ ਬੀੜ ਦੀ ਹੀ ਨਕਲ ਹੈ"। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਂਣੀ ਵਿਚ ਵੀ ਮੌਜੂਦਾ ਪ੍ਰੈਸ ਤੇ ਲਿਖਤ ਦੀਆਂ ਬੀੜਾਂ ਨਾਲੋਂ ਕਾਫੀ ਫਰਕ ਹੈ। ਖਾਸ ਕਰ ਕੇ 'ਚੰਡੀ ਦੀ ਵਾਰ' ਏਸ ਬੀੜ 'ਚੋਂ ਬਹੁਤ ਵੇਖਣ ਯੋਗਜ ਹੈ। ਇਜ ਦੀ ਗਿਣਤੀ ਦੀ ਜੁਮਲਾ ਜਮਾਬੰਦੀ—ਹਰੇਕ ਸਤਿਗੁਰੂ, ਭਗਤ ਤੇ ਭਟ ਆਦਿ ਦੀ ਅਲਹਿਦਾ ਅਲਹਿਦਾ ਹੈ। ਇਸ ਵਿਚ ੮ ਪਤ੍ਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਸਤ—ਕਮਲ ਦੇ ਲਿਖੇ ਮੰਨੇ ਹੋਏ ਹਨ। ਜੋ ਸਿਕਸਤਾ ਗੁਰਮੁਖੀ ਵਿਚ ਹਨ। ਉਨਾਂ ਦਾ ਸਾਫ ਅਖਰਾਂ ਵਿਚ ਉਤਾਰਾ ਕਰ ਕੇ ਵੀ ਬੀੜ ਵਿਚ ਲਾਇਆ ਹੋਯਾ ਹੈ। ਜਿਨਾ ਉਪਰ 'ਉਤਾਰਾ ਖਾਸ ਦਸਤਖਤ ਕਾ' ਨੋਟ ਵੀ ਕੀਤਾ ਹੋਯਾ ਹੈ। ਬੀੜ ਦੀ ਬਾਣੀ ਦੀ ਤਫਸੀਲ ਇਸ ਤਰਾਂ ਲਿਖੀ ਹੋਈ ਹੈ:—

ੴ ਜੋੜ ਕੁਲ ਬਾਣੀ ਗ੍ਰਿੰਥ ਜੀ ਕੀ ਕਾ ਪਾਤਸਾਹੀ ੯ ਨਾਵੀਂ ਤਕ ਚਉਪਦੇ ੩੦੧੯) ਅਸਟਪਦੀਆਂ ੨੮੬) ਛਿੰਜ ੧)* ਗੁਣਵੰਤੀ, ਕੁਚਜੀ, ਸੁਚਜੀ ੩) ਥਿਤੀ ੨) ਦਿਨ ਰੈਨ ੧) ਰੁਤੀ ੧) ਸੋਪੁਰਖ ੧) ਵਣਜਾਰਾ ੧) ਕਰਹਲੇ ੨) ਪਟੀਆਂ ੨) ਸੋਦਰੁ ੧) ਸ਼ਬਦ ੨) ਅਲਾਹਣੀਆ ੯) ਬਾਰਹਮਾਹੇ ੨) ਸੋਹਲੇ ੬੨) ਪਹਿਰੇ ਤਥਾ ਛੰਦ ੧੪੩) ਬਾਵਨ ਅਖਰੀ ੧) ਸੁਖਮਨੀ ੧) ਵਾਰ ਸਤ ੨) ਅਨੰਦੁ ੧) ਓਅੰਕਾਰ ੧) ਸਿਧ ਗੋਸਟ ੧) ਵਾਰ ਸਲੋਕਾਂ ਨਾਲ ੨੧) ਰਤਨਮਾਲਾ ੧) ਸਲੋਕ ਸਹਸ੍ਰ ਕ੍ਰਿਤੀ ੭੧) ਗਾਥਾ ੨੪) ਫੁਨਹੇ ੨੩) ਚਉਬੋਲੇ ੧੧) ਸਵੈਯੇ ੨੦) ਸਲੋਕ ਵਾਰਾਂ ਤੇ ਵਧੀਕ ਤਥਾ ਮੁਦਾਵਣੀ ਤਥਾ ਬਾਦਿ ਆਤਸ਼ ਕੇ ਤਥਾ ਨਾਵੀਂ ਪਾਤਸਾਹੀ ਕੇ ੨੩੨) ਕੁਲ ਕਾ ਜੁਮਲਾ ੩੦੩੮) ਤਿਨ ਹਜਾਰ ਅਠਤੀਹ ੩੦੩੮) (ਵੇਖੋ ਪੰਨਾ ੫੨੮)।

---

* ਸ੍ਰੀ ਰਾਗੁ ਮ: ੧ ਅਤੇ ਸ੍ਰੀ ਰਾਗੁ ਮ: ੫ ਛਿੰਜ ਦੇ ਦ ਸ਼ਬਦ ਹਨ। ਇਕ ਲਿਖਣਾ ਭਾਈ ਮਨੀ ਸਿੰਘ ਜੀ ਦੀ ਭੁੱਲ ਹੈ। ਇਸ ਨਾਲ ਜੁਮਲਾ ਗਿਣਤੀ ੩੦੩੯ ਹੋ ਜਾਂਦੀ ਹੈ।

ਪੰਨੇ ੧੦੨੯ ਤੋਂ ਭਗਤ ਬਾਣੀ ਸ਼ੁਰੂ ਕੀਤੀ ਹੋਈ ਹੈ
ਕਬੀਰ ਜੀ ਦੇ ਕੁਲ ਸਲੋਕ ਤੇ ਸ਼ਬਦ ੪੭੩
ਨਾਮਦੇਵ ਜੀ ਦੇ ਸ਼ਬਦ ੬੨
ਰਵਿਦਾਸ ੪੦
ਰਾਮਾਨੰਦ ੧
ਜੈਦੇਵ ੨

ਤ੍ਰਿਲੋਚਨ ੪
ਧੰਨਾ ੪
ਸੈਣ ੧
ਪੀਪਾ ੧
ਭੀਖਨ ੨
ਸਧਨਾ ੧
ਪਰਮਾਨੰਦ ੧
ਸੂਰਦਾਸ, ੧ ਤੁਕ ਤੇ ਸ਼ਬਦ ੧
ਮੀਰਾਂ ਬਾਈ ੧
ਬੇਣੀ ੩
ਫ਼ਰੀਦ ਸਬਦ ੪, ਸਲੋਕ ੧੩੦ ਜੋੜ ੧੩੪
ਸੱਤਾ ਬਲਵੰਡ ਵਾਰ ੧
ਸੁੰਦਰ ਸੱਦ ੧

ਪਨੇ ੧੦੭੯ ਤੋਂ ਭੱਟਾਂ ਦੇ ਸਵੱਯੇ ਸ਼ੁਰੂ ਹੁੰਦੇ ਹਨ। ਭਾਈ ਮਨੀ ਸਿੰਘ ਜੀ 'ਭੱਟ' ਸਿਰਲੇਖ ਕਿਸੇ ਨਾਲ ਵੀ ਨਹੀਂ ਵਰਤਦੇ ਬਲਕਿ ਇਨਾਂ ਨੂੰ 'ਕਵੀਸ਼ਰ' ਸੰਗਜਾ ਦੇਂਦੇ ਹਨ ਅਤੇ ਪਾਠ ਇਓਂ ਹੈ :—

ੴ ਸਤਿਗੁਰ ਪ੍ਰਸਾਦਿ ॥ ਸਵੈਯੇ ਕਲ ਕਬੀਸਰ ਕਹੇ ॥
ਪਾਤਸ਼ਾਹੀ ਪਹਲੀ ਕੇ ੧ ॥ ਇਕ ਮਨਿ ਪੁਰਖੁ × × ×
ਦੂਜੀ ਪਾਤਸਾਹੀ ਦੇ ਸਵੱਯਾਂ ਦੇ ਦਸਵੇਂ ਛੰਦ ਦੀਆਂ ਤੁਕਾਂ ਦਾ

ਪਾਠ ਸ਼ੁੱਧ ਹੈ, ਜੋ ਇਓਂ ਹੈ :—

ਸੁਕਹੁ ਕਲ ਗੁਰ ਸੇਵੀਐ ਅਹਿਨਿਸਿ ਸਹਿਜ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖ ਜਾਇ ॥(ਵੇਖੋ ਪੰਨਾ ੧੦੮੦)

ਭਾਈ ਮਨੀ ਸਿੰਘ ਜੀ ਦੀ ਬੀੜ ਵਿਚ 'ਕਲ' ਦੇ ਕੁਲ ਛੰਦ ੫੩ ਮੰਨੇ ਹੋਏ ਹਨ। ਜਿਨਾਂ ਦਾ ਹਿਸਾਬ ਉਨਾਂ ਦੇ ਅਨੁਸਾਰ ਇਓਂ ਹੈ। ਪਾਤਸ਼ਾਹੀ ੧ ਦੇ ੯, ਪਾਤਸਾਹੀ ੨ ਦੇ ੧੦, ਪਾਤਸ਼ਾਹੀ ੩ ਦੇ ੯, ਪਾਤ-ਸਾਹੀ ੪ ਦੇ ੧੩. ਪਾਤਸਾਹੀ ੫ ਦੇ ੧੨ ॥ ਇਹ ਸਾਰੀ ਗਿਣਤੀ ੫੩ ਹੁੰਦੀ ਹੈ। ਇਸ ਬੀੜ ਵਿਚ ਪਹਿਲੀ ਚੌਪਈ ਦਾ ਅੰਕ '੧' ਗਿਣਤੀ ਵਿਚ ਨਹੀਂ ਲਿਖਿਆ ਹੋਯਾ, ਜਿਸ ਤੋਂ ਗਿਣਤੀ ੯ ਕੀਤੀ ਗਈ ਹੈ। ਪ੍ਰੈਸ ਤੇ ਕਰਤਾਰਪੁਰ ਆਦਿ ਬੀੜਾਂ ਵਿਚ ਪਹਿਲੀ ਚੌਪਈ ਦੇ '੧' ਅੰਕ ਨੂੰ ਵੀ ਗਿਣਿਆ ਹੋਯਾ ਹੈ। ਜਿਸ ਤੋਂ ਗਿਣਤੀ ੫੪ ਹੀ ਠੀਕ ਹੁੰਦੀ ਹੈ, ਇਹ ਲਿਖਾਰੀ ਦੀ ਭੁੱਲ ਹੈ!

੨. 'ਸਵੈਯੇ ਜਾਲਪ ਕਬੀਸਰ ਕਹੇ' ਛੰਦ ੫
੩. 'ਸਵੱਯੇ ਕੀਰਤ ਆਖੇ 'ਪਾ; ੩ ਦੇ ੪ ਤੇ ਪਾ: ੪ ਦੇ ੪ ਸਾਰੇ ੮
੪. 'ਸਵੈਯੇ ਭਿਖੇ ਕੇ' ੨
੫. (ਸਵੈਯੇ) 'ਸਲਜੁ ਕਬੀਸਰ ਆਖੇ ਪ: ੩ ਦਾ ੧ ਪਾ: ੪ ਦੇ ੨ ਕੁਲ ੩
੬. 'ਸਵੈਯੇ ਬਲ੍ ਆਖੇ।' ਪਾ: ੪ ਦੇ ਸਾਰੇ ੫
੭. 'ਸਵੈਯਾ ਭੁਲ੍ ਕਹਿਆ' ਪਾ: ੩ ਦਾ ਕੁਲ ੧
੮. 'ਸਵੈਯੇ ਨਲਜ ਆਖੇ' ਪਾ; ੪ ਦੇ ਕੁਲ ੪
੯. (ਸਵੈਯੇ) 'ਦਾਸ ਕਬੀਸਰ ਆਖੇ' ਪਾ: ੪ ਦੇ ਕੁੱਲ ੧੨

ਨੋਟ—ਭਾਈ ਜੀ ਨੇ 'ਨਲਜ' ਤੇ 'ਦਾਸ' ਦੋ ਕਵੀ ਮੰਨ ਲਏ ਹਨ ਪ੍ਰੰਤੂ "ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ ਕਹਿ, "ਵਾਲੀ ਤੁੱਕ ਤੇ ਵਿਚਾਰ ਨਹੀਂ ਕੀਤੀ 'ਦਾਸ' ਨਿੰਮ੍ਰਤਾ ਬੋਧਿਕ ਸ਼ਬਦ ਬਹੁਤ ਵਾਰੀ ਔਣ ਕਰ ਕੇ ਨਾਮ ਮੰਨ ਲਿਆ ਹੈ। 'ਰਡ' ਛੰਦ ਦੀ ਵਜ੍ਹਾ ਨਾਲ ਗਿਣਤੀ ਦਾ ਅੰਕ ਦੋਹਰਾ ਸੀ। ਜਿਸ ਤੋਂ ਭਾਈ ਮਨੀ ਸਿੰਘ ਜੀ ਨੂੰ ਭ੍ਰਮ ਪੈ ਗਿਆ ਹੈ। ਅੰਕਾਂ ਦੀ ਵਡੀ ਗਿਣਤੀ ੧੬ ਤਕ ਜਿਉਂ

ਕੀ ਤਿਉਂ ਚਲ ਰਹੀ ਹੈ—ਇਸ ਤੋਂ ਇਹ ੧੬ ਹੀ ਛੰਦ 'ਨਲ੍ਯ' ਜੀ ਦੇ ਹਨ ! 'ਦਾਸ' ਭੀ 'ਨਲ੍ਯ' ਦਾ ਹੀ ਦੂਜਾ ਨਾਮ ਹੈ ।

੧੦. '੧ਓਸਤਿਗੁਰ ਪ੍ਰਸਾਦਿ ॥ ਸਿਰੀ ਗੁਰੂ ਸਾਹਿਬੁ × × ×' (ਵੇਖੋ ਪੰਨਾ ੧੦੮੫) ਏਥੇ ਭਾਈ ਮਨੀ ਸਿੰਘ ਜੀ ਨੇ ਕਿਸੇ ਵੀ ਕਵੀਸ਼ਰ ਦਾ ਨਾਮ ਨਹੀਂ ਲਿਖਯਾ, ਕਿਉਂਕਿ ਬਾਣੀ ਦੇ ਵਿਚੋਂ ਨਾਮ ਦਾ ਪੂਰਾ ਨਿਸ਼ਚਯ ਨਹੀਂ ਹੋ ਰਿਹਾ ਪਰ ਮੰਗਲ ਲਿਖ ਕੇ ਭਿੰਨਤਾ ਦੇਣ ਦਾ ਕਾਰਣ ਤਾ ਕਵਿ ਦੇ ਬਦਲਣ ਤੋਂ ਸਿਵਾਇ ਹੋਰ ਕੁਝ ਨਹੀਂ ।

ਇਸ ਵਿਚ ਨਿਰਵਿਵਾਦਤਾ ਅਜੇ ਵੀ ਨਹੀਂ ਹੋਈ, ਸ਼੍ਰੀਮਾਨ ਸ. ਸਾਹਿਬ ਸਿੰਘ ਜੀ ਪ੍ਰਿੰਸੀਪਲ ਸਿਖ ਸ਼ਹੀਦ ਮਿਸ਼ਨਰੀ ਕਾਲਜ (ਅੰਮ੍ਰਿਤਸਰ) 'ਗਯੰਦ' ਨਾਮ ਮੰਨਦੇ ਹਨ ।

ਮੇਰੀ ਬੁਧਿ ਵਿਚ ਨਾਮ 'ਪਰਮਾਨੰਦ' ਹੈ । ਇਸ ਕਵਿ ਦੇ ਕੁਲ ਛੰਦ ੧੩ ਹਨ ।

੧੧. 'ਸਵੈਯੇ ਮਥੁਰੇ ਆਖੇ' ਪਾ: ੪ ਦੇ ੭, ਪਾ: ੫ ਦੇ ੭ ਕੁਲ ੧੪

੧੨. 'ਅਜੈ ਗੰਗ ਜਲ × × ×' (ਪੰਨਾ ੧੦੮੮) ਇਨਾਂ ਦੋ ਛੰਦਾਂ ਦੀ ਗਿਣਤੀ ਤਾਂ ਭਾਈ ਜੀ ਨੇ ਕਿਸੇ ਵਿਚ ਨਹੀਂ ਮਿਲਾਈ ਪਰੰਤੂ ਨਾ ਹੀ ਮੰਗਲ ਅਤੇ ਨਾ ਹੀ ਕਿਸੇ ਕਵਿ ਦਾ ਨਾਮ ਦਿੱਤਾ ਹੈ । ਸੰਪ੍ਰਦਾਯ ਇਨਾਂ ਨੂੰ 'ਹਰਿਬੰਸ' ਦੇ ਨਾਮ ਤੇ ਮੰਨਦੀ ਹੈ । ਪਰੰਤੂ—ਇਹ ਪਦ ਇਕ ਵਾਰ ਹੀ ਔਣ ਤੋਂ ਨਾਮ ਦਾ ਪੱਕ ਨਿਸ਼ਚਯ ਨਹੀਂ ਕਰਵੋਂਦਾ । ਇਸ ਦਾ ਅਰਥ ਸੰਪ੍ਰਦਾਯ 'ਸੂਰਯ ਵੰਸ਼' ਵੀ ਕਰਦੀ ਹੈ । ਸਵੱਯਾਂ ਦੀ ਜਮਾਂਬੰਦੀ ਜੁਮਲਾ ਵੀ ਭਾਈ ਜੀ ਨੇ ਨਹੀਂ ਕੀਤੀ । ਜਿਸ ਤੋਂ ਉਨਾਂ ਦੇ ਦ੍ਰਿੜ ਆਸ਼ਯ ਨੂੰ ਵੀ ਨਹੀਂ ਸਮਝਿਆ ਜਾ ਸਕਦਾ ।

ਹੁਣ ਅਸਾਂ ਇਸ ਬੀੜ ਦੇ ਹਰੇਕ ਆਸ਼ਯ ਨੂੰ ਧੀਰਯ ਨਾਲ ਅਨੁਭਵ ਕਰਨਾ ਹੈ ਅਤੇ ਹੋਰ ਬੀੜਾਂ ਨਾਲ ਤੁੱਲਨਾ ਵੀ ਦੇਣੀ ਹੈ । ਤਾ ਕਿ ਸ਼ੁੱਧ ਸਿਧਾਂਤ ਪ੍ਰਾਪਤ ਹੋ ਸਕੇ । ਇਸ ਦੇ ਵਿਚਾਰ ਪਹਿਲੂ ਗੁਰੁਬਾਣੀ ਸ਼੍ਰਧਾਲੂਆਂ ਦੇ ਸਨਮੁਖ ਆ ਸਕਣ । ਇਹ ਬੀੜ ਅਜੇ ਵੀ ਜ਼ਯਾਦਾ ਪ੍ਰਸਿਧ ਨਹੀਂ । ਉਪਰ ਇਸ ਦਾ ਰਚਣ ਸੰਮਤ

੧੭੭੦ ਦਸ਼ ਆਏ ਹਾਂ। ਇਹ ਬੀੜ ਭਾਈ ਮਨੀ ਸਿੰਘ ਜੀ ਦੀ ਬੀੜ ਕਹੌਂਦੀ
ਨਾਲ ਵੀ ਹੋ ਕੇ ਹੀ ਰਹੇ ਹਨ। ਸੋ ਭਾਈ ਜੀ ਤੋਂ ਵੀ ਹੋਣਾ ਕੋਈ ਅਸੰਭਵ ਨਹੀਂ
ਹੈਸੀ।

ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ [illegible] (ਦਮਦਮੇ ਵਾਲੀ) [illegible] ਬੀੜ
[illegible] ਭਾਈ ਮਨੀ ਸਿੰਘ ਜੀ [illegible] ਜੀ ਤੋਂ [illegible] ਬੀੜ [illegible] ਸਕਦੇ।
[illegible] ਬੀੜ ਤੋਂ [illegible] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ
ਬੀੜ [illegible] ਲਿਖਵਾਈ [illegible] ਪ੍ਰਸੰਗ [illegible] ਸ੍ਰੀ ਗੁਰੂ ਜੀ [illegible]
ਮਨੀ ਸਿੰਘ ਤੋਂ [illegible] ਬੀੜ ਲਿਖਵਾਈ [illegible] ੧੦
[illegible] ਸ੍ਰੀ [illegible] ਵਿਰੋਧੀਆਂ ਨੂੰ [illegible] ਸਿੰਘ
ਜੀ ਆਦਿ [illegible] ਲਈ ਅਦ੍ਰਿਸ਼ਟ ਸ਼ਕਤੀ ਦੀ ਪ੍ਰੇਰਨਾ [illegible] ਇਹ
[illegible]। ਪਰੰਤੂ ਉਨ੍ਹਾਂ ਦੇ [illegible] ਲਿਖਣ ਦਾ ਭਾਵ ਇਹ ਹੈ ਕਿ ਇਹ ਪ੍ਰਸੰਗ [illegible]
[illegible] ਨਹੀਂ ਸੀ। ਪਿਛੋਂ ਹੀ ਲੋਕਾਂ ਨੇ ਘੜ ਲਿਆ ਹੈ ਹਨ। ਕਈ ਪ੍ਰਸੰਗ
ਮੌਜੂਦਾ ਸਮਯ ਦੇ ਵਿਦ੍ਵਾਨ ਡਾਕਟਰ ਭਾਈ ਵੀਰ ਸਿੰਘ ਜੀ (ਅੰਮ੍ਰਿਤਸਰ) ਨੇ ਵੀ
ਘੜੇ ਹਨ। ਹੋਰ ਵੀ ਕਈ ਲੋਕਾਂ ਨੇ ਮਨੌਕਤ ਪ੍ਰਸੰਗ ਚਲਾਏ ਹੋਏ ਹਨ। ਨਮੂਨੇ ਮਾਤ੍ਰ :
ਮਾਈ ਸੁਲੱਖਣੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ੭ ਪੁਤ੍ਰ ਲਏ, ਸਥਾਨ ਸੰਗਰਾਣਾ
ਸਾਹਿਬ ਵਿਚ (ਅ) ਭਾਈ ਬਿਧੀ ਚੰਦ ਜੀ ਨੇ ਪੱਟੀ ਤੋਂ ਦੁਸ਼ਾਲੇ ਲਿਆਂਦੇ। (ਦ) ਸ੍ਰੀ
ਗੁਰੂ ਗੋਬਿੰਦ ਸਿੰਘ ਜੀ ਨੂੰ ਖੇਵਟ ਨੇ ਪਾਰ ਕਰਨ ਵੇਲੇ "ਮਲਾਹ ਮਲਾਹ ਤੋਂ ਮਜਦੂਰੀ
ਨਹੀਂ ਲੈਂਦਾ" ਆਦਿਕ, ਇਹ ਪ੍ਰਸੰਗ ਇਤਿਹਾਸ ਯਾ ਰੀਸਰਚ ਸੰਮਤਿ ਨਹੀਂ,
ਕੇਵਲ ਜਜ਼ਬਾਤੀ ਨਾਵਲ ਹਨ।

ਏਂ ਜਹਾਂ ਚੂੰ ਖ਼ਸ ਬਦਸਤੇ ਬਾਦ ਗ਼ਬ।
ਆਜਜ਼ੀ ਪੁਸ਼ਹ ਗਿਰਫਤ ਅਜ਼ ਵਾਦ ਗ਼ਬ।
ਗਹ ਬੁਜ਼ੁਰਗਸ਼ ਮੇਬਰਦ ਗਾਹ ਬਬਰ।
ਗਾਹ ਖ਼ੁਸ਼ਕਸ਼ ਮੇਕੁਨਦ ਗਾਹਸ਼ ਤਰ।
ਦਸਤ ਪਿਨਹਾਨੋ ਕਲਮਬੀਂ ਖ਼ਤ ਗੁਜ਼ਾਰ।
ਅਸਪ ਦਰ ਜੋਲਾਨੋ ਨਾ ਪੈਦਾ ਸਵਾਰ।

(ਮੌਲਵੀ ਰੂਮ)

[illegible] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਾਈ ਮਨੀ ਸਿੰਘ ਜੀ
ਸਿਧਾਂਤ ਇਹ ਹੈ ਕਿ ਭਾਈ ਜੀ ਤੋਂ ਸਾਰਿਆਂ ਨੇ ਹੀ ਸਬਕ ਸਿਖ
ਤੋਂ ਬੀੜ ਲਿਖਵਾਉਣ ਦਾ ਪ੍ਰਸੰਗ ਵੀ ਨਵਾਂ ਜਜ਼ਬਾ ਹੈ। ਵਾਸਤ੍ਵ-ਪ੍ਰਸੰਗ ਨਹੀਂ।
ਕੇ ਬੀੜਾਂ ਦਾ ਯਥਾਕ੍ਰਮ ਬਦਲਿਆ ਹੋਯਾ ਹੈ। ਕਰਤਾਰਪੁਰੀਆਂ ਨੇ ਤਾਂ ਸ੍ਰੀ ਗੁਰੂ
ਤੇਗਬਹਾਦਰ [illegible] ਭਾਈ ਮਨੀ ਸਿੰਘ ਜੀ [illegible] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ [illegible] ਦਮਦਮੀ ਬੀੜ
[illegible] ਵਿਚ ਰਖਣ ਦੀ ਕਹਾਣੀ ਘੜ ਲਈ
[illegible] ਦਮਦਮੀ ਬੀੜ ਨੂੰ [illegible] ਰਖਦੇ, ਪਰੰਤੂ
[illegible] ਬੀੜ [illegible] ਨਹੀਂ [illegible] ਸ਼ਾਇਦ ਇਹ ਬੀੜ ਵੀ
[illegible] (ਕਰਤਾਰਪੁਰੀਆਂ) [illegible] ਅਸ਼ੁੱਧ ਹੋਏ ਹੋਏ ਹਨ। [illegible] ਇਤਿਹਾਸ [illegible]

ਬੰਨੋ ਜੀ ਦੀ ਬੀੜ ਨੂੰ ਕੀ ਹੋਯਾ ? ਜੋ ਉਸ ਦਾ ਹਾਸ਼ੀਆ ਬਦਲਿਆ ਗਿਆ। ਹਾਸ਼ੀਏ ਬਦਲਨ ਦਾ ਕਾਰਣ ਯਥਾਕ੍ਰਮ ਨੂੰ ਬਦਲਨਾ ਹੈ। ਭਾਵੇ ਸ੍ਰੀ ਕਬੀਰ ਜੀ ਆਦਿਕਾਂ ਨੂੰ ਭਗਤ ਲਿਖ ਕੇ ਗੁਰੂਆਂ ਨਾਲੋਂ ਪਿਛੇ ਕਰ ਦਿੱਤਾ ਗਿਆਹੈ ਪ੍ਰੰਤੂ ਤਾਂ ਵੀ ਕਿਸੇ ਨਾਂ ਕਿਸੇ ਥਾਂ ਉਸ ਦੀ ਰਚਨਾ ਲਿਖਾਰੀ ਤੋਂ ਵਿਚ ਰਹ ਹੀ ਜਾਣੀ ਸੀ ਤੇ ਉਹ ਰਹਿ ਵੀ ਗਈ—ਵੇਖੋ ਭੈਰਉ ਰਾਗ ਮ: ੫ ਦਾ ਤੀਜਾ ਸ਼ਬਦ। ਜੋ ਕਬੀਰ ਜੀ ਦਾ ਹੈ। ਪ੍ਰੰਤੂ ਬਦਲਨ ਵਾਲੇ ਤੋਂ 'ਮ: ੫' ਦੇ ਸਿਰਲੇਖ ਹੇਠ ਹੀ ਰਹਿ ਗਿਆ ਹੈ।

ਇਹ ਨਿਰਵਿਵਾਦ ਪਖ ਹੈ ਕਿ ਭਾਈ ਮਨੀ ਸਿੰਘ ਜੀ ਨੇ ਇਹ ਬੀੜ ਆਪਣੇ ਹੱਥੀਂ ਨਹੀਂ ਲਿਖੀ ਬਲਕਿ ਬੀੜਾਂ ਇਕਠੀਆਂ ਕਰਕੇ—ਉਨਾਂ ਨੂੰ ਆਪਣੇ ਖ਼ਿਆਲ ਨਾਲ ਤਰਤੀਬਵਾਰ ਕਰਨ ਲਈ ਕੁਝ ਪਤ੍ਰੇ ਲਿਖੇ ਵੀ ਹਨ। ਇਸੇ ਲਈ ਨਵਾਂ ਹਾਸ਼ੀਆ ਛੱਡਿਆ ਗਿਆ ਹੈ। ਜੇ ਬੀੜ ਤੋੜਨਾ ਪਾਪ ਹੈ —ਤਾਂ ਕਰਤਾਰਪੁਰ ਤੇ ਭਾਈ ਬੰਨੋ ਜੀ ਦੀ ਬੀੜਾਂ ਵਾਲੇ ਵੀ ਪਾਪੀ ਹੀ ਹਨ। ਜੇ ਤਰਤੀਬ ਬਦਲਨਾ ਪਾਪ ਹੈ—ਤਾਂ ਇਨਾਂ ਵੀ ਤਰਤੀਬ ਬਦਲੀ ਹੈ—ਇਹ ਵੀ ਪਾਂਪੀ ਹਨ। ਹਾਂ! ਭਾਈ ਮਨੀ ਸਿੰਘ ਜੀ ਨੂੰ ਪ੍ਰਚਾਰ ਵਿਸ਼ੇਸ਼ਦਾ ਸਮਯ ਘੱਟ ਮਿਲਿਆ ਹੈ ਅਤੇ ਇਹ ਪ੍ਰਚਾਰ ਦੀ ਸਹੂਲਿਯਤ ਵਾਲੇ ਸਨ। ਇਨਾਂ ਨੂੰ ਹੋਰ ਜ਼ਰੀਏ ਵੀ ਰਾਜ ਦਰਬਾਰਾਂ ਚੋਂ ਮਿਲ ਗਏ ਸਨ। ਪੂਜਾਂ ਔਣ ਲਗ ਪਈਆਂ ਤੇ ਰਾਜ ਕਾਯਮ ਹੋ ਗਏ। ਪਾਖੰਡ ਨੂੰ ਮਾਯਾ ਹੀ ਚਲਾ ਸਕਦੀ ਹੈ।

ਲੋਕ ਆਮ ਇਤਿਹਾਸ ਦੀ ਗੱਲ ਕਹਿ ਦੇਂਦੇ ਹਨ:— ਕਿ ਸ਼੍ਰੀ ਗੁਰੂ ਅਰਜੁਨ ਦੇਵ ਜੀ ਤੰਬੂ ਦੇ ਇਕ ਪੜਦੇ ਵਿਚ ਸਾਰੀ ਬਾਣੀ ਉਚਾਰਦੇ ਗਏ ਤੇ ਭਾਈ ਗੁਰਦਾਸ ਜੀ ਦੂਜੇ ਪੜਦੇ ਵਿਚ ਬੈਠੇ ਲਿਖੀ ਗਏ। ਇਨਾਂ ਤੋਂ ਪੁਛਿਆ ਚਾਹੀਦਾ ਹੈ ਕਿ "ਸਵਯੇ" ਨਾਮ ਦੀ ਬਾਣੀ ਦੇ ਆਦਿ ਸਿਰਲੇਖ ਹੈ 'ਸਵਯੇ ਸ੍ਰੀ ਮੁਖ ਬਾਕਯ ਮ: ੫' ਕੀ ਸ੍ਰੀ ਗੁਰੂ ਅਰਜਨ ਜੀ ਨੇ ਇਹ ਵਾਕਯ ਉੱਚਾਰਨ ਕੀਤਾ ਹੈ ? ਕਿ ਹੇ ਭਾਈ ਗੁਰਦਾਸ ਲਿਖ ਇਹ (ਮ: ੫) ਮੇਰੇ (ਗੁਰੂ ਅਰਜੁਨ ਦੇਵ ਜੀ ਦੇ) ਸ੍ਰੀ ਮੁਖਵਾਕਯ ਸਵਯੇ ਹਨ ? 'ਸ੍ਰੀ ਮੁਖਵਾਕਯ' ਸ਼ਬਦ ਤਾਂ ਮਹਾ ਅਹੰਕਾਰ ਦਾ ਲਖਾਯਕ ਹੈ—ਜੋ ਆਪਣੇ ਆਪ ਲਈ ਉੱਚਾਰਨ ਕਰੇ। ਕਿਡੀ ਫਿਰੀ ਹੋਈ

੧੭੭੦ ਦਸ ਆਏ ਹਾਂ। ਇਹ ਬੀੜ ਭਾਈ ਮਨੀ ਸਿੰਘ ਜੀ ਦੀ ਬੀੜ ਕਹੌਂਦੀ ਹੈ।

ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਬੋਕੀ ਤਲਵੰਡੀ (ਦਮਦਮੇ) ਕੋਈ ਬੀੜ ਲਿਖਵੇਂਦੇ ਤਾਂ ਭਾਈ ਮਨੀ ਸਿੰਘ ਜੀ ਗੁਰੂ ਜੀ ਤੋਂ ਵਖਰੀ ਬੀੜ ਕਿਵੇਂ ਲਿਖ ਸਕਦੇ ਸਨ ? ਇਹ ਸਪਸ਼ਟ ਹੈ ਕਿ ਦਮਦਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਬੀੜ ਨਹੀਂ ਲਿਖਵਾਈ। ਜੇ ਇਹ ਪੁਰਾਤਨਿ ਪ੍ਰਸੰਗ ਸੀ ਕਿ ਸ੍ਰੀ ਗੁਰੂ ਜੀ ਨੇ ਭਾਈ ਮਨੀ ਸਿੰਘ ਤੋਂ ਆਤਮ ਬਲ ਨਾਲ ਬੀੜ ਲਿਖਵਾਈ ਹੈ ਤਾਂ ਗੁਰ ਵਿਲਾਸ ਪਾ: ੧੦ ਤੇ ਗੁਰੂ ਪ੍ਰਤਾਪ ਸੂਰਯ ਜਹੇ ਮਹਾਨ ਗ੍ਰੰਥਾਂ ਵਿਚ ਸ੍ਰੀ ਮਾਨਨੀਯ ਭਾਈ ਸੰਤੋਖ ਸਿੰਘ ਜੀ ਆਦਿ ਕਦੀ ਵੀ ਨਾ ਤਯਾਗਦੇ। ਉਨਾਂ ਨੂੰ ਇਸ ਪ੍ਰਸੰਗ ਦੇ ਲਿਖਣ ਵਿਚ ਹੋਰ ਸੋਭਾ ਮਿਲਦੀ। ਪਰੰਤੂ ਉਨਾਂ ਦੇ ਨਾਂ ਲਿਖਣ ਦਾ ਭਾਵ ਇਹ ਹੈ ਕਿ ਇਹ ਪ੍ਰਸੰਗ ਉਸ ਵੇਲੇ ਪ੍ਰਚਲਿਤ ਨਹੀਂ ਸੀ। ਪਿਛੋਂ ਹੀ ਲੋਕਾਂ ਨੇ ਘੜ ਲਿਆ ਹੈ ਹਨ। ਕਈ ਪ੍ਰਸੰਗ ਮੌਜੂਦਾ ਸਮਯ ਦੇ ਵਿਦ੍ਵਾਨ ਡਾਕਟਰ ਭਾਈ ਵੀਰ ਸਿੰਘ ਜੀ (ਅੰਮ੍ਰਿਤਸਰ) ਨੇ ਵੀ ਘੜੇ ਹਨ। ਹੋਰ ਵੀ ਕਈ ਲੋਕਾਂ ਨੇ ਮਨੋਕਤ ਪ੍ਰਸੰਗ ਚਲਾਏ ਹੋਏ ਹਨ। ਨਮੂਨੇ ਮਾਤ੍ਰ : ਮਾਈ ਸੁਲੱਖਣੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ੭ ਪੁਤ੍ਰ ਲਏ, ਸਥਾਨ ਸੰਗਰਾਣਾ ਸਾਹਿਬ ਵਿਚ (ਅ) ਭਾਈ ਬਿਧੀ ਚੰਦ ਜੀ ਨੇ ਪੱਟੀ ਤੋਂ ਦੁਸ਼ਾਲੇ ਲਿਆਂਦੇ। (ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਖੇਵਟ ਨੇ ਪਾਰ ਕਰਨ ਵੇਲੇ "ਮਲਾਹ ਮਲਾਹ ਤੋਂ ਮਜਦੂਰੀ ਨਹੀਂ ਲੈਂਦਾ" ਆਦਿਕ. ਇਹ ਪ੍ਰਸੰਗ ਇਤਿਹਾਸ ਯਾ ਰੀਸਰਚ ਸੰਮਤਿ ਨਹੀਂ, ਕੇਵਲ ਜਜ਼ਬਾਤੀ ਨਾਵਲ ਹਨ।

ਸ੍ਰੀ ਦਮਦਮੇ ਸਾਹਿਬ ਸ੍ਰੀ ਗੁਰ ਗੋਬਿੰਦ ਸਿੰਘ ਜੀ ਦਾ ਭਾਈ ਮਨੀ ਸਿੰਘ ਜੀ ਤੋਂ ਬੀੜ ਲਿਖਵਾਉਣ ਦਾ ਪ੍ਰਸੰਗ ਵੀ ਨਵਾਂ-ਜਜ਼ਬਾ ਹੈ। ਵਾਸਤ੍ਵ-ਪ੍ਰਸੰਗ ਨਹੀਂ।

ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੇ ਦਮਦਮੀ ਬੀੜ ਲਿਖਵਾਈ ਹੁੰਦੀ ਤਾਂ ਇਸ ਬੀੜ ਵਿਚ ਵੀ ਦਮਦਮੀ ਬੀੜ ਨੂੰ ਹੀ ਰਖਦੇ ਪਰੰਤੂ ਉਹਨਾਂ ਕਰਤਾਰਪੁਰੀ ਬੀੜ ਨੂੰ ਵੀ ਥਾਂ ਨਹੀਂ ਦਿਤੀ। ਸ਼ਾਇਦ ਇਹ ਬੀੜ ਵੀ ਉਦੋਂ ਸੋਢੀਆਂ (ਕਰਤਾਰਪੁਰੀਆਂ) ਨੂੰ ਨਾਂ ਪ੍ਰਾਪਤ ਹੋਈ ਹੋਵੇ। ਇਤਿਹਾਸ ਸਿਖ-

[illegible]

ਵਿਚ ਕਿਸੇ ਨਾਂ ਕਿਸੇ ਥਾਂ ਉਸ ਦੀ ਰਚਨਾ ਲਿਖਾਰੀ ਤੋਂ ਵਿਚ ਰਹ ਹੀ ਜਾਣੀ ਸੀ ਤੇ ਉਹ ਰਹਿ ਵੀ ਗਈ—ਵੇਖੋ ਭੈਰਉ ਰਾਗ ਮ: ੫ ਦਾ ਤੀਜਾ ਸ਼ਬਦ। ਜੋ ਕਬੀਰ ਜੀ ਦਾ ਹੈ [illegible]

ਬੀੜ ਕੋਈ ਕਿਸੇ ਦੀ ਨਾਂ ਤਾ ਮਾਲਕੀਅਤ ਹੈ। ਨਾ ਹੀ ਕਿਸੇ ਇਕ ਦੀ ਰਚਨਾ ਹੈ। ਨਾ ਹੀ ਕੋਈ ਇਤਿਹਾਸ ਹੈ। ਨਾ ਹੀ ਕਿਸੇ ਮਜ਼ਹਬ (ਪੰਥ) ਦੀ ਪੈਰੋ-ਕਾਰ ਹੈ। ਨਾ ਹੀ ਕਿਸੇ ਹਸਤੀ ਦਾ ਪ੍ਰਚਾਰ ਹੈ। ਇਹ ਅਧਿਆਤਮ ਵਾਦ ਹੈ। ਇਸ ਉਤੇ ਹਰ ਅਦਬ ਵਾਲੇ ਮਨੁਖ ਦਾ ਹਕ ਹੈ। ਇਸ ਨੂੰ ਹਰ ਪੁਰਸ਼ ਅਦਬ ਸਤਕਾਰ ਨਾਲ ਪੜ੍ਹ ਸਕਦਾ ਹੈ, ਪਾਸ ਰਖ ਸਕਦਾ ਹੈ। ਬਲਕਿ ਪੂਰਾ ਸ਼ਬਦ ਪੜ੍ਹਨ ਦੀ ਥਾਂ ਇਕ ਇਕ ਤੁਕ ਵੀ ਅੱਡ ਅੱਡ ਪੜ੍ਹੀ ਜਾ ਸਕਦੀ ਹੈ। ਇਸ ਤੇ ਕੋਈ ਪਾਬੰਦੀ ਨਹੀਂ। ਬਲਕਿ ਗੁਰ ਨਾਨਕ ਜੀ ਨੇ ਹਿੰਦੁਸਤਾਨ ਦੇ ਮੌਜੂਦਾ ਯਾ ਲਿਖੇ ਹੋਏ ਗੁਰਜਨਾਂ ਦੀ ਰਚਨਾ ਸੰਗ੍ਰਹਿ ਕੀਤੀ ਹੈ, ਬੱਸ ਇਸ ਤੋਂ ਸਿਵਾਇ ਹੋਰ ਕੋਈ ਵਾਧਾ ਘਾਟਾ ਨਹੀਂ ਕੀਤਾ ਅਤੇ ਨਾਂ ਹੀ ਕਿਸੇ ਹੋਰ ਦੀ ਰਚਨਾ ਦਾ ਹਰ ਨੂੰ ਹੱਕ ਪਹੁੰਚਦਾ ਹੈ। ਤਰਤੀਬ ਆਪੋ ਆਪਣੀ ਹੁੰਦੀ ਹੈ। ਜੇ ਤਰਤੀਬ ਦਾ ਵੀ ਹੱਕ ਨਾਂ ਰਹੇ ਤਾਂ ਅੱਗੇ ਲਈ ਕੋਈ ਖੋਜੀ ਪੈਦਾ ਹੀ ਨਹੀਂ ਹੋ ਸਕਦਾ। ਇਹ ਹੱਕ ਸਭ ਨੂੰ ਹੈ, ਭਾਈ ਮਨੀ ਸਿੰਘ ਜੀ ਨੂੰ ਵੀ।

ਇਹ ਨਿਰਵਿਵਾਦ ਪਖ ਹੈ ਕਿ ਭਾਈ ਮਨੀ ਸਿੰਘ ਜੀ ਨੇ ਇਹ ਬੀੜ ਆਪਣੇ ਹੱਥੀਂ ਨਹੀਂ ਲਿਖੀ ਬਲਕਿ ਬੀੜਾਂ ਇਕਠੀਆਂ ਕਰਕੇ—ਉਨਾਂ ਨੂੰ ਆਪਣੇ ਖਿਆਲ ਨਾਲ ਤਰਤੀਬਵਾਰ ਕਰਨ ਲਈ ਕੁਝ ਪਤ੍ਰੇ ਲਿਖ ਵੀ ਹਨ। ਇਸੇ ਲਈ ਨਵਾਂ ਹਾਸ਼ੀਆ ਜੋੜਿਆ ਗਿਆ ਹੈ। ਜੇ ਬੀੜ ਤੜਨਾ ਪਾਪ ਹੈ—ਤਾਂ ਕਰਤਾਰਪੁਰ ਤੇ ਭਾਈ ਬੰਨੋ ਜੀ ਦੀ ਬੀੜਾਂ ਵਾਲੇ ਵੀ ਪਾਪੀ ਹੀ ਹਨ। ਜੇ ਤਰਤੀਬ ਬਦਲਨਾ ਪਾਪ ਹੈ—ਤਾਂ ਇਨਾਂ ਵੀ ਤਰਤੀਬ ਬਦਲੀ ਹੈ—ਇਹ ਵੀ ਪਾਪੀ ਹਨ। ਹਾਂ! ਭਾਈ ਮਨੀ ਸਿੰਘ ਜੀ ਨੂੰ ਪ੍ਰਚਾਰ ਵਿਸ਼ੇਸ਼ਤਾ ਦਾ ਸਮਾਂ ਘਟ ਮਿਲਿਆ ਹੈ ਅਤੇ ਇਹ ਪ੍ਰਚਾਰ ਦੀ ਸਹੂਲਿਯਤ ਵਾਲ ਸਨ। ਦਿਨਾਂ ਨੂੰ ਹਰ [illegible] ਰਾਜੀ ਦਰਬਾਰਾਂ ਚ ਮਿਲ ਗਏ ਸਨ। ਪੂਜਾ ਅਣ ਲਗ ਪਈਆਂ ਤੇ ਰਾਜ ਕਾਇਮ ਹੋ ਗਏ। ਪਾਖੰਡ ਨੂੰ ਮਾਇਆ ਹੀ ਚਲਾ ਸਕਦੀ ਹੈ।

ਲੋਕ ਆਮ ਇਤਿਹਾਸ ਦੀ ਗੱਲ ਕਹਿ ਦੇਂਦੇ ਹਨ :— ਕਿ ਸ੍ਰੀ ਗੁਰੂ ਅਰਜਨ ਦੇਵ ਜੀ ਤੰਬੂ ਦੇ ਇਕ ਪੜਦੇ ਵਿਚ ਸਾਰੀ ਬਾਣੀ ਉਚਾਰਦੇ ਗਏ ਤੇ ਭਾਈ ਗੁਰਦਾਸ ਜੀ ਦੂਜੇ ਪੜਦੇ ਅੰਦਰ ਬੈਠੇ ਲਿਖੀ ਗਏ [illegible]

[illegible] ਕਬੀਰ ਜੀ, ਰਵਿਦਾਸ ਜੀ, ਨਾਮਦੇਵ ਜੀ, ਸਧਨਾ ਜੀ ਤੇ ਸ੍ਰੀ ਗੁਰੂ [illegible]

[illegible] ਸਤਿਗੁਰੂ [illegible] ਦੀ [illegible]
[illegible] ਸ਼ਬਦ [illegible] ਆਪਣੀ ਵੱਲੋਂ [illegible]
[illegible] ਬਾਣੀ [illegible]
[illegible]
[illegible] ਕੀਤੀ ਹੋਈ ਹੈ। [illegible]
[illegible]
[illegible] ਦੀ ਬਾਣੀ ਆਪਣੇ ਹੱਥੀਂ ਲਿਖਿਆ ਹੈ ਤੇ ਉਹੀ ਬਾਣੀ ਹੋਰ
ਲਿਖਾਰੀਆਂ [illegible]
[illegible]
[illegible]
[illegible] ਸਿਰਲੇਖ [illegible] ਬਾਣੀ [illegible] ਅਧਿਕਾਰ [illegible] ਬਾਹਰ
[illegible] ਨੂੰ ਹੀ ਲਿਖਾਰੂ ਦੇ ਹਨ। ਭਾਈ ਮਨੀ ਸਿੰਘ ਜੀ ਨੇ
ਆਪਣਾ ਅਧਿਕਾਰ ਵਰਤ ਕੇ। [illegible] ਪਾਤਸ਼ਾਹੀ [illegible] ਆਦਿ ਸਿਰਲੇਖ ਕੀਤੇ
ਹਨ ੧੦ [illegible] ਸ਼ਬਦ [illegible] ਸਤਿਗੁਰਾਂ [illegible]
[illegible] ਸਤਿਗੁਰਾਂ
[illegible] ਸਤਿਗੁਰਾਂ ਨੂੰ ਇਕ ਹੀ ਲੜੀ ਵਿਚ ਕਰਨ ਲਈ
'ਪਾਤਸ਼ਾਹੀ' 'ਮਹਲਾ' ਦੀ ਥਾਂ ਕੀਤਾ ਜਾਵੇ। ਸੋ ਉਨਾਂ 'ਪਾਤਸ਼ਾਹੀ' ਪਦ ਨੂੰ ਤਰ-
ਇਹ ਵੀ ਪਿਛੇ ਦੱਸ ਚੁਕੇ ਹਾਂ। ਪੁਰਾਤਨ ਬੀੜਾਂ ਦੇ ਆਦਿ 'ਜਪੁ ਗੁਰੂ
ਜੀਹ ਦਿੱਤੀ ਹੈ। ਇਹ ਵੀ ਬਚਿਤ੍ਰ ਨਾਟਕ ਅ੦ ੫ ਦੇ ਅਨੁਕੂਲ ਸ੍ਰੀ ਗੁਰੂ
ਰਾਮਦਾਸ ਜੀਉ ਕੇ ਨਕਲ' ਆਦਿ ਜੋ ਪਾਠ ਹਨ—ਇਹ ਗੋਇੰਦਵਾਲ ਵਾਲੀਆਂ
ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ 'ਪਾਤਸ਼ਾਹੀ' ਪਦ ਵਰਤਿਆ ਹੋਯਾ ਸੀ। ਇਸ
ਪੋਥੀਆਂ ਵੱਲ ਹੀ ਇਸ਼ਾਰਾ ਹੈ—ਇਹ ਪੋਥੀਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ
ਵਿਚ ਭਾਈ ਮਨੀ ਸਿੰਘ ਦੋਸ਼ੀ ਨਹੀਂ ਸਾਬਿਤ ਹੁੰਦਾ। ਉਨਾਂ ਇਸ ਪਰੰਪਰਾ ਦੇ
ਹੱਥੀਂ ਲਿਖੀਆਂ ਹੋਈਆਂ ਸਨ ਪ੍ਰੰਤੂ "ਸ੍ਰੀ ਮੋਹਣ ਜੀ ਨੇ ਰਖ ਲਈਆਂ" ਦਾ ਅਨੁਮਾਨ
ਦੇ ਅਨੁਕੂਲ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵੀ ਦਰਜ ਕੀਤੀ ਹੈ।
ਹੋਇਸ ਤੋਂ ਉਨਾਂ ਦੀ ਅਣਬਣ ਵੀ ਰਹੀ। ਪ੍ਰੰਤੂ 'ਸਰਵਰ ਹੰਸ ਧਰ ਹੀ ਮੋਲਾ' ਵਿਹ

ਵਸਤੂ [illegible]
[illegible]
[illegible] ਨਾਮ ਭੀ

ਜੋ ਉਨਾਂ ਨੂੰ ਦੂਜੀ ਦਿੱਕਤ ਸਾਮ੍ਹਣੇ ਆਈ-ਉਹ ਇਹ ਸੀ ਕਿ 'ਆਦਿ ਗੁਰਾਂ ਦੀ ਬਾਣੀ ਦਾ ਇਕ ਇਕ ਸ਼ਬਦ ਅੱਡੋ ਅੱਡ ਅਤੇ ਰਾਗ (ਸੰਗੀਤ) ਅਨੁਸਾਰ ਸੀ ਤੇ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਇਤਿਹਾਸ (ਰੂਪ) ਸੀ ਤੇ ਪਿੰਗਲ ਅਨੁਸਾਰ ਸੀ, ਇਨਾਂ ਦਾ ਮੇਲ ਕਿਸਤਰਾਂ ਕੀਤਾ ਜਾਂਦਾ ? ਇਤਿਹਾਸ ਦੇ (ਖੰਡ) ਟੁਕੜੇ ਨਹੀਂ ਕੀਤੇ ਜਾ ਸਕਦੇ। ਸ਼ਬਦ ਪਹਿਲੋਂ ਹੀ ਟੁਕੜੇ (ਖੰਡ) ਹਨ। ਸੋ ਉਹਨਾਂ ਖੰਡਾ ਨੂੰ ਇਕ ਇਕ ਥਾਂ ਕਰ ਦਿੱਤਾ ਅਤੇ ਸ੍ਰੀ ਦਸਮ ਗੁਰੂ ਜੀ ਦੀ ਬਾਣੀ ਨੂੰ ਬੀੜ ਦੇ ਅੰਦਰ ਦਾਖਿਲ ਕੀਤਾ। ਇਹ ਕੰਮ ਭਾਈ ਮਨੀ ਸਿੰਘ ਜੀ ਨੇ ਕੀਤਾ।

ਕੁਝ ਲੋਕਾਂ ਨੂੰ ਸਿੰਘ ਸਭਾ ਯਾ ਅਕਾਲੀਆਂ ਦੇ ਪ੍ਰਚਲਤ ਕੀਤੇ ਹੋਏ ਪਾਠ . -

ਦੋਹਰਾ ॥ ਆਗਜਾ ਭਈ ਅਕਾਲ ਕੀ, ਤਬੀ ਚਲਾਯੋ ਪੰਥ।
ਸਭਿ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨੀਓ, ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਬੋ ਚਹੇ, ਖੋਜ ਇਨਹੁ ਮੈਂ ਲੇਹ।

(ਰਹਿਤ ਨਾਮਾ)

ਨੇ ਭ੍ਰਮ ਪਾ ਦਿੱਤਾ ਹੈ। ਇਸੇ ਅਨੁਕੂਲ ਵਡੇ ਵਡੇ ਵਿਦ੍ਵਾਨ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦਾ ਪ੍ਰਸੰਗ ਲਿਖ ਬੈਠੇ ਹਨ। ਇਹ ਵਾਸਤ੍ਵ ਕਰ ਮੌਜੂਦਾ ਇਤਿਹਾਸਿਕਾਂ ਤੋਂ ਗਲਤੀ ਹੋ ਗਈ ਹੈ। ਜੇ ਸ੍ਰੀ ਗੁਰੂ ਜੀ ਦਾ ਇਤਿਹਾਸ ਵੇਖਿਆ ਜਾਵੇ ਤਾਂ ਗੁਰ ਵਿਲਾਸ ਪਾ. ੧੦ ਤੇ ਗੁਰ ਪ੍ਰਤਾਪ ਸੂਰਯ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਕਹਿ ਕੇ ਸਮਾਪਤਿ ਨਹੀਂ ਹੁੰਦਾ, ਬਲਕਿ-ਸ੍ਰੀ ਅਜੀਤ ਸਿੰਘ ਜੀ (ਪਾਲਤੂ ਪੁਤ੍ਰ) ਤੇ ਸ੍ਰੀ ਹਠੀ ਸਿੰਘ ਜੀ ਨੂੰ ਗਦੀ ਦਾ ਵਾਰਸ ਮੰਨਦਾ ਹੈ। ਸ੍ਰੀ ਹਠੀ ਸਿੰਘ ਤੇ ਮਹਾਨ ਕੋਸ਼ ਦੇ ਕਰਤੇ ਨੇ ਭੀ ਦੋਸ਼ ਲਾਇਆ ਹੈ ਕਿ ਹਠੀ ਸਿੰਘ ਬਾਣੀ ਵਿਚੋਂ 'ਨਾਨਕ' ਨਾਮ ਕੱਟ ਕੇ ਆਪਣਾ ਨਾਮ ਪੌਂਦਾ ਸੀ, ਜਿਸ ਤੋਂ ਤ੍ਰਿਸਕਾਰਿਆ ਗਿਆ ਪ੍ਰੰਤੂ ਇਹ 'ਦੂਸ਼ਣ' ਕਿਸੇ ਬੀੜ ਤੋਂ ਸਾਬਤ ਨਹੀਂ ਹੋਯਾ। ਸ੍ਰੀ ਅਜੀਤ ਸਿੰਘ ਤੇ ਤੁਰਕੇਸ਼੍ਵਰ ਅੱਗੇ ਕੇਸ਼ ਭੇਟ ਦੇਣ ਦਾ ਦੂਸ਼ਣ ਗੁਰੂ ਪ੍ਰਤਾਪ ਸੂਰਯ ਵਿਚ ਹੈ। ਪਰੰਤੂ

ਬੁਧਿ ਨਾਲ ਲੋਕ ਪ੍ਰਚਾਰ ਕਰ ਰਹੇ ਹਨ ਅਤੇ ਆਪਣੇ ਸਤਿਗੁਰੂ ਦੀ ਆਖੇ ਹੀ ਬੇਅਦਬੀ ਕਰ ਰਹੇ ਹਨ । ।ਇਹ ਸ਼ਬਦ ਲਿਖਾਰੀ ਨੇ ਆਪਣੀ ਵਲੋਂ ਲਿਖੇ ਹਨ ਤਾਂ ਕਿ ਬਾਣੀ ਦੀ ਪਛਾਣ ਹੋ ਸਕੇ ਕਿ ਇਹ ਕਿਸ ਦੀ ਰਚਨਾ ਹੈ ? ਇਹਨਾਂ ਸਿਰ-ਲੇਖਾਂ ਨਾਲ ਸ੍ਰੀ ਗੁਰੂ ਜੀ ਦਾ ਇਨ-ਡਰੈਕਟ ਤਅਲੁਕ ਹੈ—ਲਿਖਾਰੀ ਦੇ ਜ਼ਰੀਆ । ਗੁਰਬਾਣੀ ਖੋਜੀ ਲਿਖਾਰੀਆਂ ਨੇ ਇਕਤ੍ਰਿਤ ਕੀਤੀ ਹੋਈ ਹੈ । ਹਾਂ ! ਇਸ ਕੰਮ ਵਿਚ ਹਰੇਕ ਸਤਿਗੁਰੂ ਨੇ ਪੂਰਣ ਸਹਯੋਗ ਦਿੱਤਾ ਹੈ । ਬਲਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਤਾਂ ਆਪ ਵਡੇ ਸਤਿਗੁਰਾਂ ਦੀ ਬਾਣੀ ਆਪਣੇ ਹੱਥੀਂ ਲਿਖਿਆ ਹੈ ਤੇ ਉਹੀ ਬਾਣੀ ਹੋਰ ਲਿਖਾਰੀਆਂ ਨੂੰ ਮਿਲੀ ਤੇ ਹਰ ਸਤਿਗੁਰ ਦੇ ਪ੍ਰਲੋਕ ਸਿਧਾਰਨ ਤੋਂ ਬਾਦ ਉਨਾਂ ਦੀ ਬਾਣੀ ਇਸ ਸੰਚਯ ਵਿਚ ਦਾਖਿਲ ਹੁੰਦੀ ਰਹੀ—ਜਿਸ ਤੋਂ ਕਈ ਸਦੀਆਂ ਬਾਦ ਇਹ ਨਾਮ ਜਹਾਜ ਤਯਾਰ ਹੋਯਾ । ਇਸ ਵਿਚ ਲਿਖਾਰੀ ਦਾ ਤੀਜਾ ਪਾਦ 'ਮੰਗਲ ਤੇ ਸਿਰਲੇਖ' ਹੈਨ । ਇਹ ਮੰਗਲ ਤੇ ਸਿਰਲੇਖ ਬਾਣੀ ਦੇ ਅਧਿਕਾਰ ਤੋਂ ਬਾਹਰ (ਤਟਸਥ) ਰਹਿ ਕੇ ਵੀ ਬਾਣੀ ਨੂੰ ਹੀ ਲਖਾਉਂਦੇ ਹਨ । ਭਾਈ ਮਨੀ ਸਿੰਘ ਜੀ ਨੇ ਆਪਣਾ ਅਧਿਕਾਰ ਵਰਤ ਕੇ 'ਸ੍ਰੀ ਰਾਗੁ ਪਾਤਸ਼ਾਹੀ ੧' ਆਦਿ ਸਿਰਲੇਖ ਕੀਤੇ ਹਨ । ਮੌਜੂਦਾ ਸਿਖਾਂ ਵਿਚ ਵੀ 'ਪਾਤਸਾਹੀ' ਸ਼ਬਦ ਸਤਿਗੁਰਾਂ ਲਈ ਵਰਤਿਆ ਜਾਂਦਾ ਹੈ । 'ਮਹਲਾ' ਕੇਵਲ ਗੁਰਬਾਣੀ ਦੇ ਗਜਾਤੇ ਹੀ—ਸਤਿਗੁਰਾਂ ਵਾਸਤੇ ਵਰਤਣਾ ਜਾਣਦੇ ਹਨ ।

ਇਹ ਵੀ ਪਿਛੇ ਦੱਸ ਚੁਕੇ ਹਾਂ । ਪੁਰਾਤਨਿ ਬੀੜਾਂ ਦੇ ਆਦਿ 'ਜਪੁ ਗੁਰੂ ਰਾਮਦਾਸ ਜੀਉ ਕੇ ਨਕਲ' ਆਦਿ ਜੋ ਪਾਠ ਹਨ—ਇਹ ਗੋਇੰਦਵਾਲ ਵਾਲੀਆਂ ਪੋਥੀਆਂ ਵੱਲ ਹੀ ਇਸ਼ਾਰਾ ਹੈ—ਇਹ ਪੋਥੀਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੱਥੀਂ ਲਿਖੀਆਂ ਹੋਈਆਂ ਸਨ ਪ੍ਰੰਤੂ "ਸ੍ਰੀ ਮੋਹਣ ਜੀ ਨੇ ਰਖ ਲਈਆਂ" ਦਾ ਅਨੁਮਾਨ ਹੈਇਸ ਤੋਂ ਉਨਾਂ ਦੀ ਅਣਬਣ ਵੀ ਰਹੀ । ਪ੍ਰੰਤੂ 'ਸਰਵਰ ਹੰਸ ਧੁਰੇ ਹੀ ਮੇਲਾ' ਇਹ ਵਸਤੂ ਸਤਿਗੁਰੂ ਦੀ ਸਤਿਗੁਰੂ ਦੇ ਹੀ ਕੋਲ ਰਹਿ ਸਕਦੀ ਸੀ । ਸ੍ਰੀ ਮੋਹਣ ਜੀ ਕੋਈ ਕਾਰਜ ਨਾ ਲੈ ਸਕੇ ਤੇ ਸ੍ਰੀ ਗੁਰੂ ਅਰਜੁਨ ਦੇਵ ਜੀ ਲੈ ਆਏ—ਗੁਰੂ ਰਾਮਦਾਸ ਜੀਦੀ ਬਾਣੀ ਵੀ ਉਸ ਵਿਚ ਦਾਖਲ ਕਰਵਾਈ ਤੇ ਸਥਾਨ ਦਾ ਨਾਮ ਭੀ

'ਰਾਮਕਲੀ' ਉਨ੍ਹਾਂ ਨੂੰ ਦੂਜਾ ਵਿਰਕਤ ਸਮੁੰਦਰ ਬਾਦ ਉਸ ਇਹ ਸੀ ਕਿ ਆਸਾ ਦੀ ਗੁਰਬਾਣੀ ਦੇ ਵਿਚ ਇਕ ਸ਼ਬਦ ਅਤੇ ਅੰਬ ਅਤੇ ਰਾਗ (ਸਿਰਲੇਖ) ਅਨੁਸਾਰ ਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਇਤਿਹਾਸ (ਸ੍ਰੂਪ) ਸ੍ਰੀ ਤੇ ਪਿੰਗਲ ਅਨੁਸਾਰ ਸੀ, ਇਨ੍ਹਾਂ ਨੂੰ ਕਿਸੇ ਤਰ੍ਹਾਂ ਕੀਤਾ ਦਾਖਲ ਇਤਿਹਾਸ ਦੇ (ਖੰਡ) ਟੁਕੜੇ ਗੋਬਿੰਦ ਸਿੰਘ ਜੀ। ਸ਼ਬਦ ਪਹਿਲਾਂ ਦੀ ਟੁਕੜੇ (ਖੰਡ) ਜੋੜ ਕੇ ਉਹਨਾਂ ਖੰਡਾਂ ਨੂੰ ਇਕ ਥਾਂ ਇਕੱਠਾ ਕਰ ਦਿੱਤਾ। ਸ੍ਰੀ ਗੁਰੂ ਜੀ ਦੀ ਬਾਣੀ ਨੂੰ ਬੀੜ ਵਿਚ ਦਾਖਲ ਕੀਤਾ। ਭਾਈ ਮਨੀ ਸਿੰਘ ਜੀ ਨੇ 'ਖੀਤਸ਼ਾਹੀ' ਲੇਖ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਵੀ ਬੀੜ ਵਿਚ ਦਾਖਲ ਕਰ ਦਿੱਤਾ, ਜੋ ਠੀਕ ਹੈ। ਜਿਉਂ ਜਿਉਂ ਸਿਖਾਂ ਵਿਚ ਅਨਪੜ੍ਹਤਾ ਤੇ ਪਾਖੰਡ ਦੀ ਬਾਹਰਲੀ ਕ੍ਰਿਆ ਵਧਦੀ ਗਈ, ਇਨ੍ਹਾਂ ਨੇ ਉਸ ਨੂੰ ਨਾ ਅਨੁਭਵ ਕਰਨਾ ਤੇ ਪਾਖੰਡੀ ਗੁਰੂਆਂ ਦਾ ਲਿਬਾਸੀ ਪ੍ਰਚਾਰ ਵਿਚ ਜ਼ਿਆਦਾ ਪ੍ਰਵੇਸ਼ ਕਰਵਣਾ ਸ਼ੁਰੂ ਹੁੰਦਾ ਗਿਆ, ਤਿਉਂ ਤਿਉਂ ਭਾਈ ਮਨੀ ਸਿੰਘ ਜੀ ਦੇ ਪ੍ਰਚਾਰ ਤੇ ਪੜਦਾ ਪੈਂਦਾ ਗਿਆ। ਪਰੰਤੂ ਪੜਦਾ ਵੀ ਇਜੇਹਾ ਲੋਕਾਂ ਤੇ ਪਾਯਾ ਕਿ ਜੋ ਭਾਈ ਮਨੀ ਸਿੰਘ ਜੀ ਨੇ ਚਲਾਯਾ ਹੈ ?

ਕੁਝ ਲੋਕਾਂ ਨੂੰ ਸਿਖ ਸਭਾ ਅਕਾਲੀਆਂ ਦੇ ਪ੍ਰਚਲਤ ਕੀਤੇ ਹੋਏ ਪਾਠ :—

ਦੋਹਰਾ ॥ ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਅਹੁ ਗ੍ਰੰਥ ।
ਗੁਰੂ ਗ੍ਰੰਥ ਜੀ ਮਾਨੀਓ, ਪ੍ਰਗਟ ਗੁਰਾਂ ਕੀ ਦੇਹ ।
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇਹ ।

ਵੇਖੋ-ਗੁਰੂ ਵਿਲਾਸ ਪ: ੬, ਭਾਈ ਮਨੀ ਸਿੰਘ ਜੀ ਦੀ ਸੰਪ੍ਰਦਾਯ ਦੇ (ਰਚਿਤ ਟਕਸਾਲੀ) ਗਿਆਨੀ ੧੨ ਕਰ ਦਿਤੀ, ਜਿਸ ਦਾ ਲੇਖ ਗੁਰੂ ਪ੍ਰਤਾਪ ਸੂਰਯ ਵਿਚ ਇਉਂ ਆਯਾ ਹੈ :— ਨੇ ਭ੍ਰਮ ਪਾ ਦਿਤਾ ਹੈ। ਇਸ ਅਨੁਕੂਲ ਵਡੇ ਵਡੇ ਵਿਦ੍ਵਾਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦਾ ਪ੍ਰਸੰਗ ਲਿਖ ਬੈਠੇ ਹਨ'। ਇਹ ਵਾਸਤ੍ਵ ਵਿਚ ਮੌਜੂਦਾ ਇਤਿਹਾਸਿਕਾਂ ਤੋਂ ਗ਼ਲਤੀ ਹੋ ਗਈ ਹੈ। ਜੇ ਸ੍ਰੀ ਗੁਰੂ ਜੀ ਦਾ ਇਤਿਹਾਸ ਵੇਖਿਆ ਜਾਵੇ ਤਾਂ ਗੁਰ ਬਿਲਾਸ ਪਾ: ੧੦, ਸ੍ਰੀ ਗੁਰ ਪ੍ਰਤਾਪ ਸੂਰਯ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਕਹਿ ਕੇ ਸਮਾਪਤਿ ਨਹੀਂ ਹੁੰਦਾ, ਬਲਕਿ ਸ੍ਰੀ ਅਜੀਤ ਸਿੰਘ ਜੀ (ਪਾਲਤੂ ਪੁਤ੍ਰ) ਤੇ ਸ੍ਰੀ ਰੋਠੀ ਸਿੰਘ ਜੀ ਨੂੰ ਗਾਦੀ ਦਾ ਵਾਰਸ ਮੰਨਿਆ ਹੋਇਆ ਸ੍ਰੀ ਹਠੀ ਸਿੰਘ ਤੇ ਮਹਾਰਾਜ ... ਹਠੀ ਸਿੰਘ ਵਿਚੋਂ 'ਨਾਨਕ' ਨਾਮ ... ਗਿਆ ਪ੍ਰੰਤੂ ਇਹ 'ਦੂਸ਼ਣ' ਕਿਸੇ ਬੀੜ ਤੋਂ ਸਾਬਤ ਨਹੀਂ ਹੋਯਾ। ਸ੍ਰੀ ਅਜੀਤ ਸਿੰਘ ਤੇ ਤੁਰਕੇਸ੍ਵਰ ਅੱਗੇ ਕੇਸ਼ ਭੇਟ ਦੇਣ ਦਾ ਦੂਸ਼ਣ ਗੁਰੂ ਪ੍ਰਤਾਪ ਸੂਰਜ ... ਖੰਡਤੂ

[illegible]

[illegible] ਬਿਕ੍ਰਮੀ ਵਿਚ [illegible] ਸ੍ਰੀ ਭੈਣੀ ਸਾਹਿਬ [illegible]

[illegible] ਗੁਰੂ [illegible] ਸਿੰਘ [illegible]

[illegible]

ਗੁਰੂ ਸੰਤ ਦੇ 'ਹਰਦਯ ਚੋਂ ਨਿਕਲੀ ਹੋਈ ਉਹੀ ਪਰਮੇਸ੍ਵਰ ਹੈ। ਇਸ ਸਿਧਾਂਤ

ਨਾਲ [illegible] ਗੁਰੂ [illegible]

[illegible] ਨਹੀਂ। ਗੁਰਬਾਣੀ ਵਿਚ ਕਿਸੇ ਬੇਜਾਨ ਨੂੰ ਗੁਰੂ ਦੀ ਪਦਵੀ

ਕਿਸੇ ਵੀ [illegible] —ਕਿ ਗੁਰੂ ਜੀ ਦੇ

[illegible] ਗੁਰਤਾ ਤਾਂ ਚਮਕੌਰ ਵਿਚ ਯੋਗਜ ਹਸਤੀ ਲੈ ਚੁਕੀ ਸੀ—ਫਿਰ ਹੋਰ ਗੁਰਤਾ

ਕਿਸਤਰ੍ਹਾਂ ਹੋਂਦੀ ਤੇ ਕਿਸਤਰ੍ਹਾਂ [illegible]? [illegible]

[illegible] ਕਦੀ ਕਈ ਬੀੜ, ਕਦੀ ਕਈ ਬੀੜ ਪ੍ਰਸਿਧ ਕਰਨ ਦਾ ਯਤਨ ਕਰਦੇ

[illegible] ਸਾਬਤ ਉਹ ਦੇਰ ਨਾਲ ਹੋ ਸਕੇ।

[illegible] 'ਗੁਰਬਾਣੀ ਸਦਾ ਹੀ ਪੂਜਯ' ਹੈ। ਚਾਹੇ ਇਕ ਤੁਕ

ਹੈ, ਚਾਹੇ ਇਕ ਸ਼ਬਦ ਹੈ, ਚਾਹੇ ਇਕ ਬਾਣੀ ਹੈ, ਚਾਹੇ ਇਕ ਰਾਗ ਹੈ, ਚਾਹੇ ਅੱਧੀ

ਬੀੜ ਹੈ, ਚਾਹੇ ਪੂਰੀ ਬੀੜ ਹੈ—ਗੁਰੂ ਬਾਣੀ ਸਦਾ ਪੂਜਯ ਹੈ। ਸ੍ਰੀ ਗੁਰੂ ਨਾਨਕ ਜੀ

[illegible] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਮਸਕਾਰਦੇ ਸਨ। ਇਹ ਬਾਣੀ ਤਾਂ

ਸੋਮਰ (ਬੰਤ) ਤੇ ਅੱਠ ਪੜ੍ਹੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੱਥੀਂ ਲਿਖੇ ਹੋਏ ਮੰਨ ਕੇ ਰਖੇ ਹੋਏ ਹਨ, ਪਤ੍ਰਿਆਂ ਦਾ ਉਤਾਰਾ ਵੀ ਨਾਲ ਹੀ ਦਰਜ ਕੀਤਾ ਹੋਯਾ ਹੈ। ਤੇਤ੍ਹਾ ਦਾ ਉਤਾਰਾ ਵੀ ਨਾਲ ਨਹੀਂ ਲਿਖਿਆ ਹੋਯਾ ਹੈ। ਇਹ ਵੀ ਮੈਂ ਲਿਖਾਰੀ ਦੇ ਹੀ ਲਿਖੇ ਹੋਏ ਮੰਨਦਾ ਹਾਂ, ਕਿਉਂਕਿ ਨਵੇਂ ਲਗੇ ਹਾਸ਼ੀਏ ਉਤੇ ਭੀ ਸ਼ਕਸਤਾ ਗੁਰਮੁਖੀ ਦੇ ਅੱਖਰ ਆਏ ਹੋਏ ਹਨ । ਇਹਨਾਂ ਸ਼ਕਸਤਾ ਗੁਰਮੁਖੀ ਦੇ ਪੰਨਿਆਂ ਤੋਂ ਇਸ ਬੀੜ ਦੀ ਪ੍ਰਭੁਤਾ ਹੋਰ ਵੀ ਵਧ ਗਈ। ਅੰਗ ੬੧੫, ੭੪੪, ੭੪੫, ੭੪੬ ੭੪੭, ੭੪੮, ੭੫੫, ਅਤੇ ੭੫੬ ਦੇ ਪਤਰੇ ਸ਼ਕਸਤਾ ਗੁਰਮੁਖੀ ਵਿਚ ਹਨ। ਇਹ ਇਸ ਵਾਸਤੇ ਨਾਲ ਨਹੀਂ ਲਾਏ ਹੋਏ ਕਿ ਇਨਾਂ ਦੇ ਦਰਸ਼ਨ ਕਰਵਾ ਕਰਕੇ ਲੋਕਾਂ ਤੋਂ ਪੂਜਾ ਲਈ ਜਾਵੇ ਬਲਕਿ ਇਨਾਂ ਨੂੰ ਬਤੌਰ ਯਾਦਗਾਰ ਅਤੇ ਅਦਬ ਰਖਣ ਲਈ ਜੋੜ ਵਿਚ ਰਖਿਆ ਹੋਯਾ ਹੈ। ਇਹ ਪੰਨੇ ਕਈ ਪ੍ਰਸੰਗਾਂ ਨਾਲ ਸੰਬੰਧ ਰਖਦੇ ਹਨ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਹਨ।

ਮੇਰੀ ਵਿਚਾਰ ਇਸ ਸਿੱਟੇ ਤੇ ਪੁਜੀ ਹੈ ਕਿ ਭਾਈ ਮਨੀ ਸਿੰਘ ਜੀ ਦੀ ਬੀੜ ਨੂੰ ਵੇਖ ਕੇ ਹੀ ਕਰਤਾਰਪੁਰੀਆਂ ਨੇ ਆਪਣੀ ਬੀੜ ਵਿਚ ਸ਼ਿਕਸਤਾ ਗੁਰਮੁਖੀ ਵਾਲੇ ਪੰਨੇ ਪਾਏ ਹਨ, ਭਾਈ ਮਨੀ ਸਿੰਘ ਜੀ ਦੀ ਬੀੜ ਦੇ ਪੰਨੇ ਤਾਂ ਬਾਣੀ ਦੇ ਹਨ ਪ੍ਰੰਤੂ ਕਰਤਾਰ ਪੁਰੀ ਬੀੜ ਦੇ ਪੰਨੇ (ਵੈਦਿਕ) ਨੁਸਖਿਆਂ ਦੇ ਹਨ। ਇਹ ਵੀ ਹੋ ਸਕਦਾ ਹੈ, ਕਿ ਮੀਣੇ ਧੀਰਮਲੀਏ ਵੇਲੇ ਸਤਿਗੁਰਾਂ ਦੇ ਦਸਤਖਤਾਂ ਵਾਲੇ ਪੰਨੇ ਬੀੜ ਵਿਚ ਦਾਖਲ ਕੀਤੇ ਗਏ ਹੋਣ। ਤਾਕਿ ਭਾਈ ਮਨੀ ਸਿੰਘ ਦੀ ਬੀੜ ਦਾ ਲੋਕਾਂ ਵਿਚੋਂ ਉਤਸ਼ਾਹ ਘਟ ਜਾਵੇ ਅਤੇ ਸਾਡੀ ਬੀੜ ਨੂੰ ਲੋਕ ਹਰ ਤਰਾਂ ਸਮ੍ਰਿਧਿ ਸੰਪੰਨ ਤੇ ਪੂਜਯ ਸਮਝਣ। ਇਹ ਵੀ ਹੋ ਸਕਦਾ ਹੈ ਕਿ ਭਾਈ ਮਨੀ ਸਿੰਘ ਜੀ ਤੇ ਦੂਸ਼ਣ ਦੀ ਕਹਾਣੀ ਵੀ ਇਸ ਬੀੜ ਦੇ ਪ੍ਰਚਾਰ ਤੋਂ ਈਰਖਾ ਨਾਲ ਕਿਸੇ ਵਿਰੋਧੀ ਦੀ ਹੀ ਘੜੀ ਹੋਵੇ ? ਇਹ ਵੀ ਖਿਆਲ ਹੈ ਕਿ ਈਰਖਾ ਦੇ ਕਾਰਣ ਹੀ ਕੋਈ ਪ੍ਰੇਮੀ ਇਸ ਨੂੰ ਪੰਜਾਬ ਅਥਵਾ ਦਿੱਲੀ ਤੋਂ ਨਾਂਦੇੜ (ਦੱਖਣ) ਲੈ ਗਿਆ ਹੋਵੇ ? ਓਥੇ ਵੀ ਸ੍ਰੀ ਹਰਿ ਮੰਦਿਰ ਜੀ ਦੇ ਪੁਜਾਰੀਆਂ ਨੇ ਬੀੜ ਨੂੰ ਨਹੀਂ ਨਿਵਾਜਿਆ। ਬਲਕਿ ਮਾਮੂਲੀ ਜਹੇ ਘਰ ਵਿਚ ਇਸ ਬੀੜ ਦਾ ਨਿਵਾਸ ਰਿਹਾ ਹੈ। ਸ੍ਰੀ ਹਜ਼ੂਰ ਸਾਹਿਬ ਦੇ ਲੋਕਾਂ ਨੂੰ ਵੀ ਏਸ ਬੀੜ

ਗੁਰ ਵਿਲਾਸ ਪਾ: ੧੦ ਵਿਚ 'ਤੁਰਕੇਸ੍ਰਰ (ਫਰੁੱਖਸੀਅਰ) ਨੇ ਜ਼ੁਲਮ ਨਾਲ ਸ਼੍ਰੀ ਅਜੀਤ ਸਿੰਘ ਜੀ ਦੇ ਕੇਸ਼ ਕਟਵਾਏ' ਲਿਖਦਾ ਹੈ। ਫਰੁੱਖ਼ਸੀਅਰ ਨੇ ਸ਼੍ਰੀ ਅਜੀਤ ਸਿੰਘ ਜੀ ਨੂੰ ਕਤਲ ਕਰਵਾਯਾ ਗੁਰੂ ਜਿਨਾਂ ਦੀ ਸਮਾਧਿ ਸਬਜ਼ੀ ਮੰਡੀ ਦਿਲੀ ਵਿਚ ਮੌਜੂਦ ਹੈ, ਇਸ ਤੋਂ ਅੱਗੇ ਸ਼੍ਰੀ ਬੰਦੇ ਬਹਾਦਰ ਨੂੰ ਵੀ 'ਗੁਰੂ' ਮੰਨਿਆ ਜਾਂਦਾ ਰਿਹਾ ਹੈ, ਫੇਰ ਮਿਸਲ ਰਾਜ ਸਮਯ ਬਾਬਾ ਸਾਹਿਬ ਸਿੰਘ ਜੀ ਬੇਦੀ ਨੂੰ ਗੁਰੂ ਮੰਨਿਆ ਜਾਂਦਾ ਰਿਹਾ ਹੈ। ਸ੍ਰੀ ਬਾਲਕ ਸਿੰਘ ਜੀ ਸ੍ਰੀ ਰਾਮ ਸਿੰਘ ਜੀ (ਨਾਮਧਾਰੀ) 'ਗਰੁਤਾ' ਦੇ ਵਾਰਸ ਕਹਾਏ ਹਨ। ਗੁਰੂ ਪ੍ਰਤਾਪ ਸੂਰਯ ਵਿਚ ਚਮਕੌਰ ਦੇ ਜੰਗ ਵਿਚ ਸੰਤ ਸਿੰਘ ਜੀ ਨੂੰ ਗੁਰੁਤਾ ਦੇਣ ਦਾ ਲੇਖ ਹੈ। ਗੁਰੁਵਿਲਾਸ ਪਾ ੧੦ ਵਿਚ ਸੰਗਤ ਸਿੰਘ ਜੀ ਨੂੰ ਗੁਰੁਤਾ ਅਰਪਣ ਦਾ ਜ਼ਿਕਰ ਹੈ। ਫਿਰ-ਦੁਬਾਰਾ ਕਦੀ ਕਿਸੇ ਗੁਰੂ ਨੇ ਵੀ ਗੁਰੁਤਾ ਨਹੀਂ ਦਿਤੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਨਾਂਦੇੜ ਪਹੁੰਚੇ-ਉਦੋਂ ਜੇ ਕਿਸੇ ਨੂੰ ਗੁਰੁਤਾ ਅਰਪਦੇ ਤਾਂ ਦੁਬਾਰਾ ਅਰਪਣਾ (ਕੁਲ ਸੰਸਾਰ ਵਿਚ ਹੀ) ਦੂਸ਼ਣ ਹੈ। ਨਾਲ ਹੀ ਪੁਰਾਤਨਿ ਗ੍ਰੰਥਾਂ ਵਿਚ ਇਹ ਲੇਖ ਹੀ ਨਹੀਂ।

ਡਾ. ਭਾਈ ਵੀਰ ਸਿੰਘ ਜੀ ਤੇ ਸ. ਬ. ਕਾਂਨ੍ਹ ਸਿੰਘ ਜੀ ਨਾਭਾ ਨੇ ਜੋ ਗੁਰੁਤਾ ਸੰਬੰਧੀ ਲੇਖ ਲਿਖੇ ਹਨ। ਉਹ ਸਿੰਘ ਸਭਾ ਲਹਿਰ ਦੀ ਝਲਕ ਵਿਚ ਲਿਖੇ ਹਨ—ਜੋ ਸਤਯ ਨਹੀਂ।

ਗੁਰੁਤਾ ਬਾਰੇ ਇਹ ਖ਼ਯਾਲ ਹੋਰ ਵੀ ਸੋਚਨੀਯ ਹਨ :—ਕਿ ਗੁਰੂ ਜੀ ਦੇ ਪਾਸੋਂ ਗੁਰੁਤਾ ਤਾਂ ਚਮਕੌਰ ਵਿਚ ਯੋਗਯ ਹਸਤੀ ਲੈ ਚੁਕੀ ਸੀ—ਫਿਰ ਹੋਰ ਗੁਰੁਤਾ ਕਿਸਤਰਾਂ ਹੋਣੀ ਤੇ ਕਿਸਤਰਾਂ ਹੋਰ ਨੂੰ ਦਿਤੀ? ਗੁਰੂ ਬਾਣੀ ਨੂੰ ਤਾਂ, ਜੋ ਵੀ ਸਤਿਗੁਰੁ ਹੁੰਦੇ ਸਨ। ਸਿਰ ਹੀ ਝੁਕੋਂਦੇ ਸਨ। ਏਸ ਹੀ ਖਯਾਲ ਨਾਲ :—ਜਿੰਨਾਂ ਚਿਰ ਉਨਾਂ ਦਾ ਸ਼ਰੀਰ ਰਹਿੰਦਾ ਸੀ, ਆਪਣੀ ਬਾਣੀ ਵਡੇ ਸਤਿ-ਗੁਰਾਂ ਦੀ ਬਾਣੀ ਵਿਚ ਕਦੀ ਵੀ ਨਹੀਂ ਰਲੇਂਦੇ ਸਨ। 'ਗੁਰੁਬਾਣੀ ਸਦਾ ਹੀ ਪੂਜਯ' ਹੈ। ਚਾਹੇ ਇਕ ਤੁਕ ਹੈ, ਚਾਹੇ ਇਕ ਸ਼ਬਦ ਹੈ, ਚਾਹੇ ਇਕ ਬਾਣੀ ਹੈ, ਚਾਹੇ ਇਕ ਰਾਗ ਹੈ, ਚਾਹੇ ਅੱਧੀ ਬੀੜ ਹੈ, ਚਾਹੇ ਪੂਰੀ ਬੀੜ ਹੈ—ਗੁਰੂ ਬਾਣੀ ਸਦਾ ਪੂਜਯ ਹੈ। ਸ਼੍ਰੀ ਗੁਰੂ ਨਾਨਕ ਜੀ ਦੀ ਬਾਣੀ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਮਸਕਾਰਦੇ ਸਨ। ਇਹ ਬਾਣੀ ਤਾਂ

[illegible] ਸ੍ਰੀ ਗੁਰੂ ਗੋਬਿੰਦ ਸਿੰਘ ਜੀ [illegible]
[illegible]
[illegible]
[illegible] ਸੁਕਸਤਾ ਗੁਰਮੁਖੀ
ਹੋਏ ਅੱਖਰ ਆਏ ਹੋਏ ਹਨ । ਇਹਨਾਂ ਸੁਕਸਤਾ ਗੁਰਮੁਖੀ ਦੇ ਪੰਨਿਆਂ ਤੋਂ ਇਸ
ਬੀੜ [illegible] ਸਿਖਾਏ [illegible]
[illegible] ਗੁਰਮੁਖੀ ਵਿਚ ਹਨ । [illegible]
[illegible]
[illegible]
[illegible]
[illegible] ਹੀ ਲੜੀ ਵਿਚ ਸ: ਬ:
ਕਾਨ੍ਹ ਸਿੰਘ [illegible] ਗੁਰਮਤਿ ਪ੍ਰਭਾਕਰ, ਗੁਰਮਤ ਸੁਧਾਕਰ [illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]
[illegible]

ਨਾਲ ਕੋਈ ਖ਼ਾਸ ਦਿਲਚਸਪੀ ਨਹੀਂ ਸੀ। ਮੈਨੂੰ ਇਸ ਬੀੜ ਦਾ ਮਾਮੂਲੀ ਤੌਰ ਤੇ ਸੰਨ ੧੯੩੨ ਤੋਂ ਹੀ ਪਤਾ ਸੀ। ਪ੍ਰੰਤੂ ਆਕਰਸ਼ਿਤਾ ਦਾ ਪ੍ਰਭਾਵ ਰਾਜਾ ਗੁਲਾਬ ਸਿੰਘ ਜੀ ਦੇ ਗ੍ਰਿਹ ਵਿਚ ਦਰਸ਼ਨ ਕਰਨ ਤੋਂ ਪਿਆ। ਨਾਲ ਫਬਦੀ ਗੱਲ ਇਹ ਵੀ ਹੈ ਕਿ ਭਾਈ ਬੰਨੋ ਜੀ ਦੀ ਬੀੜ ਦੇ ਵਿਚ ਹੀ ਪੰਜ ਹੁਕਮ ਨਾਮੇ ਬਕਸਤਾ ਗੁਰਮੁਖੀ ਵਿਚ ਲਿਖੇ ਹੋਏ ਰੱਖੇ ਹੋਏ ਹਨ—ਇਹ ਵੀ ਬੀੜ ਨੂੰ ਆਕਰਸ਼ਿਤ ਕਰਨ ਦੇ ਹੀ ਕਾਰਣ ਰੱਖੇ ਗਏ ਹਨ। ਇਨ੍ਹਾਂ ਦਾ ਬੀੜ ਨਾਲ ਕੋਈ ਸਬੰਧ ਨਹੀਂ ਕਿਉਂਕਿ ਇਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਇਕ ਤੋਲਾ ਸੋਨੇ (ਯਾ ੨੦) ਵੀਹ ਰੁਪੈ ਦੀ ਮੰਗ ਕੀਤੀ ਹੋਈ ਹੈ। ਇਹੋ ਜਹੇ ਹੁਕਮਨਾਮੇ ਸਿੱਖਾਂ ਵਲ ਜਾਰੀ ਕਰਨੇ ਗੁਰੂ ਜੀ ਦੀ ਸ਼ਖਸੀਅਤ ਦੇ ਵਿਰੁਧ ਹਨ। ਇਸ ਪ੍ਰਕਾਰ ਦੇ ਕਈ ਹੋਰਨਾ ਲੋਕਾਂ ਪਾਸ ਵੀ ਹੁਕਮਨਾਮੇ ਹਨ, ਜਿਨ੍ਹਾਂ ਵਿਚ "ਮੈਂ ਰਿਣੀ ਹਾਂ। 'ਸੰਗਤ ਇਨ੍ਹਾਂ ਨੂੰ ਪੇਸ਼ ਟਕੇ ਭੇਟ ਦੇਵੇ' ਆਦਿ ਅਸ਼ੁੱਧ ਸ਼ਬਦ ਹਨ, ਜੋ ਸਤਿਗੁਰਾਂ ਦੀ ਹਸਤੀ ਤੋਂ ਕਦੀ ਵੀ ਨਿਕਲ ਨਹੀਂ ਸਕਦੇ।

[illegible]

ਬੀੜਾਂ ਤੋਂ ਇਕ ਹੋਰ ਅਜੀਬ ਗਜਾਨ ਹੋਯਾ ਹੈ ਕਿ ਪਾਠ ਕਰਨ ਦੀ ਗਤਿ ਵੀ ਪਾਖੰਡੀਆਂ ਨੇ ਸਤਿਗੁਰਾਂ ਯਾ ਭਾਈ ਮਨੀ ਸਿੰਘ ਜੀ ਦੀ ਬੀੜ ਤੋਂ ਬਾਦ ਚਲਾਈ ਹੈ। ਇਹ ਬਾਣੀ ਕੇਵਲ ਸੁ-ਕਲਜਾਣ ਲਈ ਹੀ ਭਾਈ ਮਨੀ ਸਿੰਘ ਜੀ ਦੇ ਸਮਯ ਤਕ ਰਹੀ ਹੈ। ਹੁਣ ਤਾਂ ਅਣੋਖੇ ਹੀ ਪਾਠ ਚਲ ਪਏ ਹਨ—ਸਹਿਜ, ਸਪਤਾਹ, ਅਖੰਡ, ਸੰਪਟ ਤੇ ਸੰਪਟ ਅਖੰਡ ਆਦਿ ਕਈ ਨਾਮ ਧਰੇ ਹੋਏ ਹਨ। ਇਹ ਡੇਰੇ ਦਾਰਾਂ ਦੇ ਵਾਪਾਰ ਹਨ। ਵਾਪਾਰ ਉਹ ਕਰਨਾ ਠੀਕ ਹੈ, ਜਿਸ ਵਿਚ ਮਿਹਨਤ ਘਟ ਤੇ ਨਫਾ ਜ਼ਿਆਦਾ ਹੋਵੇ। ਸਹਿਜ ਨਾਲੋਂ ਸਪਤਾਹ, ਸਪਤਾਹ ਨਾਲੋਂ ਅਖੰਡ, ਅਖੰਡ ਨਾਲੋਂ ਸੰਪਟ ਤੇ ਸੰਪਟ ਨਾਲੋਂ ਸੰਪਟ ਅਖੰਡ ਪਾਠ ਵਿਚ ਜ਼ਿਆਦਾ ਆਮਦਨ ਹੁੰਦੀ ਹੈ—ਇਹ ਡੇਰੇ ਦਾਰਾਂ ਦਾ ਸਿਧਾਂਤ ਹੈ।

ਇਹ ਦੋ ਬੀੜਾਂ ਜੰਭਰ ਜ਼ਿਲਾ ਲਾਹੌਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ ਵਿਚ ਸਨ। ਇਹ ਅਸਥਾਨ 'ਹਠੀ ਯੋਧੇ' ਮਹਾਂ ਪੁਰਸ਼ ਬਾਬਾ ਪ੍ਰੇਮ ਸਿੰਘ ਜੀ ਨਿਹੰਗ ਦੇ ਪ੍ਰਬੰਧ ਸੀ—ਇਸ ਮਹਾਂਪੁਰਸ਼ ਨੇ ਸ੍ਰੀ ਬਾਬਾ ਗਜਾਨ ਸਿੰਘ ਜੀ ਜਥੇਦਾਰ ਬੁੱਢਾ ਦਲ ਦੇ ਨਾਲ, ਬੁੱਢੇ ਦਲ ਦਾ ਨਿਸ਼ਾਨ (ਝੰਡਾ) ਜੋ ਕਿ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਖਣ ਵਿਚ ਰੋਕ ਲਿਆ ਗਿਆ ਸੀ, ਪੰਜਾਬ ਲਿਆਂਦਾ ਸੀ। ਇਸ ਦਾ ਕਾਰਣ ਇਹ ਸੀ। ਕਿ "ਨਿਰਮਲ ਪੰਚਾਇਤੀ ਅਖਾੜਾ (ਧਰਮਧੁਜਾ) ਸ੍ਰੀ ਹਜ਼ੂਰ ਸਾਹਿਬ ਪੁੱਜ ਕੇ ਪੁਜਾਰੀਆਂ ਨੂੰ ਲੋਭ ਦੇਕੇ ਸ੍ਰੀ ਹਰਿਮੰਦਿਰ ਜੀ ਦੀ ਪਰਿਕਰਮਾ ਕਰਨਾ ਚਾਹੁੰਦਾ ਸੀ ਅਤੇ ਨਿਹੰਗ ਸਿੰਘ ਉਨ੍ਹਾਂ ਦੇ ਮਜ਼ਹਬੀ ਅਕੀਦੇ ਤੇ ਦੋਸ਼ ਆਰੋਪਣ ਕਰਦੇ ਸਨ, ਜਿਸ ਤੋਂ ਨਿਰਮਲਿਆਂ ਤੇ ਪੁਜਾਰੀਆਂ ਨੇ ਨਿਹੰਗਾਂ ਸਿੰਘਾਂ ਤੋਂ ਚੋਰੀ ਸ੍ਰੀ ਹਰਿਮੰਦਿਰ ਜੀ ਦੇ ਪਰਿਕਰਮਾਂ ਦਾ ਪ੍ਰੋਗਰਾਮ ਸਵੇਰੇ ਦੋ ਵਜੇ ਬਣਾਲਿਆ, ਕਿ ਓਸ ਵੇਲੇ ਹਰਿਮੰਦਿਰ ਵਿਚ ਕੋਈ ਨਿਹੰਗ ਸਿੰਘ ਨਹੀਂ ਹੋਵੇਗਾ ਤੇ ਅਸੀਂ ਤੁਹਾਡੀ ਅਰਦਾਸ ਕਰ [illegible] ਨਿਹੰਗਾਂ ਸਿੰਘਾਂ ਨੇ ਆਪਣੇ ਆਦਮੀ ਖੜੇ ਕਰ ਦਿੱਤੇ, ਰਾਤਿ ਦੇ ਦੋ ਵਜੇ ਸ੍ਰੀ ਹਰਿਮੰਦਰ ਜੀ ਦਾ ਸ਼ਨਾਨ ਆਦਿ ਹੋਕੇ ਦਰਵਾਜ਼ਾ ਖੁੱਲਿਆ ਤਾਂ ਨਿਰਮਲ ਪੰਚਾਇਤੀ ਅਖਾੜਾ ਵੀ ਸੱਜ ਧੱਜ ਨਾਲ ਪਹੁੰਚ ਗਿਆ। ਰਸਤੇ ਵਿਚ ਉਨ੍ਹਾਂ ਨੂੰ ਇਕ ਨਿਹੰਗ ਸਿੰਘ ਨੇ ਸ੍ਰੀ ਬਾਬਾ ਤਪਾ ਸਿੰਘ ਜੀ ਜਥੇਦਾਰ ਬੁੱਢਦਲ ਦਾ ਸਦੇਸ਼ ਦਿਤਾ ਕਿ ਇਹ ਚੰਗੀ ਠੀਕ ਨਹੀਂ। ਸੰਗਤ ਦੇ ਦੀਵਾਨ ਵਿਚ ਫੈਸਲਾ ਸਵੇਰ ਕਰ ਲਿਆ ਜਾਵੇ, ਪ੍ਰੰਤੂ ਅੱਗੋਂ ਜਵਾਬ ਦੇਣ ਵਿਚ ਨਿਰਮਲਿਆਂ ਵਲੋਂ ਗਲਤੀ ਹੋਈ, ਉਹਨਾਂ ਨਿਹੰਗ ਸਿੰਘਾਂ ਨੂੰ ਕਗਾਲ ਤੇ ਆਪਣੇ ਪੇਸ਼ੇ ਵਾਲੇ ਅਨਭਵ ਕਰ ਕੇ ਉੱਤਰ ਵਿਚ ਕਿਹਾ ਕਿ "ਅਸੀਂ ਚਾਂਦੀ ਦੀ ਜੁੱਤੀ ਨਾਲ ਸ੍ਰੀ ਹਰਿਮੰਦਿਰ (ਤਖਤ) ਦੀ ਪਰਿਕਰਮਾ ਕਰਾਂਗੇ।" ਨਿਹੰਗ ਸਿੰਘ ਏਸ ਉੱਤਰ ਤੋਂ ਹੋਰ ਚਿੜ ਗਏ ਤੇ ਨਿਰਮਲ ਪੰਚਾਇਤੀ ਅਖਾੜਾ ਅਜੇ ਸ੍ਰੀ ਹਰਿਮੰਦਿਰ ਜੀ ਦੀਆਂ ਪਉੜੀਆਂ ਹੀ ਚੜ੍ਹ ਰਿਹਾ ਸੀ ਕਿ ਨਿਹੰਗਾਂ ਸਿੰਘਾਂ ਨੇ ਸ਼ਸਤ੍ਰ ਹਮਲਾ ਕਰ

ਦਿਤਾ, ਜਿਸ ਤੋਂ ੧੩ ਨਿਰਮਲੇ ਉਸੇ ਥਾਂ ਮਰ ਗਏ। ਅਖਾੜਾ ਸਥਾਨ ਨੂੰ ਭੱਜ ਗਿਆ। ਪੁਲਿਸ ਆ ਗਈ ਨਿਹੰਗ ਸਿਘ ਪਕੜੇ ਗਏ, ਕੁਝ ਪੁਲਿਸ ਤੋਂ ਡਰਦੇ ਭੱਜ ਗਏ। ਕਈ ਲੁਕ ਛਿਪਕੇ ਪੰਜਾਬ ਨੂੰ ਆ ਗਏ। ਬੁਢਾਦਲ ਜੋ ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ਾ ਹੋਣ ਨਾਲ ਉਥੇ ਚਲਾ ਗਿਆ ਸੀ ਅਤੇ ਉਥੇ ਏਸ ਬੁਰੀ ਘਟਨਾ ਦੇ ਘਟਨ ਕਰ ਕੇ (ਝੰਡਾ) ਨਿਸ਼ਾਨ ਉਥੋਂ ਪੰਜਾਬ ਲਿਔਣ ਤੋਂ ਅਸਮਰਥ ਹੋ ਗਿਆ, ਕਿਉਂਕਿ ਪੁਰਾਤਨ ਮਰਯਾਦਾ ਅਨੁਸਾਰ-ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਪੰਜ ਆਦਮੀਆਂ ਤੋਂ ਬਿਨਾਂ ਇਕ ਥਾਂ ਤੋਂ ਦੂਜੀ ਥਾਂ ਨਹੀਂ ਸੀ ਲਿਜਾਈ ਜਾ ਸਕਦੀ ਅਤੇ ਇਹਨਾਂ ਨਾਲ ਨਗਾਰਾ ਨਿਸ਼ਾਨ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਸੀ। ਇਸੇ ਹੀ ਸਰੂਪ ਨਾਲ ਪੰਜਾਬ ਵਾਪਸ ਲਿਔਣੀ ਵੀ ਸੀ ਪਰੰਤੂ ਏਸ ਲੜਾਈ ਨੇ ਬਹੁਤ ਵਿਘਨ ਪਾ ਦਿੱਤਾ।

ਨਿਰਮਲ ਅਖਾੜੇ (ਧਰਮਧਜਾ) ਤੋਂ ਮਾਯਾ ਲੈ ਕੇ ਅਰਦਾਸ ਕਰਨ ਦਾ ਜੋ ਵਿਚੋਲਾ ਸੀ। ਉਹ ਵੱਡਾ ਗ੍ਰੰਥੀ ਅਕਾਲੀ ਹਜ਼ੂਰਾ ਸਿਘ ਨਿਹੰਗ ਦਾ ਪਿਤਾ ਸੀ। ਇਸ ਲੜਾਈ ਨੇ ਉਸ ਦੀਆਂ ਆਸਾ ਉਤੇ ਪਾਣੀ ਫੇਰ ਦਿੱਤਾ। ਓਸ ਵੇਲੇ ਕੋਈ ਖਾਸ ਆਮਦਨ ਨਹੀਂ ਸੀ। ਸ੍ਰੀ ਹਰਿਮੰਦਰ ਜੀ ਵਿਚ ਪੈਸਾ ਟਕਾ ਮੱਥਾ ਟੇਕਣ ਦਾ ਰਿਵਾਜ ਨਹੀਂ ਸੀ.ਜੋ ਪੱਕੀ ਆਮਦਨ ਸੀ—ਉਸ ਦਾ ਮੁੰਤਜ਼ਿਮ ਸਰਕਾਰ ਹੈਦਰਾਬਾਦ ਦਖਣ ਵਲੋਂ ਸਰਬਰਾਹ ਨੀਯਤ ਕੀਤਾ ਜਾਂਦਾ ਸੀ—ਜੋ ਅਮੂਮਨ ਸਿਖ ਹੀ ਹੁੰਦਾ ਹੈ। ਉਸ ਨੂੰ ਕਾਗਜ਼ਾਂ ਵਿਚ ਪੂਰਾ ਦਰਜ ਕਰਨਾ ਪੈਂਦਾ ਸੀ-ਜਿਸ ਤੋਂ ਕੋਈ ਮੁਲਾਜਿਮ ਵਧੀਕ ਰਕਮ ਯਾ ਗੜ ਬੜ ਕਰ ਕੇ ਮਾਯਾ ਪ੍ਰਾਪਤ ਕਰਨ ਦਾ ਮੌਕਾ ਨਹੀਂ ਪ੍ਰਾਪਤ ਕਰ ਸਕਦਾ ਸੀ। ਇਸ ਵਾਸਤੇ ਪੁਜਾਰੀਆਂ ਦਾ ਜੀਵਨ ਉੱਚਜ ਸਤਰੀ ਨਹੀਂ ਸੀ-ਇਸ ਲਈ ਲੋਭਵਸ਼ ਉਹ ਕਈ ਪ੍ਰਕਾਰ ਦੇ ਇਧਰ ਉਧਰ ਹੱਥ ਮਾਰਦੇ ਸਨ ਯਾ ਹਨ। ਪੁਜਾਰੀਆਂ ਨੂੰ ਨਿਰਮਲ ਅਖਾੜੇ ਤੋਂ ਕਾਫੀ ਪੈਸਾ ਮਿਲਣ ਦਾ ਅਹਿਸਾਸ ਸੀ-ਜਿਸ ਵਿਚ ਮੁਖਯ ਪੁਰਸ਼ ਵੱਡਾ ਗ੍ਰੰਥੀ ਸੀ।

ਦੂਜੇ ਪਾਸੇ ਨਿਹੰਗ ਸਿੰਘਾਂ ਨੇ ਜੋ ਬਾਕੀ ਥੋੜੇ ਜਹੇ ਹੀ ਰਹਿ ਗਏ ਹੋਏ ਸਨ ਉਹ ਆਮ ਮੁਖਤਾਰੀ ਅਧਿਕਾਰ ਬਣਾ ਬੈਠੇ। ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਦੱਖਣ) ਵਿਚ ਸਿਖਾਂ ਨੇ ਗੁਰੂਦ੍ਵਾਰਾਂ ਚਲੌਣ ਲਈ ਚਾਰ ਨਿਯਮ ਬਣਾਏ ਹੋਏ ਹਨ। ਸ੍ਰੀ ਹਰਿ-

ਨਾਲ ਕੋਈ ਖ਼ਾਸ ਦਿਲਚਸਪੀ ਨਹੀਂ ਸੀ। ਮੈਨੂੰ ਇਸ ਬੀੜ ਦਾ ਮਾਮੂਲੀ ਤੌਰ ਤੇ ਸੰਨ ੧੯੩੨ ਤੋਂ ਹੀ ਪਤਾ ਸੀ। ਪ੍ਰੰਤੂ ਆਕਰਸ਼ਿਤਾ ਦਾ ਪ੍ਰਭਾਵ ਰਾਜਾ ਗੁਲਾਬ ਸਿੰਘ ਜੀ ਦੇ ਗ੍ਰਿਹ ਵਿਚ ਦਰਸ਼ਨ ਕਰਨ ਤੋਂ ਪਿਆ। ਨਾਲ ਢੁਕਦੀ ਗੱਲ ਇਹ ਵੀ ਹੈ ਕਿ ਭਾਈ ਬੰਨੋ ਜੀ ਦੀ ਬੀੜ ਦੇ ਵਿਚ ਹੀ ਪੰਜ ਹੁਕਮ ਨਾਮੇ ਸ਼ਕਸਤਾ ਗੁਰਮੁਖੀ ਵਿਚ ਲਿਖੇ ਹੋਏ ਰਖੇ ਹੋਏ ਹਨ—ਇਹ ਵੀ ਬੀੜ ਨੂੰ ਆਕਰਸ਼ਿਤ ਕਰਨ ਦੇ ਹੀ ਕਾਰਣ ਰਖੇ ਗਏ ਹਨ। ਇਨਾਂ ਦਾ ਬੀੜ ਨਾਲ ਕੋਈ ਸੰਬੰਧ ਨਹੀਂ ਕਿਉਂਕਿ ਇਨਾ ਵਿਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਇਕ ਤੋਲਾ ਸੋਨੇ ਯਾ ੨੦) ਵੀਹ ਰੁਪੈ ਦੀ ਮੰਗ ਕੀਤੀ ਹੋਈ ਹੈ। ਇਹੋ ਜਹੇ ਹੁਕਮਨਾਮੇ ਸਿੱਖਾਂ ਵੱਲ ਜਾਰੀ ਕਰਨੇ ਗੁਰੂ ਜੀ ਦੀ ਸ਼ਖਸੀਅਤ ਦੇ ਵਿਰੁੱਧ ਹਨ। ਇਸ ਪ੍ਰਕਾਰ ਦੇ ਕਈ ਹੋਰਨਾ ਲੋਕਾਂ ਪਾਸ ਵੀ ਹੁਕਮਨਾਮੇ ਹਨ, ਜਿਨ੍ਹਾਂ ਵਿੱਚ 'ਮੈਂ ਰਿਣੀ ਹਾਂ'। 'ਸੰਗਤ ਇਨਾਂ ਨੂੰ ਪੈਸੇ ਟਕੇ ਭੇਟ ਦੇਵੇ' ਆਦਿ ਅਭੱਦ੍ਰ ਸ਼ਬਦ ਹਨ, ਜੋ ਸਤਿਗੁਰਾਂ ਦੀ ਹਸਤੀ ਤੋਂ ਕਦੀ ਵੀ ਨਿਕਲ ਨਹੀਂ ਸਕਦੇ।

ਸ੍ਰੀ ਮਨੀ ਸਿੰਘ ਜੀ ਦੀ ਘਾਲਣਾ ਦਾ ਫਲ ਲੋਕਾਂ ਨੂੰ ਸੁਖ ਪੁੱਜਾ ਹੈ। ਇਸ ਬੀੜ ਤੋਂ ਇਕ ਹੋਰ ਅਜੀਬ ਗਜ਼ਬ ਹੋਇਆ ਹੈ ਕਿ ਪਾਠ ਕਰਨ ਦੀ ਰੀਤਿ ਵੀ ਪਾਖੰਡੀਆਂ ਨੇ ਸਤਿਗੁਰਾਂ ਯਾ ਭਾਈ ਮਨੀ ਸਿੰਘ ਜੀ ਦੀ ਬੀੜ ਤੋਂ ਬਾਦ ਚਲਾਈ ਹੈ। ਇਹ ਬਾਣੀ ਕੇਵਲ ਸ੍ਵ-ਕਲਯਾਣ ਲਈ ਹੀ ਭਾਈ ਮਨੀ ਸਿੰਘ ਜੀ ਦੇ ਸਮਾਂ ਤਕ ਰਹੀ ਹੈ। ਹੁਣ ਤਾਂ ਅਨੋਖੇ ਹੀ ਪਾਠ ਚਲ ਪਏ ਹਨ—ਸਹਿਜ, ਸਪਤਾਹ, ਅਖੰਡ, ਸੰਪੁਟ ਤੇ ਸੰਪੁਟ ਅਖੰਡ ਆਦਿ ਕਈ ਨਾਮ ਧਰੇ ਹੋਏ ਹਨ। ਇਹ ਡੇਰੇ ਦਾਰਾਂ ਦੇ ਵਾਪਾਰ ਹਨ। ਵਾਪਾਰ ਉਹ ਕਰਨਾ ਠੀਕ ਹੈ, ਜਿਸ ਵਿਚ ਮਿਹਨਤ ਘਟ ਤੇ ਨਫਾ ਜ਼ਯਾਦਾ ਹੋਵੇ। ਸਹਿਜ ਨਾਲੋਂ ਸਪਤਾਹ, ਸਪਤਾਹ ਨਾਲੋਂ ਅਖੰਡ, ਅਖੰਡ ਨਾਲੋਂ ਸੰਪੁਟ ਤੇ ਸੰਪੁਟ ਨਾਲੋਂ ਸੰਪੁਟ ਅਖੰਡ ਪਾਠ ਵਿਚ ਜ਼ਯਾਦਾ ਆਮਦਨ ਹੁੰਦੀ ਹੈ—ਇਹ ਡੇਰੇ ਦਾਰਾਂ ਦਾ ਸਿੱਧਾਂਤ ਹੈ।

ਦਿਤਾ, [illegible] ਗਏ । [illegible]
[illegible]
[illegible]
[illegible]
[illegible] ਗਿਆ, [illegible]
[illegible]
[illegible] ਆਪ
[illegible]
[illegible]
[illegible] ਸਕਾਰ ਹਨ । ਏਸ ਬੀੜ ਵਿਚ
ਸ੍ਰੀ ਗੁਰੂ ਨਾਨਕ ਜੀ ਦੀ ਬਾਣੀ ਦਾ ਤਤਕਰਾ ਅਤੇ ਬਾਣੀ ਸਮਾਪਤ ਕਰਨ ਤੋਂ
ਨਿਰਮਲ ਅਖਾੜਾ (ਧਰਮਧਜਾ) ਤੋਂ ਮਾਯਾ ਲੈ ਕੇ ਅਰਦਾਸ ਕਰਨ ਦਾ ਜੋ
ਵਿਚਲਾ ਸੀ [illegible] ਪਿਤਾ ਸੀ ।
ਇਸ [illegible] ਉਸ ਵੇਲੇ
[illegible] ਮੱਥਾ
ਟੇਕਣ ਦਾ ਰਿਵਾਜ ਨਹੀਂ ਸੀ ਜੋ ਪੱਕੀ ਆਮਦਨ ਸੀ—ਉਸ ਦਾ ਮੁੰਤਜ਼ਿਮ ਸਰ-
ਫਿਰ ਸ੍ਰੀ ਤੇਗ ਬਹਾਦਰ ਜੀ ਦੀ ਬਾਣੀ ਦਾ ਤਤਕਰਾ ਅਤੇ ਬਾਣੀ ਹੈ ।
ਕਾਰ ਹੈਦਰਾਬਾਦ ਦਖਣ ਵਲੋਂ ਸਰਬਰਾਹ ਨੀਯਤ ਕੀਤਾ ਜਾਂਦਾ ਸੀ—ਜੋ ਅਮੂਮਨ
ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਤਤਕਰਾ ਅਤੇ ਬਾਣੀ ਹੈ ।
ਸਿਖ ਹੀ ਹੁੰਦਾ ਹੈ । ਉਸ ਨੂੰ ਕਾਗਜ਼ਾਂ ਵਿਚ ਪੂਰਾ ਦਰਜ ਕਰਨਾ ਪੈਂਦਾ ਸੀ-ਜਿਸ
ਤੋਂ [illegible]
[illegible]
[illegible] ਦੇ ਇਧਰ ਉਧਰ
ਹੱਥ ਮਾਰਦੇ ਸਨ ਯਾ ਹਨ । ਪੁਜਾਰੀਆਂ ਨੂੰ ਨਿਰਮਲ ਅਖਾੜੇ ਤੋਂ ਕਾਫੀ ਪੈਸਾ
ਮਿਲਣ [illegible] ਭਾਈ ਬੰਨੋ
ਵਾਲੇ [illegible]
[illegible] ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਦੱਖਣ) ਵਿਚ
[illegible] ਸ੍ਰੀ ਹਰਿ-

ਮੰਦਿਰ ਜੀ ਤੋਂ ਬਿਨਾ ਅਖੰਡ ਪਾਠ, ਅਨੰਦ (ਵਿਆਹ), ਪਾਹੁਲ (ਅੰਮ੍ਰਿਤ) ਤੇ ਨਿਹੰਗ ਸਿੰਘ ਸਾਜਣ ਦੀ ਆਗਜ਼ਾ ਕਿਸੇ ਥਾਂ ਨਹੀਂ ਦਿਤੀ ਗਈ ਭਾਵ-ਏਸ ਆਮਦਨ ਤੋਂ ਇਹ ਦਰਬਾਰ ਚਲਾਯਾ ਜਾਂਦਾ ਹੈ। ਬੁਢਾਂ ਦਲ ਆਪਣੇ ਆਪ ਨੂੰ 'ਪੰਜਵਾਂ ਤਖਤ' ਕਹੋਂਦਾ ਹੈ। ਉਨ੍ਹਾਂ ਆਪਣੇ ਸਥਾਨ ਤੇ ਹੀ ਇਹ ਰੀਤਾਂ ਸ਼ੁਰੂ ਕਰ ਦਿੱਤੀਆਂ, ਜਿਸ ਤੋਂ ਪੁਜਾਰੀਆਂ ਨੂੰ ਹੋਰ ਵੀ ਅੱਗ ਲਗ ਗਈ, ਖੋਟੀ ਨੀਯਤ ਨਾਲ ਸਾਰੇ ਪੁਜਾਰੀ ਨਿਹੰਗ ਸਿੰਘਾਂ ਦੇ ਜਥੇਦਾਰ ਪਾਸ ਪੁਜੇ। ਅਗੋਂ ਜਥੇਦਾਰਬਾਬਾ ਤਪਾ ਸਿੰਘ ਜੀ ਨੇ ਉਨਾਂਦੇ ਸਤਿਕਾਰ ਲਈ-ਆਪਣਾ ਕੰਬਲ (ਜੋ ਉਨਾਂ ਦੀ ਕਮਰ ਨਾਲ ਲਪੇਟਿਆ ਹੋਯਾ ਸੀ) ਖੋਹਲ ਕੇ ਵਿਛੋਣ ਲੱਗੇ ਝੁਕੇ ਹੋਏ ਨੂੰ ਹੀ ਗੁੰਥੀ ਨੇ ਤਲਵਾਰ ਮਾਰੀ। ਜੋ ਕਿ ਬਹੁਤ ਗਹਿਰੀ ਚਲੀ ਗਈ ਗੁੰਥੀ ਤੇ ਪੁਜਾਰੀ ਸਿੰਘ ਜੀ ਵਾਰ ਤਲਵਾਰ ਦਾ ਕਰ ਕੇ ਉਥੋਂ ਸ੍ਰੀ ਹਰਿਮੰਦਿਰ ਵਲ ਭੱਜ ਪਏ। ਬਾਬਾ ਤਪਾ ਸਿੰਘ ਜੀ ਨੇ ਓਹੀ ਕੰਬਲ ਫਿਰ ਕਮਰ ਨਾਲ ਬੰਨ ਲਿਆ ਅਤੇ ਡੇਢ ਫਰਲਾਂਗ ਦੋੜ ਕੇ ਗੁੰਥੀ ਨੂੰ ਪਕੜ ਕੇ ਆਪਣੇ ਸਥਾਨ ਤੇ ਲੈ ਜਾ ਕੇ ਤਲ-ਵਾਰ ਮਾਰ ਕੇ ਉਸਦਾ ਸਿਰ ਕਟ ਕੇ ਆਪਣਾ ਕੰਬਲ ਭੀ ਆਪਣੀ ਕਮਰ ਨਾਲੋਂ ਖੋਹਲ ਦਿੱਤਾ ਅਤੇ ਪ੍ਰਾਣ ਤਯਾਗ ਦਿਤੇ। ਇਸ ਗੁੰਥੀ ਅਤੇ ਸ੍ਰੀ ਤਪਾ ਸਿੰਘ ਜੀ ਨਿਹੰਗ ਨੂੰ ਉਸੇ ਥਾਂ ਹੀ ਜਲਾਇਆ ਗਿਆ, ਨਗੀਨਾ ਘਾਟ ਦੇ ਪਾਸ ਇਮਲੀਆਂ ਦੀ ਛਾਯਾ ਹੇਠ ਦੋਹਾਂ ਦੀਆਂ ਸਮਾਧੀਆਂ ਮੌਜੂਦ ਹਨ। ਇਸ ਦੇ ਪਾਸ ਹੀ ਨਿਹੰਗ ਸਿੰਘਾਂ ਦਾ ਬੁੰਗਾ ਹੈ।

ਸ੍ਰੀ ਤਪਾ ਸਿੰਘ ਜੀ ਉੱਚੀ ਬੰਦਗੀ ਵਾਲੇ ਸਨ। ਇਕ ਤਾਂ ਨਿਰਮਲਾ ਕੇਸ਼ ਦਾ ਮੁਕਦਮਾ ਚਲ ਰਿਹਾ ਸੀ, ਦੂਜਾ ਸ੍ਰੀ ਤਪਾ ਸਿੰਘ ਜਥੇਦਾਰ ਮਾਰਿਆ ਗਿਆ। ਓਸ ਵੇਲੇ ਸਿਰਫ ਬਾਬਾ ਗਜਾਨ ਸਿੰਘ ਜੀ ਨੇ ਬੁਢੇਦਲ ਦੇ ਨਿਸ਼ਾਨ ਦਾ ਝਾੜੂ ਦੇਣਾ ੧੨ ਸਾਲ ਸੰਭਾਲ ਰਖਿਆ। ਸ੍ਰੀ ਬਾਬਾ ਗਜਾਨ ਸਿੰਘ ਜੀ ਦੇ ਸਿਮਰਨ ਪ੍ਰਭਾਵ ਨਾਲ ਕਈ ਇਨਾਂ ਦੇ ਸਿਖ ਬਣ ਗਏ। ਪੰਜਾਬ ਤੋਂ ਸ੍ਰੀ ਪ੍ਰੇਮ ਸਿੰਘ ਜੀ ਨਿਹੰਗ ਨਾਦੇੜ ਗਏ। ਇਹ ਸ੍ਰੀ ਬਾਬਾ ਤਪਾ ਸਿੰਘ ਦੇ ਚੇਲੇ ਅਤੇ ਜਨਮ ਦੇ ਭਾਟੜੇ ਸਨ। ਜੋ ਸ੍ਰੀ ਗਜਾਨ ਸਿੰਘ ਜੀ ਦੇ ਨਾਲ ਮੁਕਦਮੇ ਅਤੇ ਇਸ ਨਿਸ਼ਾਨ ਨੂੰ ਪੰਜ਼ਾਬ ਲਿਔਣ ਵਿਚ ਅਤਿ ਸਹਾਯਕ ਹੋਏ। ਏਸ ਮੁਕਦਮੇ ਦਾ ਫੈਸਲਾ

ਨਿਹੰਗ ਸਿੰਘਾਂ ਦੇ ਹੱਕ ਵਿਚ ਹੋਇਆ ਅਤੇ ਨਜ਼ਾਮ ਹੈਦਰਾਬਾਦ ਦੀ ਹਕੂਮਤ ਤੱਕ ਕੋਈ ਨਿਰਮਲਾ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ (ਦੱਖਣ) ਅਤੇ ਹੈਦਰਾਬਾਦ ਦੀ ਰਿਆਸਤ ਵਿਚ ਦਾਖਲ ਨਹੀਂ ਹੋ ਸਕਦਾ ਸੀ ਅਤੇ ਨਾਂ ਹੀ ਸ੍ਰੀ ਹਜ਼ੂਰ ਸਾਹਿਬ ਜੀ ਤਖਤ ਤੇ ਅਰਦਾਸ ਕਰਵਾ ਸਕਦਾ ਸੀ । ਸ਼੍ਰੀ ਬਾਬਾ ਪ੍ਰੇਮ ਸਿੰਘ ਜੀ ਨੇ ਕਈਆਂ ਰਿਆਸਤਾਂ ਤੋਂ ਰਸਦਾਂ ਦੇ ਪਟੇ ਲਿਖਵਾਏ-ਜੋ ਸੈਂਕੜਿਆਂ ਦੀ ਗਿਣਤੀ ਵਿਚ ਸਨ। ਜਿਸ ਵਿਚ ਸਿਖ ਹਿੰਦੂ ਤੇ ਇਸਲਾਮੀ ਰਾਜੇ ਵੀ ਹਨ (ਇਹ ਪਟੇ ਇਸ ਵੇਲੇ ਵੀ ਬੁਢੇ ਦੱਲ ਦੇ ਪਾਸ ਹਨ-ਪਰੰਤੂ ਇਨਾਂ 'ਚੋਂ ਕੁਝ ਪਟੇ ਇਕ ਅਮਰ ਸਿੰਘ ਨਾਮੀ ਨਿਹੰਗ ਨੇ ਚੁਰਾ ਲਏ ਸਨ । ਇਸ ਤੋਂ ਉਪਰੰਤ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਤੇ ਚੁਕ ਕੇ ਨਗਾਰੇ ਨੂੰ ਇਕ ਨਿਹੰਗ ਸਿੰਘ ਦੀ ਪਿਠ ਤੇ ਰਖ ਕੇ ਤੇ ਨਿਸ਼ਾਨ (ਝੰਡਾ) ਲੈ ਕੇ ਇਹ ਪੰਜਾਬ ਪੁਜੇ । ਸ਼੍ਰੀ ਬਾਬਾ ਗਜਾਨ ਸਿੰਘ ਜਥੇਦਾਰ ਜੀ ਦਾ ਸ਼੍ਰੀ ਆਨੰਦ ਪੁਰ ਸ਼ਹੀਦ ਬਾਗ ਵਿਖੇ ਪ੍ਰਲੋਕ ਗਮਨ ਸੰਨ ੧੯੦੧ ਵਿਚ ਹੋਲੀ ਦੇ ਦਿਨ ਹੋਯਾ । ਸ਼੍ਰੀ ਪ੍ਰੇਮ ਸਿੰਘ ਜੀ ਨੇ ਜੰਭਰ ਜ਼ਿਲਾ ਲਾਹੌਰ ਵਿਚ ਸ਼੍ਰੀ ਗੁਰੂ ਅਰਜੁਨ ਦੇਵ ਜੀ ਦੇ ਨਾਮ ਪਰ ਸਥਾਨ ਬਣਾਇਆ ਅਤੇ ਆਪ ਉਥੋਂ ਨਿਵਾਸ ਕਰਦੇ ਰਹੇ। ਆਪ ਦੇ ਉਦਮ ਨਾਲ ਜ਼ਮੀਨ ਵੀ ਦਰਬਾਰ ਦੇ ਨਾਮ ਹੋ ਗਈ । ਜ਼ਮੀਨ ਦੀ ਵਜਾ ਨਾਲ ਅਕਾਲੀ ਅੰਦੋਲਨ ਉਥੇ ਵੀ ਸ਼ੁਰੂ ਹੋਯਾ, ਜਿਸ ਵਿਚ ਕੁਝ ਅਕਾਲੀਆਂ ਨੂੰ ਮਹੰਤ ਪ੍ਰੇਮ ਸਿੰਘ ਨੇ ਅੰਗਰੇਜ਼ ਰਾਜ ਸਮਯ ਪਕੜਵਾਯਾ, ਆਖਿਰ ਇਨਾਂ ਨੂੰ ਇਹ ਸਥਾਨ ਤਜਾਗਣਾ ਪਿਆ । ਇਨਾਂ ਦਾ ਇਕ ਚੇਲਾ ਅਮਰ ਸਿੰਘ ਨਿਹੰਗ ਪਟਿਆਂ ਵਾਲਾ ਸੀ।

ਦੂਜੇ ਪਾਸੇ ਗਜਾਨ ਸਿੰਘ ਜੀ ਦੇ ਮਰਨ ਤੋਂ ਬਾਦ ਇਕ ਬਾਬਾ ਧਜਾਨ ਸਿੰਘ ਤੇ ਬਾਬਾ ਤੇਜਾ ਸਿੰਘ ਜੀ ਬੁਢੇ ਦਲ ਦੇ ਜਥੇਦਾਰ ਹੋ ਕੇ ਮਰ ਚੁਕੇ ਸਨ ਅਤੇ ਵਹੀਰ ਬੁਢੇ ਦਲ ਦੇ ੯੬ ਕਰੋੜੀ ਜਥੇਦਾਰ ਸ਼੍ਰੀ ਸਾਹਿਬ ਸਿੰਘ ਜੀ ਦੇ ਨਾਲ ਮਿਲ ਕੇ ਅਮਰ ਸਿੰਘ ਬੁਢੇ ਦਲ ਦੀ ਜਥੇਦਾਰੀ ਲੈਣਾ ਚਾਹੁੰਦਾ ਸੀ ਕਿਉਂਕਿ ਸ਼੍ਰੀ ਪ੍ਰੇਮ ਸਿੰਘ ਕੋਲ ਹੁਣ ਕੋਈ ਜਾਗੀਰ ਨਹੀਂ ਸੀ ਰਹੀ—ਏਸ ਲਾਲਚ ਨਾਲ ਅਮਰ ਸਿੰਘ ਨੇ ਪਟੇ ਚੁਰਾ ਕੇ ਸ਼੍ਰੀ ਸਾਹਿਬ ਸਿੰਘ ਜੀ ਨੂੰ ਲਿਆ ਦਿਤੇ । ਸ਼੍ਰੀ ਸਾਹਿਬ ਸਿੰਘ ਜੀ ਸਾਰੀ ਉਮਰ ਪਟੇ

ਲੁਕਾ ਲੁਕਾ ਕੇ ਹੀ ਰਖਦੇ ਰਹੇ । ਕੁਝ ਪਟੇ ਅਮਰ ਸਿੰਘ ਨੇ ਵੀ ਹਥਿਆ ਲਏ–ਜਿਸ ਤੋਂ ਅਮਰ ਸਿੰਘ ਆਪਣਾ ਸੰਬੰਧ ਪਟਿਆਂ ਦੇ ਜ਼ਰੀਏ ਰਾਜਿਆਂ ਨਾਲ ਸਥਾਪਿਤ ਕਰਨਾ ਚਾਹੁੰਦਾ ਸੀ ਪਰੰਤੂ ਨਾਕਾਮਯਾਬ ਹੀ ਮਰ ਗਯਾ । ਸ਼੍ਰੀ ਸਾਹਿਬ ਸਿੰਘ ਜੀ ਦੇ ਪ੍ਰਲੋਕ ਤੋਂ ਬਾਦ ਸ਼੍ਰੀ ਕਰਮ ਸਿੰਘ ਜੀ ਤੇ ਸ਼੍ਰੀ ਬਾਬਾ ਚੇਤ ਸਿੰਘ ਦੋ ਵਡੇ ਛੋਟੇ ਜਥੇਦਾਰ ਹੋਏ ਪ੍ਰੰਤੂ ਸ਼੍ਰੀ ਚੇਤ ਸਿੰਘ ਜੀ ਨੇ ਤਾਕਤ ਹਥਿਆ ਕੇ ਵਡਿਆਈ ਪ੍ਰਾਪਤ ਕਰ ਲਈ। ਇਹ ਪਟੇ ਏਸ਼ ਵੇਲੇ ਸ਼੍ਰੀ ਚੇਤ ਸਿੰਘ ਜਥੇਦਾਰ ਬੁਢਾ ਦਲ ਦੇ ਚਾਟੜੇ ੯੬ ਕੋੜੀ ਜਥੇਦਾਰ ਸ਼੍ਰੀ ਬਾਬਾ ਸੰਤਾ ਸਿੰਘ ਜੀ ਦੇ ਪਾਸ ਹਨ । ਇਹ ਪ੍ਰਸੰਗ ਇਸ ਲਈ ਲਿਖਿਆ ਹੈ, ਕਿ ਏਡੇ ਏਡੇ ਸ਼ਰਧਾਲੂ ਅਤੇ ਕੱਟੜ ਨਿਹੰਗ ਸਿੰਘ ਵੀ ਸ਼੍ਰੀ ਭਾਈ ਮਨੀ ਸਿੰਘ ਜੀ ਦੀ ਮਰਯਾਦਾ ਦਾ ਆਦਰ ਕਰਦੇ ਸਨ।

ਜੰਭਰ ਸ਼੍ਰੀ ਗੁਰੂ ਅਰਜੁਨ ਦੇਵ ਜੀ ਦੇ ਸਥਾਨ ਤੇ ਮਹੰਤ ਪ੍ਰੇਮ ਸਿਘ ਨਿਹੰਗ ਦੇ ਪਾਸ ਦੋ ਬੀੜਾਂ ਨਕਲ ਭਾਈ ਬੰਨੋ ਜੀ ਵਾਲੀਆਂ ਸਨ । ਜਿਨਾਂ ਵਿਚ 'ਮਹਲਾ' ਦੀ ਥਾਂ 'ਪਾਤਸ਼ਾਹੀ' ਪਾਠ ਹੀ ਸਾਰੀ ਬੀੜ ਵਿਚ ਪ੍ਰਯੋਗ ਕੀਤਾ ਹੋਇਆ ਸੀ । ਓਸ ਵੇਲੇ ਮੇਰੀ ਆਤਮਾ ਖੋਜ ਦੇ ਲਾਯਕ ਨਹੀਂ ਸੀ, ਅਗਜਾਨ ਵਜਵਸਥਾ ਸੀ, ਜਿਸ ਤੋਂ ਕਿ ਪੂਰੀ ਖੋਜ ਨਹੀਂ ਹੋਈ । ਸਿਰਫ ਦਰਸ਼ਣ ਹੀ ਕੀਤੇ ਹਨ ।

ਇਹ ਪੰਜ ਬੀੜਾਂ (ਸੰਗਰੂਰ ੧, ਡੇਰਾ ਬਾਬਾ ਅਜਾਪਲ ਸਿੰਘ ਜੀ ਨਾਭਾ ੧, ਜੰਭਰ ਜ਼ਿਲਾ ਲਾਹੌਰ ੨, ਅਤੇ ਰਾਜਾ ਗੁਲਾਬ ਸਿੰਘ ਸੇਠੀ ਹਨੂਮਾਨ ਰੋਡ ਦਿੱਲੀ ੧,) ਇਕੋ ਹੀ ਲੜੀ ਦੀਆਂ ਹਨ । ਬਾਕੀ ਚਹੁੰਆਂ ਨੇ ਸ਼੍ਰੀ ਮਨੀ ਸਿੰਘ ਜੀ ਤੋਂ ਹੀ ਸਿਖਿਆ ਲਈ ਹੈ ।

ਬੀੜ ਨੰ: ੨੦

ਇਹ ਬੀੜ ਊਨਾ ਸ਼੍ਰੀ ਬਾਬਾ ਕਲਾਧਾਰੀ ਜੀ ਦੇ ਦਰਬਾਰ ਵਿਚ ਹੈ । ਜੋਸੰਮਤ ੧੮੮੧ ਮਿਤੀ ਸਾਵਣ ਦੀ ੧੪ ਦੀ ਲਿਖੀ ਹੋਈ ਹੈ । ਇਸ ਦੇ ਪੰਨੇ ੫੮੫ ਉਤੇ "ਸੁਕਹੁ ਕਲਗੁਰ ਸੇਵੀਐ" ਹੀ ਪਾਠ ਹੈ ।

ਬੀੜ ਨੰ: ੨੧ (ਊਨਾ)

ਇਹ ਬੀੜ ਲਿਖਤੀ ਹਿਸਾਬ ਨਾਲ ਸਭ ਤੋਂ ਪੁਰਾਣੀ ਹੈ । ਪ੍ਰੰਤੂ ਇਸ

ਤੇ ਸੰਮਤ ਨਹੀਂ ਲਿਖਯਾ ਹੋਯਾ। ਇਸ ਦੇ ਭੋਗ ਦਾ ਹਿਸਾਬ "ਸਲੋਕ ਵਾਰਾਂ ਤੋਂ ਵਧੀਕ ਤੇ ਕਬੀਰ, ਫਰੀਦ ਦੇ ਸਲੋਕ, ਸਵਯੇ ਮ: ੫ ਤੇ ਸਭਨਾਂ ਭੱਟਾਂ ਹੈ", ਇਸ ਵਿਚ ਮਹਲੇ ੯ ਦੀ ਬਾਣੀ ਬਾਦ ਵਿਚ ਇਕੋ ਹੀ ਥਾਂ ਪੰਨੇ ੫੬੨ ਤੋਂ ੫੬੭ ਤਕ ਲਿਖੀ ਹੋਈ ਹੈ। ਅੰਤ ਵਿਚ ਜੋਤੀ ਜੋਤਿ ਸਮਾਵਣ ਕਾ ਚਰਿਤ੍ਰ ਹੈ। ਜਿਸ ਵਿਚ ਇਹ ਵਿਲਖਣਤਾ ਹੈ।

"ਸੰਮਤੁ ੧੬੬੩ ਮਿਤੀ ਜੇਠ ਸੁਦੀ ੪ ਸ੍ਰੀ ਸਤਿਗੁਰੂ ਅਰਜਨ ਮਲ ਜੀ ਸਮਾਣੇ ਸੁਕਰਵਾਰ ਲਹੌਰ ਵਿਚ" ×ׄ।

"ਸੰਮਤੁ ੧੭੩੨ ਮਿਤੀ ਮੰਘਰ ਸੁਦੀ ੫ ਸ੍ਰੀ ਸਤਿਗੁਰੂ ਟੇਕ ਬਹਾਦਰ ਜੀ ਸਮਾਣੇ ਵੀਰਵਾਰ ਦਿੱਲੀ ਵਿਚ" ××।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਇਹ ਪਾਠ ਹੈ।

"ਸੰਮਤੁ ੧੭੩੨ ਮਿਤੀ ਮਾਘ ਸੁਦੀ ੯ ਸ੍ਰੀ ਸਤਿਗੁਰੂ ਸਚ ਜੀ ਸਮਾਣੇ ਸੁਕਰਵਾਰ"।

"ਸੰਮਤੁ ੧੭੭੭ ਮਿਤੀ ਮੰਘਰ ਸੁਦੀ ੨ ਸ੍ਰੀ ਸਤਿਗੁਰੂ ਸਜਾਦਾ ਮਲ ਜੀ ਸਮਾਣੇ ਆਦਿਤ ਵਾਰ"।

ਇਸ ਵਿਚ ਲਿਖਾਰੀ ਨੇ ਮਹਲਾ ੬ ਅਤੇ ਮਹਲੇ ੧੦ ਦੇ ਦਸਤਖਤਾਂ ਨੂੰ ਇਕ ਹੀ ਪੰਨੇ ਤੇ ਚਸਪਾਂ ਕੀਤਾ ਹੋਯਾ ਹੈ, ਮਹਲੇ ੧੦ ਦੇ ਦਸਤਖਤ ਮੇਰੀ ਖੋਜ ਅਨੁਕੂਲ ਬੁਰਹਾਨ ਪੁਰ ਵਾਲੀ ਬੀੜ ਨਾਲ ਮਿਲਦੇ ਹਨ ਇਸ ਵਿਚ ਸੰਮਤ ੧੮੮੯ ਦਾ ਜ਼ਿਕਰ ਹੈ। ਜੋ ਸ੍ਰੀ ਹਠੀ ਸਿੰਘ ਜੀ ਦਾ ਸੰਮਤ ਹੈ।

ਨੋਟ—ਸਤਿਗੁਰੂ ਸੱਚ ਤੇ ਸਜਾਦਾ ਮੱਲ ਜੀ ਦੇ ਇਤਿਹਾਸ ਦਾ ਸ਼ੱਕ ਸ੍ਰੀ ਗੁਰੂ ਅਮਰਦਾਸ ਜੀ ਦੀ ਮੰਜੀ 'ਸੱਚਨ ਸੱਚ' ਵਲ ਪੈਂਦਾ ਹੈ।

ਬੀੜ ਨੰ: ੨੨

ਇਹ ਬੀੜ ਸ੍ਰੀ ਬਾਂਬਾ ਸਾਹਿਬ ਸਿੰਘ ਜੀ ਬੇਦੀ ਦੀ ਰਾਜਧਾਨੀ ਊਨੇ ਵਿਚ ਹੈ। ਜਿਸ ਦੇ ਪੰਨੇ ੭੨੧ ਤੇ 'ਸੁਕਹੁ ਕਲੁ ਗੁਰ ਸੇਵੀਐ, ਪਾਠ ਹੈ। ਲੇਖਿਕ ਦੀ ਕਲਮ ਕਾਲੀ ਦਲ ਤੇ 'ਸੁਕਹੁ' ਨੂੰ 'ਸੁਕਟੁ' ਬਣਾ ਗਈ ਹੋਈ ਹੈ।

ਬੀੜ ਨੰ: ੨੩

ਸ੍ਰੀ ਊਨਾ ਸਾਹਿਬ ਜੀ, ਸੰਮਤ ੧੭੬੬ ਮਿਤੀ ਮਾਘ ਵਦੀ '੧' ਦੀ ਲਿਖੀ ਹੋਈ ਹੈ, ਇਸ ਦੇ ਪੰਨੇ ੬੪੦ ਉਪਰ ਪਾਠ ਹੈ "ਸੁਕਹੁ ਕਲ ਗੁਰੁ ਸੇਵੀਐ × ×"

ਬੀੜ ਨੰ: ੨੪ (ਊਨਾ)

ਇਹ ਬੀੜ ਪੁਰਾਤਨ ਤੇ ਸਿਓਂਕ ਦੀ ਖਾਧੀ ਹੋਣ ਕਰ ਕੇ ਹਾਸ਼ੀਏ ਤੇ ਪੰਨੇ ਦੇ ਅੰਕ ਨਹੀਂ ਪੜੇ ਗਏ। ਖੋਜ ਨਾਲ ਨਿਸ਼ਚਯ ਪੰਨੇ ੭੧੪ ਹੈ, ਇਸ ਦੇ ਉਪਰ ਪਾਠ "ਸੁਕਹੁ ਕਲ ਗੁਰ ਸੇਵੀਐ × × ਹੈ।

ਬੀੜ ਨੰ: ੨੫ (ਊਨਾ)

ਸੰਮਤ ੧੯੦੨ ਮੱਘਰ ਮਾਸ ਵਾਰ ਵੀਰਵਾਰ ਦੀ ਲਿਖਤ ਹੈ ਇਸ ਬੀੜ ਦੇ ਸੰਪੂਣ ਮੰਗਲ ਪ੍ਰਥਮ ਹਨ, ਪੰਨੇ ੬੨੬ ਉਪਰ "ਸੁਕਹੁ ਕਲ ਗੁਰ ਸੇਵੀਐ × × ਪਾਠ ਹੈ।"

ਬੀੜ ਨੰ: ੨੬ (ਊਨਾ)

ਇਸ ਬੀੜ ਵਿਚ ਲਿਖਾਰੀ ਦਾ ਨਾਮ ਅਤੇ ਲਿਖਣ ਦਾ ਸੰਮਤ ਨਹੀਂ ਹੈ। ਸੋਨੇ ਅਤੇ ਚੂਨੀਆਂ ਦੀ ਸਿਆਹੀ ਬਣਾ ਕੇ ਵਰਤੀ ਹੋਈ ਹੈ। ਪੰਨੇ ੯੯੨ ਹਨ।

ਬੀੜ ਨੰ: ੨੭

ਮਾਤਾ ਸ੍ਰੀਮਤੀ ਤੇਜ ਕੋਰ ਜੀ ਮਹੱਲਾ ਗੰਜਵਾਲੀ, ਜੋ ਅਜ ਕਲ ਦਿਲੀ ਗਾਂਧੀ ਨਗਰ ਵਿਚ ਮੌਜੂਦ ਹੈ।

'ਚਲਤ ਜੋਤੀ ਜੋਤਿ ਸਮਾਵਣਿ ਕਾ' ਪੰਨੇ ਤਤਕਰੇ ਦੇ ੫੭ ਤੇ ਹੈ।

ਜਿਸ ਦੇ ਨੰ: ੪ ਉਤੇ ਇਹ ਲੇਖ ਬਾਕੀ ਬੀੜਾਂ ਨਾਲੋਂ ਫਰਕ ਵਾਲੇ ਹਨ।

ਸੰਮਤ ੧੬੩੬ ਭਾਦਉ ਸੁਦੀ ੪ ਸੁਕਰਵਾਰ ਬਾਬਾ ਗੁਰੂ ਦਿਤਾ ਜੀ ਸਮਾਣੇ।

ਨੋਟ—ਸੰਮਤ ੧੬੩੬ ਭਾਦਉ ਸੁਧੀ ੪ ਨੂੰ ਪ੍ਰਲੋਕ ਸਿਧਾਰਨ ਵਾਲੇ ਬਾਬਾ ਗੁਰੂਦਿੱਤਾ ਜੀ ਦਾ ਕੋਈ ਪਤਾ ਨਹੀਂ ਕਿ ਕੌਣ ਤੇ ਕਿਥੋਂ ਦੇ ਹਨ ?

ਨੰ: ੧੧ ਦਾ ਲੇਖ :—

"ਸੰਮਤ ੧੭੬੬ ਕਤਕ ਸੁਦੀ ੫ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਾਣੇ ਸੋਮਵਾਰ

ਕਾ ਦਿਨ ਪਹਰੁ ਰਾਤਿ ਰਹਦੀ ਨਦੇੜਿ ਵਿਚਿ ਗੁਦਾਵਰਿ ਤੀਰਥ ਥਾਣ ਗੰਗਾ ਉਪਰਿ ਸਾਂਗ ਹੋਆ ਦਖਨ ਦੇਸਿ"।

ਪੰਨੇ ਸੱਜੇ ਹਥ ਤੇ ਲਿਖੇ ਹੋਏ ਹਨ। ਜਪੁਜੀ ਦੇ ਪ੍ਰਾਰੰਭਕ ਦੋ ਪੰਨੇ ਬਹੁਤ ਸੁੰਦਰ ਮੀਨਾਕਾਰੀ ਨਾਲ ਵਿਭੂਸ਼ਿਤ ਕੀਤੇ ਹੋਏ ਹਨ। ਲਿਖਤ ਦਾ ਅੰਦਾਜਨ ਸੰਮਤ ੧੮੨੦ ਹੈ। ਸੋ ਪੁਰਖੁ ਦੇ ੪ ਸ਼ਬਦ ਵੀ ਹਨ। ਹਰੇਕ ਰਾਗ ਦੇ ਆਰੰਭ ਵਿਚ ਕੁਝ ਨ ਕੁਝ ਮੀਨਾਕਾਰੀ ਜ਼ਰੂਰ ਕੀਤੀ ਹੋਈ ਹੈ।

ਤਤਕਰਾ ਸਬਦਾਂ ਦੀ ਗਿਣਤੀ ਅਨੁਸਾਰ ਲਿਖਿਆ ਹੋਇਆ ਹੈ। ਪੰਨੇ ਨਹੀਂ ਲਿਖੇ।

"ਚਿੰਤਾਮਣਿ ਕਰੁਣਾਮਏ" ਸ਼ਬਦ ਦਾ ਪਾਠ ਸ਼ੁਧ ਲਿਖਿਆ ਹੋਇਆ ਹੈ। ਵੇਖੋ ਬੀੜ ਦਾ ਪੰਨਾ ੧੨੦।

'ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ' ਦੇ ਚਾਰ ਸ਼ਬਦ ਸ਼ੁਧ ਲਿਖੇ ਹੋਏ ਹਨ। ਵਿਚਲੀਆਂ ਹੱਦਾ ਨਹੀਂ ਹਨ। ਜੋ ਭੁਲ ਨਾਲ ਲਿਖੀਆਂ ਗਈਆਂ ਸਨ, ਹੜਤਾਲ ਫੇਰ ਕੇ ਕਟੀਆਂ ਹੋਈ ਹਨ।

ਸਲੋਕਾਂ ਦੀ ਗਿਣਤੀ ਵੀ ਹਰੇਕ ਵਾਰ ਦੇ ਆਖਰ ਦਸੀ ਹੋਈ ਹੈ। ਫੇਰ ਗੁਰੁ ਬਾਣੀ ਦਾ ਜੁਮਲਾ ਵੀ ਲਿਖਿਆ ਹੋਇਆ ਹੈ।

ਤਿਲੰਗ ਮ: ੯ ਦੀ ਬਾਣੀ ਆਪਣੀ ਠੀਕ ਥਾਂ ਸਿਰ ਹੈ। ਵੇਖੋ ਬੀੜ ਦਾ ਪੰਨਾ ੪੩੧।

ਬਿਲਾਵਲੁ ਮ: ੫ ਦੇ ਸ਼ਬਦ ਨੰ: ੨੭ ਅਤੇ ੧੦੧ ਸ਼ਬਦ ਪ੍ਰੈਸ ਵਾਂਗ ਹੀ ਘਟ ਹਨ।

ਮਾਰੂ ਰਾਗ ਵਿਚ ਮੀਰਾਂ ਬਾਈ ਦਾ ਸ਼ਬਦ ਹੈ, ਪੰਨਾ ੬੮੪ ਸ੍ਰੀ ਪਰਮਾਨੰਦ ਜੀ ਦੀ ਬਾਣੀ ਦਾ ਸਿਰਲੇਖ ਇਉਂ ਹੈ :—'ਸਾਰੰਗ ਪਰਮਾਨੰਦ'।

'ਛਾਡਿਮਨ ਹਰਿ' ਦੀ ਇਕੋ ਤੁਕ ਹੈ ਵੇਖੋ ਪੰਨਾ ੭੭੮।

ਮਲਾਰ ਮ: ੧॥ × × ×

"ਵੈਦੁ ਨ ਭੋਲੇ ਦਾਰੂ ਲਾਇ ॥੧॥"

ਇਹ ਪਾਠ ਇਕੋ ਵਾਰ ਹੀ ਲਿਖਿਆ ਹੋਇਆ ਹੈ। ਜੋ ਕਿ ਸ਼ੁੱਧ ਹੈ ਵੇਖੋ ਪੰਨਾ ੭੮੦।

ਸਲੋਕ ਸੰਹਸ੍ਰ ਕ੍ਰਿਤੀ ਮ: ੧ ਦੇ ਪਹਿਲੇ ਸਲੋਕ ਦੇ ਅੱਗੇ '੧ਓ' ਪਾਠ ਸ੍ਰੀ ਕਰਤਾਰਪੁਰ ਵਾਂਗੁ ਹੀ ਲਿਖਿਆ ਹੋਇਆ ਹੈ। ਵੇਖੋ ਪੰਨਾ ੮੩੩।

ਬਾਣੀ ਦੇ ਭੋਗ ਦਾ ਯਥਾਕ੍ਰਮ ਇਓਂ ਹੈ :—

ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਵਾਰਾਂ ਤੋਂ ਵਧੀਕ, ਮਹਲਾ ੯ ਦੇ ੫੯ ਸਲੋਕ ਦਸੇ ਹੋਏ ਹਨ। ਵੇਖੋ ਪੰਨਾ ੮੫੬। ਸਲੋਕ ਕਬੀਰ ਜੀ, ਸਲੋਕ ਫਰੀਦ ਜੀ, ਸਵੱਯੇ ਮ: ੫, ਸਵੱਯੇ ਭਟਾਂ ਦਾ ਸਿਰਲੇਖ 'ਸਵੱਯੇ ਮਹਲਾ ਪਹਿਲੇ ਕੇ ॥੧॥'' ਹੈ।

ਪੰਨੇ ੮੭੬ ਉੱਤੇ ''ਸੁਕਹੁ ਕਲ ਗੁਰੂ ਸੇਵੀਐ ਅਹਿਨਿਸਿ ਸਹਜਿ ''ਸੁਭਾਇ'' ××× ਪਾਠ ਹੈ।

ਸਲੋਕ ਮ: ੧॥ ਜਿਤ ਦਰਿ ਲਖ ×××

ਸਲੋਕ ਮ: ੧॥ ਬਾਦਿ ਆਤਸ਼ ਆਬ, ਰਤਨ ਮਾਲਾ, ਹਕੀਕਤ ਰਾਹ ਮੁਕਾਮ, ਰਾਗ ਮਾਲਾ, ਸਿਆਹੀ ਕੀ ਬਿਧਿ।

ਉਹਨਾਂ ਵਲੋਂ ਇਕ ਇਸ਼ਤਿਹਾਰ ਵੀ ਛਪਿਆ ਹੋਇਆ ਹੈ।

ਬੀੜ ਨੰ: ੨੮

ਇਸ ਵੇਲੇ ਸ੍ਰੀ ਨਾਨਕਮਤੇ (ਪੀਲੀਭੀਤ) ਦੇ ਪਾਸ ਇਕ ਛੋਟੇ ਜਹੇ ਗਾਉਂ ਉੱਤਮ ਪੁਰ ਜ਼ਿਲਾ ਬਰੇਲੀ ਵਿਚ ਹੈ। ਇਸ ਗਾਉਂ ਵਿਚ ਪਾਰਟੀਸ਼ਨ ਸੰਨ ੧੯੪੭ ਤੋਂ ਬਾਅਦ ਕਾਬਲੀ ਇਲਾਕੇ ਦੇ ਲੋਕ ਵੱਸੇ ਹੋਏ ਹਨ। ਉਹ ਇਸ ਬੀੜ ਨੂੰ ਕਾਬਲੀ ਇਲਾਕੇ ਤੋਂ ਨਾਲ ਲਿਆਏ ਹਨ। ਇਸ ਨੂੰ ਆਮ ਬੋਲੀ ਵਿਚ 'ਬੁਢੇ ਵਾਲੀ ਬੀੜ' ਸਦਿਆ ਜਾਂਦਾ ਹੈ, ਕਈ ਪੁਰਸ਼ ਇਸ ਭ੍ਰਮ ਨਾਲ ਸ੍ਰੀ ਬਾਬਾ ਬ੍ਰਿਧ (ਬੁੜਾ) ਜੀ ਦੀ ਲਿਖੀ ਹੋਈ ਮੰਨ ਸਕਦੇ ਹਨ। ਪੰਥ ਪ੍ਰਕਾਸ਼ ਦੇ ਕਰਤੇ ਗਜਾਨੀ ਗਜਾਨ ਸਿੰਘ ਨੇ 'ਕਾਬਲ ਵਡਾ ਬਾਬਾ ਕਰ ਕੇ ਪੂਜੇ ਜਾਣ ਵਾਲੀ ਬੀੜ ਜੋ ਬ੍ਰਿਧ ਦਲ ਹਥੋਂ ਕੁਪ ਰੁਹੀੜੇ (ਵਡੇ ਘਲੂਘਾਰੇ) ਦੇ ਜੰਗ ਵਿਚ ਚਲੀ ਗਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਨੂੰ ਗੁਰੁਤਾ ਦਿੱਤੀ' ਲਿਖੀ ਹੈ। ਮੇਰੀ ਸਮਝ ਅਨੁਸਾਰ, ਓਹ ਏਸੇ ਬੀੜ ਦੇ ਵਲ ਇਸ਼ਾਰਾ ਹੈ, ਇਹ

ਬੀੜ ਕਾਬਲ ਦੇ ਇਲਾਕੇ 'ਚੋਂ ਹੀ ਏਥੇ ਆ ਗਈ ਹੈ। ਕਾਬਲ ਸ਼ਹਿਰ 'ਚੋਂ ਨਹੀਂ। ਮੇਰੀ ਸਮਝ ਵਿਚ ਤਾਂ ਗਜਾਨੀ ਗਜਾਨ ਸਿੰਘ ਜੀ ਨੇ ਕਿਤਜੋਂ ਸੁਣੀ ਸੁਣਾਈ ਲਿਖ ਦਿੱਤੀ ਹੈ, ਖੋਜ ਨਹੀਂ ਕੀਤੀ। ਇਸ਼ ਬੀੜ ਦੇ ਨਾਮ ਤੇ ਹਜ਼ਾਰਾਂ ਹੀ ਲੋਕ ਦਰਸ਼ਣ ਪੂਜਾ ਕਰਨ ਔਂਦੇ ਹਨ। ਇਹ ਬੀੜ ਭਾਂਈ ਬੰਨੋ ਜੀ ਦੀ ਨਕਲ ਹੈ। ਸੰਮਤ ੧੯੨੧ ਦੀ ਲਿਖੀ ਹੋਈ ਹੈ। ਇਸ ਨੂੰ ਗੁਰੂਤਾ ਯਾ ਸ੍ਰੀ ਗੁਰੂ ਜੀ ਦੇ ਸਮਯ ਦੀ ਮੰਨਣਾ ਗ਼ਲਤੀ ਹੈ। ਇਸ ਵਿਚ ਮ: ੯ ਦੀ ਬਾਣੀ ਵੀ ਲਿਖੀ ਹੋਈ ਹੈ, ਪ੍ਰੰਤੂ ਪਾਠ ਭੇਦ ਬਹੁਤ ਹਨ। ਜੋ ਪਿਛੇ ਦੂਜੀ ਭਾਈ ਬੰਨੋ ਵਾਲੀ ਬੀੜ ਵਿਚ ਦੱਸ ਆਏ ਹਾਂ। ਬੀੜ ਦਾ ਪਹਿਲਾ ਪਤ੍ਰਾ ਜਿਲਦ ਵਿਚ ਉਲਟ ਕੇ ਲੱਗਾ ਹੋਇਆ ਹੈ। ਇਸ ਤੋਂ ਇਕ ਸਫੇ ਦੇ ਸਫੇਦੇ ਦਾ ਅਨਜਾਣ ਪੁਰਸ਼ ਨੂੰ ਭ੍ਰਮ ਵੀ ਪੈ ਸਕਦਾ ਹੈ। ਹੋਰ ਕੋਈ ਖਾਸ ਵਿਸ਼ੇਸ਼ਤਾ ਨਹੀਂ।

ਇਸ ਨੂੰ 'ਬੁਢੇ ਦੀ ਬੀੜ' ਇਸ ਵਾਸਤੇ ਕਿਹਾ ਜਾਂਦਾ ਹੈ ਕਿ "ਇਕ ਮਾਈ ਨੂੰ ਸੁਪਨੇ ਵਿਚ ਕਿਸੇ ਸਫੇਦ ਵਸਤ੍ਰ ਧਾਰੀ ਬ੍ਰਿਧ ਪੁਰਸ਼ ਦੇ ਦਰਸ਼ਣ ਹੋਏ ਤੇ ਓਸ ਕਿਹਾ ਕਿ ਮੇਰੀ ਬੇਅਦਬੀ ਹੋ ਰਹੀ ਹੈ—ਤੂੰ! ਨਦੀ (ਕਿਨਾਰੇ) ਦੀ ਰੇਤ 'ਚੋਂ ਮੈਨੂੰ ਕੱਢ ਲਿਆ"। ਇਸ ਸੁਪਨੇ ਅਨੁਸਾਰ ਮਾਈ ਨੇ ਪਿੰਡ ਦੇ ਲੋਕਾਂ ਨੂੰ ਨਾਲ ਲੈਕੇ ਰੇਤ ਫੋਲਣ ਤੋਂ ਬੀੜ ਪ੍ਰਾਪਤ ਕੀਤੀ—ਜੋ ਸੁਪਨ ਪੁਰਸ਼ (ਬ੍ਰਿਧ) ਬੁਢੇ ਦੇ ਨਾਮ ਨਾਲ ਪ੍ਰਸਿਧ ਹੋਈ ਹੋਈ ਹੈ।

ਬੀੜ ੨੯

ਇਹ ਬੀੜ ਗੁਰਦੁਆਰਾ ਰਕਾਬ ਗੰਜ ਦਿੱਲੀ ਵਿਚ ਹੈ। ਇਸ ਵਿਚ ਮ: ੯ ਦੀ ਬਾਣੀ ਨਹੀਂ। ਪਹਿਲੇ ਪੰਜ ਪਤ੍ਰੇ ਗੁੰਮ ਹੋ ਗਏ ਹਨ। ਕੋਈ ਵੀ ਥਾਂ ਇਸ ਦੀ ਪੜਨ ਯੋਗ ਨਹੀਂ ਰਹੀ। ਸਭ ਪਤ੍ਰੇ ਜੁੜੇ ਹੋਏ ਯਾ ਫਟੇ ਹੋਏ ਹਨ। ਲਿਖਤ ਵਿਚ ਸੋਨੇ ਦੀ ਸਿਆਹੀ (ਸੁਨਹਿਰੀ) ਵੀ ਕਾਫੀ ਵਰਤੀ ਹੋਈ ਹੈ। ਸ੍ਰੀ ਹਜ਼ੂਰ ਸਾਹਿਬ ਵਾਲੀ ਬੀੜ ਦੀ ਲਿਖਤ ਨਾਲ ਮਿਲਦੀ ਹੈ। ਸਹਸ ਕ੍ਰਿਤੀ ਮ: ੧ ਦੇ ਪਹਿਲੇ ਸਲੋਕ ਤੋਂ ਬਾਅਦ ੧ਓ ਵੀ ਲਿਖਿਆ ਹੋਇਆ ਹੈ।

ਬੀੜ ੩੦

ਇਹ ਬੀੜ ਭਾਈ ਆਸਾਨੰਦ ਯਾ ਆਸਾਰਾਮ ਸੋਢਾ ਪ੍ਰਥੀ ਨੇ ਸੰਮਤ

੧੯੧੫ ਵਿਚ ਲਿਖੀ ਹੋਈ ਹੈ। ਨਕਲ ਭਾਈ ਬੰਨੋ ਦੀ ਹੈ। ਕਿਸੇ ਪਾਗਲ ਇਸਤ੍ਰੀ ਤੋਂ ਪ੍ਰਾਪਤ ਹੋਈ ਹੈ। ਇਸ ਦੀ ਲਿਖਤ ਅਤੀ ਪੁਰਾਣੀ ਸ਼ੈਲੀ ਦੀ ਨਹੀਂ ਹੈ। ਪ੍ਰੰਤੂ ਕੁਝ ਪਾਠ ਇਸ ਵਿਚ ਸ਼ੁੱਧ ਹਨ। ਇਸ ਦੀ ਜਿਲਦ ਦਾ ਇਕ ਗੱਤਾ ਟੁਟਾ ਹੋਯਾ ਹੈ, ਜੋ ਕਿ ਲਿਖਤ ਪੜ੍ਹਨ ਦਾ ਰਿਵਾਜ ਘਟਣ ਤੋਂ ਕਿਸੇ ਧਯਾਨ ਨਹੀਂ ਕੀਤਾ। ਇਸ ਵਿਚ ਪੰਨੇ ੨੩੩ ਉਤੇ "ਕੇਵਲ ਰਾਮ ਨਾਮ ਮਨੋਰਮੰ ਬਦਿ ਅੰਮ੍ਰਿਤ ਤਤੁ ਮਇਅੰ" ਇਕੋ ਬਣਾ ਕੇ ਲਿਖੀ ਹੋਈ ਤੁਕ ਹੈ, ਜੋ ਸ਼ੁਧ ਹੈ।

ਬੀੜ ੩੧

ਸ਼੍ਰੀਮਾਨ ਸੰਤ ਪੂਰਨਦਾਸ ਜੀ ਦੇ ਸਥਾਨ, ਹੁਸੈਨੀ ਆਲਮ ਹੈਦਰਾਬਾਦ ਦੱਖਣ ਵਿਚ ਇਹ ਬੀੜ ਵਿਰਾਜਮਾਨ ਹੈ। ਸੰਮਤੁ ਤੇ ਲਿਖਾਰੀ ਦਾ ਕੋਈ ਨਾਮ ਨਹੀਂ। ਲਿਖਤ ਦਰਮਿਆਨੇ ਦਰਜੇ ਦੀ ਹੈ। ਲਿਖਤ ਦੀ ਬਣਤਰ ਸੰਮਤ ੧੮੫੦ ਦੇ ਲਗਭਗ ਦੀ ਹੈ, ਬਹੁਤ ਪੁਰਾਣੀ ਨਹੀਂ। ਨਕਲ ਭਾਈ ਬੰਨੋ ਜੀ ਦੀ ਬੀੜ ਦੀ ਹੈ। ਬਿਨਾਂ ਮੰਗਲਾਂ ਦੇ ਵਾਧੇ ਘਾਟੇ ਤੋਂ ਕੋਈ ਖ਼ਾਸ ਫ਼ਰਕ ਨਹੀਂ ਹੈ। ਪ੍ਰੰਤੂ ਆਸਾ ਦੀ ਵਾਰ ਦਾ ਸ਼ੁੱਧ ਸਿਰਲੇਖ ਇਸ ਹੀ ਬੀੜ ਵਿਚ ਹੈ।

ਬੀੜ ੩੨

ਇਹ ਬੀੜ ਸੁਆਮੀ ਕਲੰਧਾਰੀ ਜੀ ਦੀ ਲਿਖੀ ਹੋਈ ਹੈ, ਜੋ ਹੁਸੈਨੀ ਆਲਮ ਹੈਦਰਾਬਾਦ (ਦੱਖਣ) ਵਿਚ ਹੀ ਹੈ। ਨਕਲ - ਭਾਈ ਬੰਨੋ ਵਾਲੀ ਬੀੜ ਦੀ ਹੈ। ਇਧ ਬੀੜ ਵਿੱਚ 'ਰਹਿਰਾਸ' ਵਿਚ ਵੀ ਰਾਗਾਂ ਅੰਦਰ ਆਏ ਹੋਏ ਹੀ ਸਿਰਲੇਖ ਵਰਤੇ ਹਨ ਪ੍ਰੰਤੂ ਇਕ ਹੋਰ ਵਾਧਾ ਸਾਰੇ ਸੰਸਾਰ 'ਚੋਂ ਇਸ ਹੀ ਬੀੜ ਵਿਚ ਮਿਲਿਆ ਹੈ ਕਿ ਹਰੇਕ ਵਾਰ ਵਿਚ ਆਏ ਸਲੋਕਾਂ ਦੀ ਗਿਣਤੀ ਵੀ ਵਾਰ ਦੇ ਅੰਤ ਵਿਚ ਲਿਖੀ ਹੋਈ ਹੈ। ਇਹ ਗਿਣਤੀ ਮੈਂ ਕਿਸੇ ਹੋਰ ਬੀੜ ਵਿਚ ਨਹੀਂ ਵੇਖੀ। ਲਿਖਤ ਦਾ ਢੰਗ ਨਵਾਂ ਹੈ, ਕਰੀਬਨ ਸੰਮਤ ੧੮੫੦ ਦੇ ਹੀ ਲਗਭਗ ਦੀ ਲਿਖੀ ਹੋਈ ਹੈ। ਕੁਝ ਸ਼ੁੱਧ ਪਾਠ ਇਸ ਵਿਚੋਂ ਵੀ ਮਿਲੇ ਹਨ। ਇਸ ਵਿਚ ਤਿਲੰਗ ਮ. ੯ ਦੀ ਬਾਣੀ ਠੀਕ ਸਥਾਨ ਤੇ ਲਿਖੀ ਹੋਈ ਹੈ। ਜੋ ਪ੍ਰੈਸ ਦੀਆਂ ਬੀੜਾਂ ਵਿਚ ਠੀਕ ਥਾਂ ਤੇ ਨਹੀਂ। ਪ੍ਰੰਤੂ ਇਸ ਦੇ ਸਿਰਲੇਖ ਤੇ ਪਾਠਾਂ ਵਿਚ ਕਈ ਥਾਂ ਹੱਦਾਂ ਨਹੀਂ ਦਿੱਤੀਆਂ ਹੋਈਆਂ।

ਬੀੜ ਨੰ: ੩੩

ਸ੍ਰੀ ਦਮਦਮਾ ਸਾਹਿਬ (ਸਾਬੋਕੀ ਤਲਵੰਡੀ) ਮਿਸਲ ਰਾਜਜ ਸਮਯ ਦਿਹ 'ਮਿਸਲ ਸ਼ਹੀਦਾਂ ਦੀ ਰਾਜਧਾਨੀ' ਸੀ। ਇਸ ਥਾਂ ਵਿਚ ਸ਼੍ਰੀ ਬਾਬਾ ਦੀਪ ਸਿੰਘ ਜੀ ਸ਼ਹੀਦ ਇਸ ਮਿਸਲ ਦੇ ਰਾਜੇ ਸਨ। ਜਿਸ ਤੋਂ ਇਨਾਂ ਦੇ ਨਾਮ ਨਾਲ 'ਸ਼ਹੀਦ' ਲਕਬ ਪ੍ਰਸਿੱਧ ਹੋਇਆ ਹੈ। ਇਹ ਗੁਰਬਾਣੀ ਦੇ ਪ੍ਰੇਮੀ ਸਨ। ਸ਼੍ਰੀ ਗੁਰੂ ਜੀ ਤੋਂ ਬਾਦ ਇਨ੍ਹਾਂ ਵੀ ਗੁਰੁਬਾਣੀ ਦੀ ਖੋਜ ਪ੍ਰਾਰੰਭ ਕੀਤੀ। ਸਾਰਿਆਂ ਤੋਂ ਪਹਿਲੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਖੋਜ ਇਕ ਜ਼ਰੂਰੀ ਅੰਗ ਸੀ। ਆਪ ਜੀ ਨੇ ਉਸ ਵੇਲੇ ਦੋ ਬੀੜਾਂ ਸ਼੍ਰੀ ਕਰਤਾਰਪੁਰ ਤੇ ਬੰਨੋ ਵਾਲੀ ਦਾ ਜ਼ਿਕਰ ਸੁਣਿਆ ਸੀ। ਜਿਸ ਵਿਚੋਂ ਕਰਤਾਰ-ਪੁਰ ਦੀ ਨਕਲ ਤਾਂ ਮਿਲ ਨਾਂ ਸਕੀ ਪਰ ਸ਼੍ਰੀ ਬੰਨੋ ਜੀ ਦੀ ਨਕਲ ਮਿਲ ਗਈ। ਸ੍ਰੀ ਦੀਪ ਸਿੰਘ ਜੀ ਨੇ ਕਰਤਾਰਪੁਰੀ ਸੋਢੀ ਸਾਹਿਬ ਜੀ ਪਾਸ ਪ੍ਰਾਰਥਨਾ ਕੀਤੀ ਕਿ ਮੈਂ ਪਾਵਨ ਬੀੜ ਦਾ ਪਾਠ ਕਰਨਾ ਚਾਹੁੰਦਾ ਹਾਂ ਪਰ ਸੋਢੀ ਸਾਂਹਿਬਾਂ ਨੇ "ਪੂਜਾ ਵਾਲੀ ਬੀੜ ਹੈ" ਕਹਿਕੇ ਪਾਠ ਦੀ ਆਗਜ਼ਾ ਨਾ ਦਿੱਤੀ। ਪਰੰਤੂ ਸਿੰਘਾਂ ਦੇ ਤੇਜ਼ ਤੋਂ ਡਰਦੇ ਹੋਏ ਓਸ ਵੇਲੇ ਕਰਤਾਰਪੁਰੀ ਸੋਡੀ ਵੀ ਸਿੰਘ ਬਣ ਗਏ ਸਨ ਅਤੇ ਮਿਸਲਾਂ ਨਾਲ ਰਾਜਜ ਸੰਬੰਧ ਨੂੰ ਕਾਯਮ ਰੱਖਣਾ ਵੀ ਜ਼ਰੂਰੀ ਸੀ। ਜਦੋਂ ਸ਼੍ਰੀ ਦੀਪ ਸਿੰਘ ਜੀ ਨੇ ਦੁਬਾਰਾ ਪਤ੍ਰ ਭੇਜਿਆ ਤਾਂ ਸੋਢੀ ਸਾਹਿਬ ਨੇ ਸਿਰਫ ਇਕ ਹਫਤੇ ਲਈ ਦਰਸ਼ਣ ਕਰਵੇਣ ਲਈ ਮੰਨ ਲਿਆ।

ਸ਼੍ਰੀ ਧੀਰਮੱਲ ਜੀ ਦੀ ਔਲਾਦ ਹੋਣ ਤੋਂ ਇਨ੍ਹਾ ਨੂੰ ਚਿੰਤਾ ਲੱਗੀ ਰਹਿੰਦੀ ਸੀ, ਕਿਉਂ-ਕਿ ਸਿੰਘਾਂ ਨੇ ਪਾਹੁਲ ਵਿਚ ਹੀ ਧੀਰਮਲੀਆਂ ਦੇ ਬਾਰੇ ਬੁਰੀ ਭਾਵਨਾ ਪ੍ਰਚਾਰਨ ਦਾ ਯਤਨ ਕਰ ਲਿਆ ਹੋਇਆ ਸੀ, ਜੋ ਹੁਣ ਤਕ ਪ੍ਰਚਾਰਿਆ ਜਾ ਰਿਹਾ ਹੈ ਇਸ ਵਾਸਤੇ ਕਾਫੀ ਚਿੰਤਾ ਅਤੇ ਹੁਸ਼ਜਾਰੀ ਤੋਂ ਕੰਮ ਲਿਆ ਗਿਆ, ਬੀੜ ਬੜੇ ਸਖਤ ਇੰਤਜ਼ਾਮ ਨਾਲ ਵਿਖਾਈ ਗਈ; ਸ਼੍ਰੀ ਦੀਪ ਸਿੰਘ ਜੀ ਦੇ ਦਿਲ ਵਿਚ ਪਾਵਨ ਬੀੜ (ਕਰਤਾਰਪੁਰ) ਦਾ ਅਦਬ ਸੀ ਤੇ ਕੋਈ ਵੀ ਵਿਰੋਧੀ ਭਾਵਨਾ ਨਹੀਂ ਸੀ। ਆਪਨੀ ਬੀੜ ਨਕਲ ਭਾਈ ਬੰਨੋ ਨਾਲ ਲਿਆਏ ਹੋਏ ਸਨ ਅਤੇ ਖਾਸ ਖਾਸ ਥਾਂਵਾਂ ਤੋਂ ਇਕ ਹਫਤੇ ਵਿਚ

ਕਰਤਾਰਪੁਰ ਦੇ ਨਾਲ ਮਿਲਾ ਲਈ। ਆਪਣੀ ਬੀੜ ਵਿਚ ਜੋ ਕਰਤਾਰਪੁਰ ਤੋਂ ਵਧੀਕ ਬਾਣੀਆਂ ਸਨ ਉਹਨਾਂ ਤੇ ਹੜਤਾਲਾਂ ਫੇਰ ਦਿੱਤੀਆਂ ਅਤੇ ਸ੍ਰੀ ਦਮਦਮਾ ਸਾਹਿਬ ਵਾਪਿਸ ਆ ਗਏ। ਇਹ ਬੀੜ ਸ੍ਰੀ ਸਰਦਾਰ ਸੁਚੇਤ ਸਿੰਘ ਜੀ ਦੇ ਗ੍ਰਹਿ ਵਿਖੇ ਸੰਮਤ ੧੯੨੬ ਵਿਚ ਵਿਰਾਜਮਾਨ ਸੀ, ਜਿਸ ਦੇ ਮੈਂ ਦਰਸ਼ਨ ਕੀਤੇ ਹੋਏ ਹਨ।

ਇਸ ਬੀੜ ਵਿਚ ਸ੍ਰੀ ਮ: ੯ ਦੀ ਬਾਣੀ ਰਾਗਾਂ ਦੇ ਵਿਚ ਯਥਾ ਸਥਾਨਾਂ ਤੇ ਰਖਕੇ ਬੀੜ ਤਿਆਰ ਕੀਤੀ ਜੋ 'ਦਮਦਮੀ ਬੀੜ' ਦੇ ਨਾਮ ਤੋਂ ਪ੍ਰਸਿੱਧ ਹੋਈ। ਜੋ ਪ੍ਰੈਸ ਵਾਂਗ ਹੀ ਹੈ-ਉਸ ਤੋਂ ਇਸ ਦੇ ਆਸਪਾਸ ਦੇ ਇਲਾਕੇ ਵਿਚ ਸ੍ਰੀ ਦੀਪ ਸਿੰਘ ਜੀ ਦੀ ਚਲਾਈ ਹੋਈ ਰੀਤਿ ਵਾਲੀ ਬੀੜ ਨੂੰ ਲਿਖਾਰੀਆਂ ਨੇ ਬਹੁਤ ਪ੍ਰਚਾਰਿਆ। ਸ੍ਰੀ ਦਮਦਮੀ ਬੀੜ ਦੀਆਂ ਅਧਿਕ ਲਿਖਤਾਂ ਏਸ ਇਲਾਕੇ ਵਿਚੋਂ ਹੀ ਪ੍ਰਾਪਤ ਹੁੰਦੀਆਂ ਹਨ ਇਹ ਇਲਾਕਾ ਮਿਸਲ ਰਾਜ ਤੋਂ ਲੈ ਕੇ ਅੰਗ੍ਰੇਜ਼ ਰਾਜ ਦੇ ਅੰਤ ਤਕ ਚੰਗੇ ਲਿਖਾਰੀਆਂ ਦਾ ਕੇਂਦਰ ਰਿਹਾ ਹੈ। ਸ੍ਰੀ ਦਮਦਮਾ ਸਾਹਿਬ ਜਿਲਦਾਂ, ਸਿਆਹੀ ਬਣੌਣੀ, ਬੀੜ ਦੇ ਪੀੜੇ, ਮੋਰ ਪੰਖਾਂ ਦੇ ਛਿਲਵੇਂ ਚੋਰ, ਗ੍ਰੰਥ ਲਿਖਣ ਨੂੰ ਰੱਸੀਆਂ ਵਾਲੀਆਂ ਤ੍ਰਖਤੀਆਂ, ਆਦਿ ਤਿਆਰ ਕਰਨ ਦਾ ਅਤਿ ਉੱਤਮ ਸਥਾਨ ਰਿਹਾ ਹੈ। ਲੇਖਿਕ ਨੇ ਭੀ ਗੁਰਮੁਖੀ ਦੀ ਲਿਖਾਈ ਏਸ ਹੀ ਸ਼ੁਭ ਸਥਾਨ ਤੋਂ ਸ੍ਰੀ ਸਾਹਿਬ ਸਤਿਗੁਰੂ ਕਰਣ ਕਾਰਣ ਪਾਰ-ਬ੍ਰਹਮ ਜਜੋਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਨਾਲ ਸ੍ਰੀ ਗੁਰੂ ਹਰਿ ਦਿੱਤ ਸਿੰਘ ਜੀ ਦੇ ਸੀਤ ਪ੍ਰਸ਼ਾਦ ਤੋਂ ਗ੍ਰਹਣ ਕੀਤੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਅਤੇ ਭਾਈ ਮਨੀ ਸਿੰਘ ਜੀ ਦੀ ਲਿਖੀ ਹੋਈ ਕੋਈ ਬੀੜ ਸ੍ਰੀ ਦਮਦਮੇ ਸਾਹਿਬ ਵਿੱਚ ਕੋਈ ਨਹੀਂ ਹੈ।

ਬੀੜ ਨੰ: ੩੪

ਸ੍ਰੀ ਦੀਪ ਸਿੰਘ ਜੀ ਦੀਆਂ ਲਿਖੀਆਂ ਹੋਈਆਂ ਬੀੜਾਂ ਏਸ ਵੇਲੇ ਲੋਕੋਕਤੀ ਨਾਲ ਦੋ ਮਿਲਦੀਆਂ ਹਨ ਇਕ ਸ੍ਰੀ ਹਰਿਮੰਦਿਰ ਜੀ ਅੰਮ੍ਰਿਤਸਰ ਵਿਚ ਹਰ ਸੰਗਰਾਂਦਿ ਦੇ ਦਿਣ ਪ੍ਰਕਾਸ਼ ਹੁੰਦੀ ਹੈ। ਇਸ ਵਿਚ ਰਹਿਰਾਸ ਪੰਜ ਹੀ ਸ਼ਬਦ ਦੀ ਹੈ, ਪਰ ਸ੍ਰੀ ਦਮਦਮੇ ਵਿਚ ਹੋਈਆਂ ਬਾਕੀ ਨਕਲਾਂ ਵਿਚ 'ਸੋਪੁਰਖੁ' ਤੋਂ ਰਹਿਤ ਕੋਈ ਬੀੜ ਨਹੀਂ ਵੇਖੀ। ਕਈ ਭਾਈ ਬੰਨੋ ਜੀ ਦੀ ਨਕਲ ਕ੍ਰਮ ਦੀਆਂ ਬੀੜਾਂ ਵਿਚ ਵੀ 'ਸੋਪੁਰਖੁ' ਦੇ ਸ਼ਬਦ ਬੇਸ਼ਕ ਹਨ। ਕਈ ਕਰਤਾਰਪੁਰ ਦੀਆਂ ਨਕਲਾਂ ਵਿਚ ਵੀ 'ਸੋਪੁਰਖੁ' ਦੇ ਸ਼ਬਦ ਹਨ

ਦਮਦਮੀ ਬੀੜ ਵਿਚ ਤਾਂ ਹੈਨ ਹੀ। ਜਿਸ ਤੋਂ ਸ੍ਰੀ ਦੀਪ ਸਿੰਘ ਦੇ ਨਾਮ ਨਾਲ ਪ੍ਰਸਿੱਧ ਬੀੜ ਤੇ ਵੀ ਸ਼ੰਕਾ ਹੁੰਦੀ ਹੈ।

ਬੀੜ ਨੰ: ੩੫

ਦੂਜੀ ਸ੍ਰੀ ਹਰਿਮੰਦਰ ਹਜ਼ੂਰ ਸਾਹਿਬ ਨਾਂਦੇੜ ਦੱਖਣ ਵਿਚ ਹੈ। ਇਸ ਬੀੜ ਦੀ ਖੋਜ ਨਹੀਂ ਹੋ ਸਕੀ। ਸਿਰਫ ਦਰਸ਼ਣ ਹੀ ਕਰ ਸਕੇ ਹਾਂ। ਕਿਹਾ ਜਾਂਦਾ ਹੈ ਕਿ ਇਹ ਬੀੜ ਸ੍ਰੀ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਲਿਖਤ ਹੈ। ਮੰਗਲ ਜ਼ਰੂਰ ਪਹਿਲੋਂ ਲਿਖੇ ਹੋਏ ਹਨ।

ਬੀੜ ਨੰ: ੩੬

ਪਿੰਡ ਕੁਠਾਲਾ ਜਿਲਾ ਮਲੇਰ ਕੋਟਲਾ (ਪੰਜਾਬ) ਵਿਚ ਇਹ ਬੀੜ ਹੁਣ ਭਾਈ ਸੁੱਧ ਸਿੰਘ ਜੀ ਦੀ ਸਮਾਧਿ ਤੇ ਹੈ। ਇਨਾਂ ਲੋਕਾਂ ਤੋਂ ਪਤਾ ਲਗਾ ਕਿ ਜਦੋਂ ਵਡਾ ਘਲੂਘਾਰਾ (ਜੰਗ) ਜੋ ਏਥੋਂ ਨਜਦੀਕ ਕੁਪ ਰੁਹੀੜੇ ਹੋਯਾ ਸੀ-ਓਸ ਵੇਲੇ ਕੁਝ ਜ਼ਖਮੀ ਸਿੰਘ ਏਸ ਪਿੰਡਦੇ ਸਿਖਾਂ ਨੂੰ ਸੇਵਾ ਦੀ ਅਸਮਰਥਾ ਦੇ ਕਾਰਣ ਦੇ ਗਏ ਸਨ। ਪਹਿਲੇਂ ਇਹ ਸਿਖਾਂ ਦੇ ਘਰ ਸੀ ਤੇ ਫਿਰ ਇਸ ਸਮਾਧਿ ਤੇ ਸਥਾਪਿਤ ਕਰਵਾ ਦਿਤੀ ਗਈ ਹੈ। ਇਹ ਬੀੜ ਕਿਸੇ ਚੰਗੇ ਲਿਖਾਰੀ ਦੀ ਲਿਖੀ ਹੋਈ ਨਹੀਂ। ਅਖਰਾਂ ਦੀ ਬਣਤਰ ਸਾਫ ਤੇ ਸੁਧਰੀ ਹੋਈ ਨਹੀਂ, ਕਿਸੇ ਲਿਖਾਰੀ ਦਾ ਨਾਮ ਤੇ ਸੰਮਤ ਵੀ ਨਹੀਂ ਲਿਖਿਆ ਹੋਯਾ। ਦਮਦਮੀ ਬੀੜ ਦੀ ਨਕਲ ਹੈ। ਪਰ ਦਮਦਮੀ ਬੀੜਾਂ ਵਿਚ ਤਤਕਰੇ ਦੋ ਹੀ ਹੁੰਦੇ ਹਨ। ੧ ਰਾਗਾਂ ਦਾ, ੨ ਸ਼ਬਦਾਂ ਦਾ। ਇਸ ਵਿਚ ਕਰਤਾਰਪੁਰ ਤੇ ਸ੍ਰੀ ਬੰਨੋ-ਵਾਲੀ ਬੀੜ ਵਾਂਗ ਤ੍ਰਿਨਿ ਤਤਕਰੇ ਹਨ। ਤਿੰਨਾਂ ਤਤਕਰਿਆਂ ਵਿਚ ਹੀ ਰਾਗਮਾਲਾ ਦਾ ਜ਼ਿਕਰ ਹੈ ਪਰ ਅੱਗੇ ਰਾਗਮਾਲਾ ਦਾ ਪੱਤ੍ਰਾ ਨਹੀਂ ਹੈ।

ਇਨ੍ਹਾਂ ਲੋਕਾਂ ਤੋਂ ਪਤਾ ਲਗਾ ਹੈ ਕਿ ਲਾਲ ਸਿੰਘ ਨਾਮੇ ਕੋਈ ਪੁਰਸ਼ ਇਸ ਦੇ ਦਰਸ਼ਨ ਕਰਨ ਆਇਆ ਸੀ ਅਤੇ ਉਸਨੇ ਇਹ ਪਤ੍ਰਾ ਪਾੜ ਦਿੱਤਾ ਹੈ। ਜਿਸ ਤੋਂ ਇਸ ਲਾਲ ਸਿੰਘ ਦਾ ਸੰਬੰਧ ਪੰਜਖੰਡੇ (ਭਸੌੜ) ਨਾਲ ਪ੍ਰਤੀਤ ਹੁੰਦਾ ਹੈ। ਹੋਰ ਵੀ ਇਹਨਾਂ ਲੋਕਾਂ ਨੇ ਬੀੜਾਂ ਖੰਡਿਤ ਕੀਤੀਆਂ ਹਨ। ਬੇਸ਼ਕ ! ਮੈਂ 'ਰਾਗਮਾਲਾ' ਗੁਰੂਬਾਣੀ ਨਹੀਂ

ਮੰਨਦਾ, ਮੈਨੂੰ ਆਪਣੇ ਖ਼ਿਆਲਾਂ ਨੂੰ ਪ੍ਰਚਾਰਨ ਦਾ ਹੱਕ ਹੈ ਪਰ "ਬੀੜ ਚੋਂ ਪਤ੍ਰਾ ਪਾੜਨਾ ਬੇਅਦਬੀ ਹੈ।" ਫਿਰ ਜੇ ਇਕ ਦੋ ਬੀੜਾਂ ਦੇ ਪਤਰੇ ਪਾੜੇ ਵੀ ਜਾਣ, ਤਾਂ ਕਰੋੜਾਂ ਦੀ ਗਿਣਤੀ ਵਿਚ ਹੋਰ ਬੀੜਾਂ ਜੋ ਰਾਗਮਾਲਾ ਲਈ ਬੈਠੀਆਂ ਹਨ, ਉਹਨਾਂ ਦਾ ਕੀ ਕਰੋਗੇ ? ਇਹ ਕਮਜ਼ੋਰੀ ਹੈ—ਇਸ ਨੂੰ ਤਯਾਗ ਕੇ ਵਿਦਯਾ, ਧਨ ਤੇ ਹਿੰਮਤ ਨਾਲ ਪ੍ਰਚਾਰ ਕਰਨਾ ਠੀਕ ਹੈ।

ਇਸ ਬੀੜ ਵਿਚੋਂ ਇਕ ਗੱਲ ਓਹ ਮਿਲੀ ਹੈ, ਜੋ ਦੁਨੀਆਂ ਦੀ ਕਿਸੇ ਬੀੜ ਚੋਂ ਨਹੀਂ ਮਿਲੀ। ਇਸ ਵਿਚ ਕਈਂ ਥਾਂਈਂ ਬਹੁਤ ਰਹਸਯਮਯ ਸਫੈਦੇ ਛੱਡੇ ਹੋਏ ਹਨ। ਕਿਸੇ ਥਾਂ ਅੱਧਾ ਪਤ੍ਰਾ, ਕਿਸੇ ਥਾਂ ਇਕ ਸ਼ਬਦ ਦੀ ਥਾਂ ਅਤੇ ਕਿਸੇ ਕਿਸੇ ਥਾਂ ਸਤਰਾਂ ਵੀ ਛਡੀਆਂ ਹੋਈਆਂ ਹਨ। ਇਹ ਲਿਖਾਰੀ ਭਾਂਵੇਂ ਅਖਰ ਸਾਫ ਨਹੀਂ ਸੀ ਲਿਖ ਸਕਦਾ, ਪ੍ਰੰਤੂ ਇਸ ਨੂੰ ਕੁਝ ਅੰਗਾਂ ਦੇ ਹਿਸਾਬ ਅਤੇ ਵਿਚਾਰ ਦਾ ਅਨੁਭਵ ਜ਼ਰੂਰ ਹੈ।

ਪ੍ਰੈਸ ਦੀ ਬੀੜ ਦੇ ਸਫੇ ੧੪੧੧ ਉਪਰ 'ਹੈਨਿ ਵਿਰਲੇ ਨਾਹੀਂ ਘਣੇ ਫੈਲ ਫਕੜੁ ਸੰਸਾਰੁ ॥੧੨॥' (ਵਾਰਾਂ ਤੋਂ ਵਧੀਕ ਮ: ੧) ਇਹ ਸਲੋਕ ਇਕੋ ਹੀ ਤੁਕ ਦਾ ਹੈ। ਜੋ ਕਦੀ ਸ਼ੁੱਧ ਨਹੀਂ ਹੋ ਸਕਦਾ। ਕਿਉਂਕਿ ਇਕ ਤੁਕ ਦਾ ਸਲੋਕ ਹੁੰਦਾ ਹੀ ਨਹੀਂ। ਇਸ ਬੀੜ ਦੇ ਲੇਖਿਕ ਨੇ ਏਸ ਥਾਂ ਡੇਢ ਸਤਰ ਸਫੈਦਾ ਛੱਡ ਦਿਤਾ ਹੈ। ਇਸ ਤੋਂ ਲਿਖਾਰੀ ਦੇ ਦਿਲ ਵਿਚ ਸ਼ੰਕਾ ਪ੍ਰਤੀਤ ਹੁੰਦੀ ਹੈ। ਕਿ ਪਹਿਲੋ ਲਿਖਾਰੀ ਤੋਂ ਏਥੋਂ ਕੁਝ ਪੰਗਤੀਆਂ ਰਹਿ ਗਈਆਂ ਹਨ। ਪ੍ਰੰਤੂ ਜਦੋਂ ਮੈਨੂੰ ਯਾ ਕਿਸੇ ਹੋਰ ਨੂੰ ਮਿਲ ਜਾਣਗੀਆਂ ਤਾਂ ਇਸ ਸਫੈਦੇ ਤੇ ਲਿਖ ਸਕੀਆਂ ਜਾਣਗੀਆਂ। ਇਹ ਇਕ ਨਮੂਨੇ ਮਾਤ੍ਰ ਲਿਖਯਾ ਹੈ। ਇਸ ਤੋਂ ਅੱਗੇ ਲਈ ਗਯਾਨ ਹੋ ਸਕਦਾ ਹੈ। ਇਸ ਬੀੜ ਵਿਚ ਇਹੋ ਜਹੇ ਸਫੈਦੇ ਬਹੁਤ ਥਾਂ ਹਨ।

ਸਫੈਦਿਆਂ ਵਾਲੀਆਂ ਬੀੜਾਂ ਫਕਤ ਦੋ ਹੀ ਹਨ। ੧. ਕਰਤਾਰਪੁਰ ੨. ਕੁਠਾਲਾ। ਜਿੰਨਾਂ ਚਿਰ ਇਕ ਹੈ, ਓਨਾਂ ਚਿਰ ਗੁਣ ਅਵਗੁਣ ਜ਼ਾਹਰ ਨਹੀਂ ਹੋ ਸਕਦੇ। ਜਦੋਂ ਦੋ ਹੋ ਜਾਣ—ਓਦੋਂ ਮੁਕਾਬਲੇ ਤੇ ਗੁਣ ਅਵਗੁਣ ਆ ਜਾਂਦੇ ਹਨ। ਫਿਰ ਕੋਈ ਵਿਚਾਰ ਵਧ ਘਟ ਹੋ ਸਕਦੀ ਹੈ। ਕਰਤਾਰਪੁਰ ਦੇ ਸੋਢੀਆਂ ਤੋਂ ਇਹ ਕਲਪਨਾ

ਬਹੁਤ ਘਨਿਸਟ ਪ੍ਰਚਾਰੀ ਗਈ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ ਖਾਲੀ ਪਤ੍ਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਲਈ ਛਡਵਾਏ ਸਨ। ਏਥੋਂ ਨਾਲ ਹੀ ਉਤਰ ਵੀ ਮਿਲ ਜਾਂਦਾ ਹੈ--ਕਿ ਫਿਰ ਤਾਂ ਇਹ ਬੀੜ ਅਧੂਰੀ ਹੋਣੀ। ਪ੍ਰੰਤੂ ਇਹ ਕਾਲਪਨਿਕ ਪ੍ਰਸ਼ਨੋਤਰ ਹਨ। ਕੋਈ ਸਿੱਟਾ ਇਨਾਂ ਤੋਂ ਨਹੀਂ ਨਿਕਲਦਾ। ਇਹ ਬਹਿਕਾਵੇ ਦੀਆਂ ਗੱਲਾਂ ਹਨ, ਅਸਲ ਗਲ ਇਹ ਜਾਪਦੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਅਥਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੰਨਣ ਵਾਲੇ— ਬੀੜ ਤੇ ਕਿੰਤੂ (ਅਬਜਕਸ਼ਨ) ਨਾਂ ਕਰਨ ਅਤੇ ਉਹ ਵੀ ਇਸ ਦੀ ਪੂਜਾ ਭੇਟਾ ਕਰ ਜਾਣ।

ਕੁਠਾਲੇ ਵਾਲੀ ਬੀੜ ਤੋਂ ਸਾਫ ਜ਼ਾਹਰ ਹੋ ਜਾਂਦਾ ਹੈ ਕਿ ਇਹ ਕਰਾਮਾਤੀ ਕ੍ਰਿਸ਼ਮਾਂ ਨਹੀਂ। ਇਹ ਖੋਜ ਦੀ ਸੀੜੀ ਹੈ ਕਰਤਾਰਪੁਰ ਦੀ ਬੀੜ ਦੇ ਲੇਖਿਕ ਨੂੰ ਅਜੇ ਤਕ ਹੋਰ ਬਹੁਤ ਬਾਣੀ ਦੇ ਮਿਲਣ ਦੀ ਆਸ਼ਾ ਸੀ। ਜੋ ਉਸ ਦੇ ਜੀਵਨ ਵਿਚ ਪੂਰੀ ਨਹੀਂ ਹੋ ਸਕੀ ਅਤੇ ਬੀੜ ਜਜੋਂ ਕੀ ਤਜੋਂ ਹੀ ਰਹਿ ਗਈ ਹੈ। ਨਾ ਹੀ ਕੁਠਾਲੇ ਦੀ ਬੀੜ ਦੇ ਲੇਖਿਕ ਨੂੰ ਇਹ ਮੌਕਾ ਮਿਲਿਆ ਕਿ ਜਿਸ ਵਿਚ ਉਹ ਆਪਣੇ ਸੁਪਨਿਆਂ ਨੂੰ ਸੁਰਜੀਤ ਕਰ ਸਕਦਾ। ਈਮਾਨਦਾਰੀ ਵੀ ਏਸ ਦਾ ਤਕਾਜ਼ਾ ਕਰਦੀ ਹੈ, "ਆਪਣੀ ਕਲਪਨਾਂ ਨੂੰ ਕਿਸੇ ਦੇ ਨਾਲ ਮਿਲਾ ਕੇ ਪ੍ਰਚਾਰਨਾ" ਧੋਖਾ ਹੈ। ਦੂਜੇ ਦੇ ਬਣੇ ਹੋਏ ਗ੍ਰੰਥ ਵਿਚ ਆਪਣਾ ਕੋਈ ਪਾਦ ਮਿਲਾਣਾ ਲੇਖਿਕ ਲਈ ਅਤਿ ਅਨੁਚਿਤ ਹੈ। ਪ੍ਰੰਤੂ ਸ਼ੰਕਾ ਸਮਾਧਾਨ ਕਰਨਾ ਬੁਧਿਮਤਾ ਹੈ।

ਕੁਠਾਲੇ ਵਾਲੀ ਬੀੜ ਦੀ ਕਹਾਣੀ ਵੀ ਕਿਸੇ ਪੰਥ ਪ੍ਰਕਾਸ਼ ਦਾ ਲੇਖ ਪੜ ਕੇ ਘੜੀ ਹੋਈ ਪ੍ਰਤੀਤ ਹੁੰਦੀ। ਤਾ ਕਿ ਲੋਕ "ਇਸੇ ਬੀੜ ਨੂੰ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੁਤਾ ਅਰਪ ਗਏ" ਮੰਨ ਲੈਣ ਅਤੇ ਸਾਨੂੰ ਵਿਸ਼ੇਸ਼ ਆਮਦਨ ਦਾ ਜ਼ਰੀਆ ਪ੍ਰਾਪਤ ਹੋ ਜਾਵੇ।

ਬੀੜ ਨੰ: ੩੭

ਸ੍ਰਦਾਰ ਜਨਾਰਦਨ ਸਿੰਘ ਜੀ ਸਰਾਫ ਪੱਟੀ ਵਾਲੇ ਮੋਗਾ ਜਿਲਾ ਫੀਰੋਜ਼ਪੁਰ

ਦੇ ਪਾਸ ਇਹ ਬੀੜ ਹੈ। ਇਸ ਬੀੜ ਵਿਚ ਹੀਰੇ, ਪੰਨੇ, ਚੂਨੀਆਂ ਤੇ ਸੋਨੇ ਦੀਆਂ ਸਿਆਹੀਆਂ ਨੂੰ ਖੁੱਲ੍ਹੇ ਦਿਲ ਨਾਲ ਵਰਤਿਆ ਹੋਇਆ ਹੈ। ਇਹ ਦਮਦਮੀ ਬੀੜ ਦੀ ਨਕਲ ਹੈ। ਬੜੇ ਸੁਘੜ ਲਿਖਾਰੀ ਦੀ ਲਿਖੀ ਹੋਈ ਹੈ। ਇਸ ਵਿਚੋਂ ਮੈਨੂੰ ਇਕ ਪਾਠ ਸੁੱਧ ਦਿਸਿਆ ਹੈ, ਜੋ ਕਿ ਸਾਰੀਆਂ ਬੀੜਾਂ ਨਾਲੋਂ ਵਿਲਖਣ ਹੈ :—

'ਪਰਿਓ ਕਾਲੁ ਸਭੈ ਜਗੁ ਊਪਰ ਮਾਹਿ 'ਲਖੇ' ਭ੍ਰਮ ਗਿਆਨੀ'

(ਸੋਰਠਿ ਸ੍ਰੀ ਕਬੀਰ ਜੀ)

ਹੋਰ ਸਾਰੀਆਂ ਬੀੜਾਂ ਵਿਚ 'ਲਿਖੇ' ਪਾਠ ਹੈ, ਪ੍ਰੰਤੂ ਇਸ ਬੀੜ ਵਿਚ 'ਲਖੇ' ਹੈ। ਏਥੇ 'ਲਿਖ'—ਧਾਤੂ ਨਾਲ ਸੰਬੰਧਿਤ ਕੋਈ ਪ੍ਰਕਰਣ ਨਹੀਂ—'ਲਖ' ਪਦ 'ਲਹੁ'—ਧਾਤੂ 'ਜਾਨਣਾ' ਅਰਥ ਵਿਚ ਪ੍ਰਕਰਣ ਤੇ ਸ਼ਬਦ ਦਾ ਪੂਰਣ ਸਹਯੋਗ ਹੈ।

ਇਸ ਬੀੜ ਦੀ ਕਥਾ ਵੀ ਕਹਿਣੀ ਪਾਠਿਕਾਂ ਨੂੰ ਰੁਚਿਕਰ ਹੋਵੇਗੀ। ਉਹ ਇਸ ਤਰਾਂ ਹੈ—ਸ੍ਰੀ ਮਹਾਰਾਜ ਰਣਜੀਤ ਸਿੰਘ ਜੀ ਨੇ ਆਪਣੇ ਦਰਬਾਰ ਵਿਚ ਭਾਈ ਸੁੱਧ ਸਿੰਘ ਜੀ ਲਿਖਾਰੀ ਨੂੰ ਰਖ ਕੇ ਦੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲਿਖਵਾਈਆਂ। ਜਿਨਾਂ ਚੋਂ ਇਕ ਇਹ ਹੈ-ਦੂਜੀ ਦਾ ਅਜੇ ਪਤਾ ਨਹੀਂ ਲੱਗਾ। ਸ੍ਰੀ ਸੁੱਧ ਸਿੰਘ ਜੀ ਨੂੰ ਜਿੰਨਾਂ ਉਹ ਆਪਣੀ ਮਰਜ਼ੀ ਨਾਲ ਬੀੜਾਂ ਤੇ ਖਰਚ ਕਰ ਸਕਣ—ਓਨੇ ਧਨ ਦੀ ਖੁਲ੍ਹ ਸੀ। ਇਸ ਵਿਚ ਭਾਈ ਸੁੱਧ ਸਿੰਘ ਜੀ ਨੇ ਈਮਾਨਦਾਰੀ ਤੇ ਸਿਦਕ ਨਾਲ ਸ਼ੁਧ ਹੀਰੇ, ਪੰਨੇ, ਮੋਤੀ, ਚੂਨੀਆਂ ਤੇ ਸੋਨੇ ਦੀਆਂ ਸਿਆਹੀਆਂ ਬਣਾਈਆਂ ਤੇ ਬੀੜਾਂ ਲਿਖੀਆਂ।

ਸ੍ਰੀ ਰਣਜੀਤ ਸਿੰਘ ਜੀ ਨੇ ਦੋ ਪਿੰਡ ਇਨਾਮ ਮਾਝੇ ਵਿਚ ਭਾਈ ਸੁੱਧ ਸਿੰਘ ਜੀ ਨੂੰ ਦਿੱਤੇ। ਮਹਾਰਾਜ ਦੇ ਦੇਹਾਂਤ ਤੋਂ ਬਾਦ ਕਰਮਚਾਰੀਆਂ ਨੇ ਇਹ ਪਿੰਡ ਖੋਹ ਲਏ। ਸਿਖਾਂ ਨੇ ਮਹਾਰਾਜ ਜੀ ਦੇ ਖਾਨਦਾਨ ਦੀ ਖੂਨ ਹੋਲੀ ਵਿਚ ਹਿੱਸਾ ਵੀ ਕਾਫੀ ਪਾਇਆ। ਇਹ ਵੇਲਾ ਮੂਰਖ ਜੰਗਜੂਆਂ ਦਾ ਸੀ। ਬੁਧੀਵਾਨ ਆਪਣਿਆਂ ਪ੍ਰਾਣਾਂ ਨੂੰ ਛਿਪੋਣ ਲਗ ਪਏ। ਗਿਆਨੀ ਗੁਰਮੁਖ ਸਿੰਘ ਨੂੰ ਏਸ ਹੀ ਹਾਲਾਤ ਵਿਚ ਅਮ੍ਰਿਤਸਰ ਵਿਚ ਪਕੜ ਕੇ ਮਾਰ ਦਿਤਾ ਗਿਆ। ਭਾਈ ਸੁੱਧ ਸਿੰਘ ਡਰਦਾ ਹੋਯਾ ਲਹੌਰੋਂ ਭਜ ਤੁਰਿਆ

ਪ੍ਰੰਤੂ ਉਸ ਨੂੰ ਏਸ ਬੀੜ ਦੀ ਕੀਮਤ ਦਾ ਪਤਾ ਸੀ, ਉਹ ਚੁਕ ਕੇ ਲਾਹੌਰੋਂ ਨਾਲ ਲੈ ਆਯਾ। ਉਸ ਦੀ ਮੌਤ ਮਾਝੇ ਵਿਚ ਹੀ ਹੋ ਗਈ। ਉਸਦੇ ਪੁਤ੍ਰ ਇਸ ਬੀੜ ਦੀ ਕੀਮਤ ਨੂੰ ਨਹੀਂ ਜਾਣਦੇ ਸਨ। ਧਨ ਦੀ ਕਮਜ਼ੋਰੀ ਦੀ ਵਜ੍ਹਾ ਨਾਲ ਪੱਟੀ (ਜ਼ਿਲਾ ਅਮ੍ਰਿਤਸਰ) ਵਿਚ ਇਕ ਬੈਰਾਗੀ ਸਾਧੂ ਨੂੰ ਇਹ ਬੀੜ ਸੇਵਾ ਲਈ ਸੌਂਪ ਗਏ। ਇਸ ਪੱਟੀ ਦੇ ਮੰਦਿਰ ਦਾ ਪਰਮਪਰਾਈ—ਸੰਬੰਧ ਬੰਬਈ ਭੀ ਕਿਸੇ ਮੰਦਿਰ ਨਾਲ ਹੈ। ਇਸ ਮੰਦਿਰ ਵਿਚ ਕਈ ਸਾਲਾਂ ਤੱਕ ਇਸ ਬੀੜ ਦੀ ਜਿਖਾਂ ਨਾਲੋਂ ਵਧੀਕ ਪੂਜਾ ਤੇ ਸੇਵਾ ਹੁੰਦੀ ਰਹੀ।

ਕਾਲ ਚਕ੍ਰ ਇਹੋਜਿਹਾ ਫਿਰਿਆ ਕਿ ਅਕਾਲੀ ਅਤੇ ਸਿੰਘ ਸਭਾ ਆਦਿ ਲਹਿਰਾਂ ਚਲ ਪਈਆਂ ਅਤੇ ਇਹਨਾਂ ਉਦਾਸੀ, ਨਿਰਮਲੇ, ਨਿਹੰਗ ਅਤੇ ਹੋਰ ਭੀ ਗੁਰੁਬਾਣੀ ਦੀਆਂ ਸਰਦਾਲੂ ਸੰਪ੍ਰਦਾਵਾਂ ਦੀਆਂ ਜਾਇਦਾਦਾਂ ਨੂੰ ਹੜਪ ਕਰਨ ਲਈ ਛੂਛਾ ਛੱਡ ਦਿਤਾ, ਕਿ "ਜਿਥੇ ਵੀ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਹੈ ਉਹ ਸਥਾਨ ਗੁਰੂ ਕਾ ਹੈ ਅਤੇ ਉਸ ਤੇ ਸਾਡਾ ਹਕ ਹੈ।" ਪੰਜਾਬ ਵਿਚ ਬਹੁਤ ਮੋਰਚਿਆਂ ਦਾ ਰੋਲਾ ਪਿਆ ਹੋਯਾ ਸੀ, ਲੋਕ ਡਰ ਗਏ। ਏਸ ਮੰਦਿਰ ਦੇ ਪ੍ਰਬੰਧਕਾਂ ਨੇ ਡਰਦਿਆਂ ਬੀੜ ਨੂੰ ਪ੍ਰਕਾਸ਼ ਕਰਨਾ ਬੰਦ ਕਰ ਦਿੱਤਾ। ਕੋਈ ਜਾਵੇ ਅਤੇ ਕਹਿ ਦਿਆ ਕਰਨ ਕਿ—ਬੀੜ ਚੁਰਾਈ ਗਈ ਹੈ। ਇਸ ਬੀੜ ਨੂੰ ਇਹਨਾਂ ਕਈ ਸਾਲ ਲੁਕਾ ਰਖਿਆ। ਪ੍ਰੰਤੂ ਸਥਾਨ ਖੁਸੱਣ ਦਾ ਡਰ ਬਹੁਤ ਪੈ ਗਿਆ।

ਸ਼੍ਰੀ ਬਾਬਾ ਸੋਹਣ ਸਿੰਘ ਨਿਹੰਗ ਸੁਰ ਸਿੰਘ ਵਾਲੇ ਜੋ ਭਾਈ ਬਿਧੀ ਚੰਦ ਜੀ ਦੀ ਔਲਾਦ ਹਨ। ਉਹਨਾ ਕੁਝ ਨਿਹੰਗਾਂ ਨੂੰ ਨਾਲ ਲੈ ਕੇ ਪੱਟੀ ਵਿਚ ਇਕ ਖੂਹ ਤੇ ਆ ਡੇਰੇ ਲਾਏ ਅਤੇ ਉਸ ਨੂੰ ਸ਼੍ਰੀ ਬਿਧੀ ਚੰਦ ਜੀ ਦਾ ਭੱਠਾ ਜ਼ਾਹਿਰ ਕਰ ਦਿੱਤਾ। ਕੋਈ ਖਾਸ ਝਗੜੇ ਵਾਲੀ ਘਟਨਾ ਨਹੀਂ ਸੀ—ਉਜੜੀ ਜਹੀ ਥਾਂ ਪਈ ਹੋਈ ਸੀ। ਲੰਗਰ ਸ਼ੁਰੂ ਹੋ ਗਿਆ। ਖੂਹ ਦੇ ਕੰਢੇ ਤੇ ਹੀ ਸ਼੍ਰੀ ਗ੍ਰੰਥ ਸਾਹਿਬਾਂ ਦੇ ਪ੍ਰਕਾਸ਼ ਹੋ ਗਏ ਅਤੇ ਅਖੰਡ ਪਾਠ ਸ਼ੁਰੂ ਹੋ ਗਏ। ਲੋਕ ਸੇਵਕ ਬਣ ਗਏ। ਕਿਸੇ ਆਦਮੀ ਤੋਂ ਇਨਾਂ ਨੂੰ ਏਸ ਬੀੜ ਦੀ ਖਬਰ ਮਿਲ ਗਈ। ਇਨਾਂ ਨੇ ਨਿਹੰਗਾਂ ਨੂੰ ਨਾਲ ਲੈ ਕੇ

ਮੰਦਿਰ ਵਿਚ ਮਹੰਤ ਜੀ ਨੂੰ ਜਾ ਪੁਛਿਆ 'ਮਹਾਰਾਜ ਤੁਹਾਡੇ ਪਾਸ ਬੀੜ ਹੈ ਕ੍ਰਿਪਾ ਕਰ ਕੇ ਸਾਨੂੰ ਦੇ ਦਿਓ' ਮਹੰਤ ਪਹਿਲੋਂ ਹੀ ਭਰਿਆ ਹੋਇਆ ਸੀ—ਓਸ ਹੱਥ ਜੋੜ ਕੇ ਕਿਹਾ ਮਹਾਰਾਜ ! ਮੇਰੇ ਕੋਲ ਤਾਂ ਬੀੜ ਨਹੀਂ ਪ੍ਰੰਤੂ ਪਹਿਲੇ ਮਹੰਤ ਪਾਠ ਕਰਦੇ ਹੁੰਦੇ ਸਨ । ਉਨਾਂ ਆਪਣੇ ਪਰਲੋਕ ਤੋਂ ਪਹਿਲੋਂ ਕਿਸੇ ਗੁਰਮੁਖੀ ਪੜੇ ਹੋਏ ਨੂੰ ਦੇ ਦਿਤੀ ਸੀ । 'ਜੇ ਮੇਰੇ ਤੇ ਆਪ ਜੀ ਦੀ ਕ੍ਰਿਪਾ ਹੋਵੇ ਤਾਂ ਜੋ ਮਾਯਾ ਲਗੇ । ਓਹ ਦਾਸ ਦੇ ਦੇਵੇਗਾ—ਤੁਸੀਂ ਸ੍ਰੀ ਅਮ੍ਰਿਤਸਰ ਜੀ ਤੋਂ ਬੀੜ ਮੰਗਵਾ ਲੋ' । ਬਸ ! ਏਨੀ ਸੁਣਿਕੇ ਨਿਹੰਗ ਸਿੰਘ ਜੈਕਾਰੇ ਗਜਾਉਣ ਲਗ ਪਏ । ਮਹੰਤ ਨੇ ੧੦੧) ਸ੍ਰੀ ਬਾਬਾ ਸੋਹਣ ਸਿੰਘ ਜੀ ਨੂੰ ਭੇਟ ਕਰ ਦਿਤਾ । ਬਾਬਾ ਸੋਹਣ ਸਿੰਘ ਜੀ ਪ੍ਰਸੰਨ ਹੋ ਗਏ ਤੇ ਪ੍ਰੈਸ ਦੀ ਬੀੜ ਮੰਗਵਾ ਲਈ ਜੋ ਸਥਾਨ ਤੇ ਵਿਰਾਜਮਾਨ ਹੈ ।

ਮਹੰਤ ਜੀ ਦਿਲੋਂ ਬਹੁਤ ਡਰ ਗਏ ਅਤੇ ਓਸੇ ਦਿਨ ਹੀ ਬੀੜ ਬੰਬਈ ਭੇਜ ਦਿਤੀ । ਸ: ਜਨਾਰਦਨ ਸਿੰਘ ਜੀ ਪੱਟੀ ਵਿਚ ਹੀ ਸਰਾਫੀ ਦੀ ਦੁਕਾਨ ਕਰਦੇ ਸਨ ਅਤੇ ਇਨਾਂ ਨੇ ਕਈ ਵਾਰ ਓਸ ਬੀੜ ਤੇ ਪਾਠ ਵੀ ਕੀਤਾ ਸੀ । ਮਹੰਤ ਜੀ ਨਾਲ ਸਹਯੋਗ ਵੀ ਸੀ । ਇਹਨਾਂ ਕੁਝ ਲਾਲਚ ਵੀ ਮਹੰਤ ਜੀ ਨੂੰ ਦੇਣਾ ਚਾਹਿਆ ਸੀ । ਏਸ ਕੌਤਕ ਤੋਂ ਬਾਦ—ਇਹਨਾਂ ਫਿਰ ਜ਼ਿਕਰ ਤੋਰਿਆ । ਮਹੰਤ ਜੀ ਨੇ ਕਿਹਾ ਕਿ ਬੀੜ ਅਸਾਂ ਏਥੋਂ ਕਿਤੇ ਭੇਜ ਦਿਤੀ ਹੈ । ਜੇ ਤੁਹਾਨੂੰ ਇੱਛਾ ਹੈ ਤਾਂ ਉਥੋਂ ਚਲ ਕੇ ਤੁਹਾਨੂੰ ਬੀੜ ਦੇ ਦਿਆਂਗੇ । ਮਹੰਤ ਜੀ ਅਤੇ ਸ: ਜਨਾਰਦਨ ਸਿੰਘ ਜੀ ਬੰਬਈ ਗਏ ਅਤੇ ਕੁਝ ਮਾਯਾ ਲੈ ਕੇ ਮਹੰਤ ਜੀ ਨੇ ਸ: ਜਨਾਰਦਨ ਸਿੰਘ ਜੀ ਨੂੰ ਬੀੜ ਦੇ ਦਿੱਤੀ । ਸ. ਜਨਾਰਦਨ ਸਿੰਘ ਜੀ ਕੋਮ ਦੇ ਸੁਨਿਆਰੇ ਸਨ ਅਤੇ ਸਰਾਫੀ ਦਾ ਕੰਮ ਕਰਦੇ ਸਨ । ਚੌਕ ਮੋਗੇ ਜ਼ਿਲਾ ਫ਼ੀਰੋਜ਼ਪੁਰ ਵਿਚ 'ਪੱਟੀ ਵਾਲੇ ਸਰਾਫ' ਕਰ ਕੇ ਮਸ਼ਹੂਰ ਸਨ । ਆਪ ਬੜੇ ਗੰਭੀਰ ਸਨ । ਜਿਸ ਕਾਰਣ ਮੈਨੂੰ ਆਪ ਨੇ ਪੂਰਾ ਸਮਾਚਾਰ ਨਹੀਂ ਦਸਿਆ । ਪ੍ਰੰਤੂ ਸ: ਲਾਹੋਰਾ ਸਿੰਘ ਜੀ ਡਾਕਟਰ (ਸੰਗਰੂਰ) ਕੁਝ ਸਮਾਂ ਮੇਰੇ ਪਾਸੋਂ ਗੁਰਬਾਣੀ ਪੜਦੇ ਰਹੇ ਸਨ ਅਤੇ ਮੈਂ ਸੰਨ ੧੯੩੬ ਵਿਚ ਸੰਗਰੂਰ ਸ੍ਰੀ ਸਰਬਲੋਹ ਗ੍ਰੰਥ ਦੀ ਰੀਸਰਚ ਵਾਸਤੇ ਗਿਆ ਹੋਇਆ ਜਾਂ ਉਨ੍ਹਾਂ ਕੋਲ ਅਚਾਨਕ ਪੁਰਾਤਨਿ ਬੀੜਾਂ ਦਾ ਜ਼ਿਕਰ ਚਲਿਆ ਤਾਂ ਮੈਨੂੰ ਏਸ ਬੀੜ ਦਾ ਪਤਾ ਲੱਗਾ । ਸ. ਲਾਹੋਰਾ ਸਿੰਘ ਜੀ ਹੁਣ ਪ੍ਰਲੋਕ ਸਿਧਾਰ ਗਏ ਹਨ, ਆਪ ਵੀ ਕੋਮ ਦੇ ਸੁਨਿਆਰੇ

ਸਨ। ਗੁਰਬਾਣੀ ਦੇ ਚੰਗੇ ਖੋਜੀ ਅਤੇ ਪ੍ਰੇਮੀ ਸਨ। ਉਹਨਾਂ ਦੇ ਨਾਲ ਮੈਂ ਮੋਗੇ ਗਿਆ ਤਾਂ ਵੀ ਸ੍. ਜਨਾਰਦਨ ਸਿੰਘ ਜੀ ਨੇ ਬੀੜ ਨਾ ਵਿਖਾਈ। ਮੈਂ ਤੇਰਾਂ ਸਾਲ ਏਸ ਬੀੜ ਦੇ ਦਰਸ਼ਣ ਲਈ ਜਾਂਦਾ ਔਂਦਾ ਰਿਹਾ। ਆਖਰ ਦਰਸ਼ਣ ਹੋਏ ਪ੍ਰੰਤੂ ਬਾਣੀ ਦੀ ਰੀਸਰਚ ਵਿਚ ਏਸ ਬੀੜ ਅਤੇ ਪ੍ਰੈਸ ਦੀ ਬੀੜ ਦਾ ਕੋਈ ਫਰਕ ਨਹੀਂ ਆਮ ਲੋਕਾਂ ਦੇ ਰਿਵਾਜ ਮੁਤਾਬਕ ਇਸ ਨੂੰ 'ਦਮਦਮੀ ਬੀੜ' ਹੀ ਕਿਹਾ ਜਾ ਸਕਦਾ ਹੈ। ਲਿਖਤ ਬੜੀ ਸੁੰਦਰ, ਦਮਦਮੀ ਗੁਰਮੁਖੀ ਦੀ ਹੈ, ਅੱਖਰ ਬੜੇ ਸਾਫ ਅਤੇ ਸੁੰਦਰ ਗੋਲ ਹਨ। ਚੰਗੇ ਸੁਘਰ ਤੇ ਸੁਧਰੇ ਹੋਏ ਲਿਖਾਰੀ ਦੇ ਲਿਖੇ ਹੋਏ ਹਨ। ਬਾਣੀ ਵਿਚ ਪ੍ਰੈਸ ਨਾਲੋਂ ਕੋਈ ਖ਼ਾਸ ਫਰਕ ਨਹੀਂ।

ਬੀੜ ਨੰ: ੩੮

ਸ੍ਰੀ ਦਮਦਮੇ ਸਾਹਿਬ ਸਾਬੋਕੀ ਤਲਵੰਡੀ ਜ਼ਿਲਾ ਬਠਿੰਡਾ ਸਥਾਨ ਬੁਢਾ ਦਲ ਵਿਚ ਹਥ ਲਿਖਤ ਕਾਫ਼ੀ ਬੀੜਾਂ ਹਨ। ਜਿਨ੍ਹਾਂ ਵਿਚੋਂ ਤਿੰਨ ਬੀੜਾਂ ਵਿਚ ''ਤ੍ਰਿਸ਼ਨਾ ਬਿਰਲੇ ਹੀ ਕੀ ਬੁਝੀਹੇ'' (ਗਉੜੀ ਮ: ੫) ਦੇ ਪਾਠ ਸ਼ੁੱਧ ਹਨ। ਪ੍ਰੈਸ ਵਿਚ ਐਵੇਂ ਹੱਦਾਂ ਪਾ ਕੇ ਅਸ਼ੁੱਧ ਕਰ ਦਿੱਤੇ ਹੋਏ ਹਨ।

(ੳ) ਹਿੰਦੂ ਤੁਰਕ ਦੁਹਾ 'ਨਿਬੇਰਾ'। ਪੰਨਾ ੭੧੭

ਪ੍ਰੈਸ ਵਿਚ 'ਨੇਬੇਰਾ' ਹੈ। ਜੋ 'ਨਿਬੇਰਾ' ਦੇ ਮੁਕਾਬਲੇ ਤੇ ਚੰਗਾ ਨਹੀਂ।

(ਅ) ਕਹੁ ਕਬੀਰ ਇਹ ਕੀਆ 'ਬਖਿਆਨਾ'। ਪੰਨਾ ੭੧੭।

ਪ੍ਰੈਸ ਯਾ ਕਰਤਾਰਪੁਰ 'ਵਖਾਨਾ' ਹੈ।

(ੲ) 'ਸਵਯੇ ਮਹਲੇ ਦੂਜੇ ਕੇ' ਪੰਨਾ ੮੪੦

ਪ੍ਰੈਸ ਵਿਚ 'ਸਵਈਏ ਮਹਲੇ ਦੂਜੇ ਕੇ ੨' ਪਾਠ ਹੈ।

(ਸ) 'ਵੈਦੁ ਨ ਭੋਲੇ ਦਾਰੂ ਲਾਇ'। ਪੰਨਾ ੭੭੯

ਇਕ ਵਾਰ ਹੀ ਤੁਕ ਲਿਖੀ ਹੋਈ ਹੈ। ਪ੍ਰੈਸ ਅਤੇ ਕਰਤਾਰਪੁਰ ਆਦਿਕ ਬੀੜਾਂ ਵਿਚ ਦੋ ਵਾਰ ਲਿਖੀ ਹੋਈ ਹੈ। ਜੋ ਅਸ਼ੁੱਧ ਹੈ।

ਬੀੜ ਨੰ: ੩੯

ਸਥਾਨ ਬੁਢਾ ਦਲ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਜ਼ਿਲਾ ਬਠਿੰਡਾ

ਪੰਜਾਬ ।

ਇਹ ਦੋ ਬੀੜਾਂ ਹੋਰ ਹਨ, ਜਿਨਾ ਵਿਚ ਇਕ ਉਤੇ ਸੰਮਤ ਨਹੀਂ । ਦੂਜੀ ਤੇ 'ਸੰਮਤ ੧੯੦੭ ਮਿਤੀ ਜੇਠ ਦਿਨ ਵੀਰਵਾਰ' ਲਿਖਿਆ ਹੋਇਆ ਹੈ । ਇਸ ਚੋਂ ਇਹ ਪਾਠ ਮੈਨੂੰ ਸ਼ੁੱਧ ਲਗੇ ਹਨ ।

(ੳ) ਬਸੰਤ ਮਹਲਾ ੧॥ ਬਸਤੁ ਉਤਾਰ ਦਿਗੰਬਰ × × (ਪੰਨਾ ੪੫੮)

(ਅ) ਬਸੰਤੁ ਮਹਲਾ ੧॥ ਸਾਹਿਬੁ ਭਾਵੈ ਸੇਵਕ × × (ਪੰਨਾ ੪੫੯)

ਬੀੜ ਨੰ: ੪੦

ਜੋ ਨੰ: ੩੮ ਵਿਚ ਦੱਸੀ ਪਹਿਲੀ ਬੀੜ ਹੈ । ਉਸ ਦੇ ਨਾਲ ਹੋਰ ਦੋ ਬੀੜਾਂ ਦੇ ਪਾਠਾਂਤਰ ਇਹ ਹਨ—

(ੳ) 'ਅਚਲੁ ਚਲੁ ਥਾਪਿਆ (ਮਾਰੂ ਜੈਦੇਵ) ਪੰਨਾ ੪੩੪

'ਅਚਲੁ ਚਲੁ ਥਪਿਆ (ਮਾਰੂ ਜੈਦੇਵ) ਪੰਨਾ ੫੯੪

(ਅ) ਬਦਤਿ ਜੈਦੇਵ ਜੈਦੇਵ × × (ਪੰਨਾਂ ੪੩੪)

ਬਦਤਿ ਜੈਦੇਉ ਜੈਦੇਉ × × (ਪੰਨਾ ੫੯੫ (ਮਾਰੂ ਜੈ ਦੇਵ)

(ੲ) 'ਸੁ ਕਹੁ ਕਲ ਗੁਰ ਸੇਵੀਐ' (ਪੰਨਾ ੫੪੩)

(ਸ) ਧਰ ਅੰਬਰ ਬਿਚ × × (ਸਲੋਕ ਹੈ ਪੰਨਾ ੧੩੧)

(ਹ) 'ਨੇਤ ਦਰਸਨ × ×' (ਪੰਨਾ ੧੯੭)

ਨੇਤ੍ਰ ਦਰਸਨ × × × (ਗੁਜਰੀ ਅ. ਮ. ੫) ਪੰਨਾ ੨੬੪ ।

(ਕ) ਨਵਨਿਧ ਪਰਸੀ × × (ਗੁਜਰੀ ਤ੍ਰਿਲੋਚਨ) ਪੰਨਾ ੨੦੩ ।

(ਖ) ਸਾਤ ਸਮੁੰਦ ਜਾ ਕੀ × × (ਧਨਾਸਰੀ ਨਾਮਦੇਵ) ਪੰਨਾ ੨੬੯ ।

ਨੋਟ—ਖਾਸ ਕਰ ਕੇ 'ਸੰਮਤ ੧੯੦੭ ਮਿਤੀ ਜੇਠ ਵੀਰਵਾਰ' ਦੀ ਲਿਖਤ ਬੀੜ ਵੇਖਣ ਯੋਗ ਹੈ । ਜੋ ਗੁਰਬਾਣੀ ਦੀ ਰੀਸਰਚ ਕਰਨ ਵਾਲਿਆਂ ਲਈ ਬਹੁਤ ਸਹਾਇਕ ਹੈ ।

———

ਅੰਤਮ ਬੇਨਤੀ

ਇਹ ਸਾਰੀਆਂ ਬੀੜਾਂ ਹਨ। ਜੋ ਮੈਂ ਆਪਣੇ ਅੱਖੀਂ ਵੇਖਕੇ ਉਹਨਾਂ ਤੋਂ ਪਾਠਾਂਤਰ ਚੁਣ ਕੇ ਪ੍ਰੈਸ ਅਥਵਾ ਕਰਤਾਰਪੁਰ ਵਾਲੀ ਬੀੜ ਆਦਿਕ ਬੀੜਾਂ ਨਾਲ ਮੁਕਾਬਲੇ ਕੀਤੇ ਹਨ। ਪ੍ਰੈਸ ਦੀ ਬੀੜ (ਜਿਸ ਨੂੰ ਭਾਵੇਂ ਲੋਕ ਦਮਦਮੀ ਬੀੜ ਕਹਿਣ ਯਾ ਕਰਤਾਰਪੁਰ ਵਾਲੀ ਬੀੜ ਆਖਣ) ਵਿਚ ਕਰੀਬ ਕਰੀਬ ਦਸ ਹਜ਼ਾਰ ਤੋਂ ਵੀ ਵਧੀਕ ਅਸ਼ੁੱਧੀਆਂ ਲਈ ਬੈਠੀ ਹੈ। ਕੋਈ ਸ਼ਬਦ ਐਹੋ ਜਿਹਾ ਨਹੀਂ ਮਿਲਦਾ ਜਿਸ ਵਿਚ ਕਿ ਪੰਜ ਸੱਤ ਅਸ਼ੁੱਧੀਆਂ ਨਹੀਂ ਹਨ। ਇਹਨਾਂ ਅਸ਼ੁੱਧੀਆਂ ਨੂੰ ਸਮਝਣ ਵਾਸਤੇ ਸੰਗੀਤ, ਪਿੰਗਲ, ਕਾਵ੍ਯ, ਕੋਸ਼, ਵ੍ਯਾਕਰਣ, ਅਰਬੀ, ਅਰਬੀ ਗ੍ਰਾਮਰ, ਸੰਸਕ੍ਰਿਤ ਵ੍ਯਾਕਰਣ, ਫਾਰਸੀ, ਫਾਰਸੀ ਗ੍ਰੈਮਰ, ਹੋਰ ਵਿਦ੍ਵਾਨਾਂ ਦੇ ਬ੍ਰਜ ਭਾਸ਼ਾ ਦੇ ਗ੍ਰੰਥ, ਗੋਸ੍ਵਾਮੀ ਤੁਲਸੀਦਾਸ ਜੀ ਦੀ ਰਚਨਾ, ਸ੍ਰੀ ਸ੍ਵਾਮੀ ਸੂਰਦਾਸ ਜੀ ਦੀ ਰਚਨਾ, ਸ੍ਰੀ ਭਾਈ ਸੰਤੋਖ ਸਿੰਘ ਜ਼ੀ ਦੀ ਰਚਨਾ, ਸਿੱਖ ਵਿਦ੍ਵਾਨਾਂ ਦੀ ਰਚਨਾ, ਮੁਸਲਮਾਨ ਵਿਦ੍ਵਾਨਾਂ ਦੀ ਫਾਰਸੀ ਰਚਨਾ, ਵੇਦਾਂਤ, ਨ੍ਯਾਯ, ਸਾਂਖ, ਮੀਮਾਂਸਾ, ਪਾਂਤੰਜਲ ਸ਼ਾਸਤ੍ਰ, ਗੀਤਾ, ਉਪਨਿਸ਼ਦਾਂ, ਸਿਮ੍ਰਿਤੀਆਂ ਅਤੇ ਪੁਰਾਣ ਵੀ ਪੜਨੇ ਬਹੁਤ ਜ਼ਰੂਰੀ ਹਨ। ਖ਼ਾਸ ਕਰ ਕੇ ਪ੍ਰਸਤਾਰ ਬਹੁਤ ਸਹਾਯਕ ਹੁੰਦਾ ਹੈ। ਪ੍ਰਸਤ੍ਰਾਰ ਤੋਂ ਬਿਨਾ ਮਾਤਿਕ ਵਾਧੇ ਘਾਟੇ ਦਾ ਗ੍ਯਾਨ ਨਹੀਂ ਹੁੰਦਾ। ਮਾਤ੍ਰਿਕ ਵਾਧਾ ਘਾਟਾ ਹੀ ਅਸ਼ੁੱਧੀਆਂ ਹੁੰਦੀਆਂ ਹਨ। ਕਿਤੇ ਕਿਤੇ ਭਾਵ ਵਿਚ ਫਰਕ ਆ ਜਾਵੇ ਤਾਂ ਓਹ ਭਾਵਕ ਅਸ਼ੁੱਧੀਆਂ ਹੁੰਦੀਆਂ ਹਨ। ਜਿਸ ਤਰ੍ਹਾਂ ਕਿ ਸੰਪ੍ਰਦਾਯ ਵਿਚ ਬਹੁਤ ਸਾਰੀਆਂ ਅਸ਼ੁੱਧੀਆਂ ਹੁਣ ਵੀ ਮੌਜੂਦ ਹਨ। ਇਹਨਾਂ ਸਾਰੀਆਂ ਦਾ ਨਿਰਣਯ ਮੈਨੂੰ ਸੰਪੂਰਣ ਬੀੜ ਦੇ ਟੀਕੇ ਵਿਚ ਹੀ ਲਿਖਣਾ ਪਿਆ ਹੈ ਤਾ ਕਿ ਲੋਕ ਅਸ਼ੁੱਧੀਆਂ ਨੂੰ ਵੇਖ ਕੇ ਸ਼ੁੱਧੀਆਂ ਵਲ ਕਦਮ ਚੁਕ ਸਕਣ।

ਮੇਰਾ ਭਾਵ "ਗੁਰਬਾਣੀ ਨੂੰ ਸ਼ੁੱਧ ਪ੍ਰਚਾਰਨ" ਦਾ ਹੈ। ਅਸ਼ੁੱਧ ਗੁਰੁਬਾਣੀ ਨੂੰ ਪ੍ਰਚਾਰਨ ਵਾਲੇ ਲੋਕ ਭਾਂਵੇ ਓਹ ਕੋਈ ਵੀ ਹਨ ਮੈਂ ਓਹਨਾਂ ਦਾ ਦੋਖੀ ਹਾਂ। ਇਹ ਬਾਣੀ "ਸ੍ਰੀ ਗੁਰੂ ਗੋਰਖ ਨਾਥ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦੀ ਬਾਣੀ ਦਾ ਸੰਗ੍ਰਹ ਹੈ"। ਇਸ ਵਿਚ ਕਿਸੇ ਪੰਥ ਯਾ ਮਜ਼ਹਬ ਦਾ ਮੰਡਨ ਨਹੀਂ।

ਬਲਕਿ ਇਹ ਪੰਥਾਂ ਦੀ ਵਿਰੋਧੀ ਹੈ। ਇਸ ਨੂੰ ਪੰਥਾਂ ਤੋਂ ਉਚਿਆਂ ਹੋ ਕੇ ਹੀ ਪ੍ਰਚਾਰਿਆ ਜਾ ਸਕਦਾ ਹੈ। ਇਸ ਉਤੇ ਨਿਰਮਲੇ, ਉਦਾਸੀ, ਨਿਹੰਗ ਸਿੰਘ, ਸਿਖ, ਅਕਾਲੀ, ਅੱਡਣਸ਼ਾਹੀ, ਆਦਿਕ ਪੰਥ ਕੋਈ ਹੱਕ ਨਹੀਂ ਰਖ ਸਕਦੇ। ਇਸ ਉਤੇ 'ਸੰਪੂਰਣ ਪ੍ਰਾਣੀਮਾਤ੍ਰ ਦਾ ਹੱਕ' ਹੈ। ਜਿਸ ਪਾਸ-'ਗੁਰਬਾਣੀ ਸ਼ੁੱਧ ਹੀ ਨਹੀਂ'-ਉਸ ਪਾਸ ਤਾਂ ਕੋਈ ਵੀ ਵਸਤੂ ਹੀ ਨਹੀਂ। ਸ਼ੁੱਧ ਗੁਰਬਾਣੀ ਮੈਨੂੰ ਵੀ ਸੰਪੂਰਣ ਤਾਂ ਅਜੇ ਤੱਕ ਪ੍ਰਾਪਤ ਨਹੀਂ ਹੋਈ। ਪਰ ਮੈਂ ਸ਼ੁੱਧ ਦਾ ਮੁਤਲਾਸ਼ੀ ਜ਼ਰੂਰ ਹਾਂ। ਪੰਥ ਤਾਂ ਘੋਰ ਨਿੰਦ੍ਰਾ ਵਿਚ ਸੁੱਤੇ ਪਏ ਹਨ। ਇਹ ਲੜਾਈਆਂ ਝਗੜਿਆਂ ਅਤੇ ਬਖੇੜਿਆਂ ਦੇ ਭਰੇ ਹੋਏ ਹਨ। ਇਹ ਤਾਂ ਸ਼ਕਲ ਵਿਖਾ ਵਿਖਾ ਕੇ ਭਲਿਆਂ ਮਾਣਸਾਂ ਨੂੰ ਲੁੱਟਣ ਵਾਲੇ, ਮਾਰਨ ਵਾਲੇ, ਖੂਨੀ, ਸ਼ਰਾਬੀ ਕਬਾਬੀ ਅਤੇ ਅੰਦਰ ਵੜ ਕੇ ਪਾਪ ਕਰਨ ਵਾਲੇ ਗੁੱਝੇ ਪਾਪੀ ਹਨ। ਇਹਨਾਂ ਨੇ ਅਸਲ ਪਾਪੀਆਂ ਨੂੰ ਲੁਕਾ ਕੇ ਧਰਮੀ ਬਣਾਇਆ ਹੋਇਆ ਹੈ। ਜਿਸ ਤਰਾਂ ਕਿ ਨਾਨਕਾਣੇ ਸਾਹਿਬ ਜੀ ਦੇ ਸਾਕੇ ਦੇ ਅਸਲ ਪਾਪੀ ਤਾਂ ਕਿਸੇ ਗ੍ਰੰਥਕਾਰ ਨੇ ਦੱਸੇ ਨਹੀਂ ਅਤੇ ਸ਼੍ਰੀ ਮਹੰਤ ਨਰੈਣ ਦਾਸ ਜੀ ਨੂੰ ਪਾਪੀ ਕਰ ਕੇ ਪ੍ਰਚਾਰਿਆ ਗਿਆ ਹੈ। ਮਹੰਤ ਤਾਂ ਉਹ ਪਾਪੀ ਹਨ ਜਿੰਨਾਂ ਨੇ ਜਾਇਦਾਦਾਂ ਲਈ ਆਪਣੇ ਭਤੀਜਿਆਂ, ਭਣੇਵਿਆਂ ਆਦਿਕ ਰਿਸ਼ਤੇਦਾਰਾਂ ਨੂੰ ਚੇਲੇ ਬਣਾ ਕੇ ਭੇਖਾਂ ਦੀਆਂ ਜਾਇਦਾਦਾਂ ਨੂੰ ਨਿਜੀ ਜਾਇਦਾਦ ਕਰਨ ਦੀ ਕੋਸ਼ਸ਼ ਕੀਤੀ ਹੋਈ ਹੈ। ਵੇਖੋ ਗੱਦੀ ਬਹਾਦਰਪੁਰ। (ਹੁਸ਼ਿਆਰਪੁਰ) ਵੇਖੋ ਅਖਾੜਾ ਬ੍ਰਹਮ ਬੂਟਾ ਦਾ ਮੌਜੂਦਾ ਮਹੰਤ। ਵੇਖੋ-ਢਿੱਟਾ ਅਖਾੜਾ ਅਮ੍ਰਿਤਸਰ ਆਦਿਕ। ਜੋ ਕਿ ਹੁਣ ੨੫-੭-੬੯ ਤੱਕ ਤਾਂ ਜ਼ਰੂਰ ਇਹੋ ਜਿਹੇ ਹੀ ਹਨ। ਇਹਨਾਂ ਦਾ ਸੁਧਾਰ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਉਦਾਸੀਆਂ ਨੂੰ ਖ਼ਰਾਬ ਕਰਨ ਵਾਲੇ ਹੀ ਇਹ ਹਨ। ਜਾਇਦਾਦਾਂ ਨਾਲ ਪੰਥ ਕਦੀ ਉੱਚ ਸਤਰੀ ਨਹੀਂ ਹੁੰਦੇ। ਪੰਥ ਗੁਰਬਾਣੀਆਂ ਦੀ ਉਚਾਈ ਨਾਲ ਉੱਚੇ ਹੋਏ ਹਨ। ਅਕਾਲੀ ਜਾਇਦਾਦਾਂ ਲਈ ਸ਼ਰਾਬਾਂ ਪਿਆ ਕੇ ਗੁਰਦੁਆਰਿਆਂ ਤੇ ਪ੍ਰਧਾਨਗੀਆਂ ਕਰਦੇ ਹਨ। ਉਹ ਘੋਰ ਬੇਅਦਬੀਆਂ ਕਰਦੇ ਹਨ–ਜਿੰਨਾਂ ਦਾ ਏਥੇ ਜ਼ਿਕਰ ਕਰਨਾ ਅਸਭਯ ਹੈ।

ਮੈਂ ਬਹੁਤ ਸਾਰੇ ਹਾਲਾਤ ਤਾਂ ਅੱਖੀਂ ਵੇਖੇ ਹੋਏ ਹਨ ਅਤੇ ਕਈ ਐਹੋ ਜਹੇ

ਹਨ, ਜੋ ਨਿਕਟਵਰਤੀਆਂ ਤੋਂ ਸੁਣੇ ਹਨ। ਮੇਰੇ ਖ਼ਿਆਲ ਦੇ ਮੁਤਾਬਕ ਤਾਂ ਪਾਪੀ ਉਹ ਹੈ ਜੋ ਜਾਇਦਾਦਾਂ ਵੱਲ ਦੌੜਦਾ ਹੈ ਅਤੇ ਧਰਮੀ (ਸਾਧੂ) ਉਹ ਹੈ, ਜੋ ਕਿਸੇ ਤਰਾਂ ਲਾਲਚ ਨਹੀਂ ਰੱਖਦਾ। ਪ੍ਰੰਤੂ ਇਸ ਦਾ ਭਾਵ ਇਹ ਨਹੀਂ ਕਿ ਜੇ ਬੁਰਿਆਂ ਨਾਲ ਯੁੱਧ-ਮੁਕਾਬਲਾ ਆ ਬਣੇ ਤਾਂ ਉਹ ਨਹੀਂ ਕਰਦਾ। ਧਰਮੀ ਪੁਰਸ਼ ਆਪ ਮਰਦਾ ਹੈ, ਮੁਕਾਬਲਾ ਕਰਦਾ ਹੈ, ਪਾਪੀਆਂ ਨੂੰ ਮਾਰਦਾ ਹੈ। ਪਰ ਪਾਪੀਆਂ ਦਾ ਸੰਗ ਨਹੀਂ ਕਰਦਾ। ਇਹ ਸਾਰੇ ਗੁਣ ਸ੍ਰੀ ਮਹੰਤ ਨਰੈਣਦਾਸ ਜੀ ਨਾਨਕਾਣਾ ਸਾਹਿਬ ਵਾਲੇ ਵਿਚ ਸਨ। ਇਹ ਥਿਊਰੀ ਸਭ ਥਾਂ ਕੰਮ ਦੇ ਸਕਦੀ ਹੈ। ਗੁਰੁਬਾਣੀ ਨੂੰ ਜੋ ਆਮਦਨ ਦਾ ਜ਼ਰੀਯਾ ਬਣੌਂਦਾ ਹੈ--ਉਹ ਪਰਮਪਾਪੀ ਹੈ। ਗੁਰੁਬਾਣੀ ਨੂੰ ਜੋ ਉੱਚਜ ਜੀਵਨ ਦੀ ਪ੍ਰਾਪਤੀ ਲਈ ਅਨੁਭਵ ਕਰਦਾ ਹੈ-ਉਹ ਪਰਮਪੁੰਨੀ ਹੈ। ਉਚਜ ਜੀਵਨ ਨੂੰ ਸ਼ੁੱਧ ਗੁਰੁਬਾਣੀ ਹੀ ਦੇ ਸਕਦੀ ਹੈ। ਸ਼ੁੱਧੀ ਤਾਂ ਹੋ ਸਕਦੀ ਹੈ-ਜੇ ਅਸ਼ੁੱਧੀ ਲਭ ਪਵੇ। ਐਂਵੇ ਮੱਥਾ ਟੇਕਣ ਵਾਲੇ ਬੁਤਪ੍ਰਸਤ, ਅਹਰਮਨ ਤਾਂ ਨਾਂ ਹੀ ਸ਼ੁੱਧੀ ਪ੍ਰਾਪਤ ਕਰ ਸਕਦੇ ਹਨ ਅਤੇ ਨਾਂ ਹੀ ਅਸ਼ੁੱਧੀ ਲੱਭ ਸਕਦੇ ਹਨ। ਇਸੇ ਖ਼ਿਆਲ ਨਾਲ ਜੋ ਪ੍ਰਾਣੀ ਮੇਰੇ ਨਾਲ ਸਹਯੋਗ ਕਰੇਗਾ। ਮੈਂ ਉਸਦਾ ਤਹਿ ਦਿਲੋਂ ਧਨਯਵਾਦੀ ਹੋਵਾਂਗਾ। ਬਹੁਤ ਸਾਰੀ ਆਪਣੀ ਵਿਚਾਰ ਮੈਂ ਗੁਰੁਬਾਣੀ ਸੰਗ੍ਰਹ ਦੇ ਸੰਪੂਰਣ ਟੀਕੇ ਵਿਚ ਪੰਜਾਬੀ ਵਿਚ ਲਿਖੀ ਹੈ। ਮੈਂ ਜੋ ਕਰੀਬਨ ਕਰੀਬਨ ਅਠਾਰਾ ਕਿਸਮਾਂ ਦੀਆਂ ਬੀੜਾਂ ਵੇਖੀਆਂ ਹਨ ਅਤੇ ਬੇਅੰਤ ਹੀ ਸ਼ੁੱਧ ਪਾਠ ਪ੍ਰਾਪਤ ਕੀਤੇ ਹਨ। ਉਹਨਾਂ ਸਾਰਿਆਂ ਦਾ ਜ਼ਿਕਰ ਆਪਣੇ ਟੀਕੇ ਵਿਚ ਕੀਤਾ ਗਿਆ ਹੈ। ਉਮੀਦ ਹੈ ਕਿ ਗੁਣੀ ਲੋਕ ਜ਼ਰੂਰ ਮੇਰੇ ਸੰਗੀ ਬਣਨਗੇ।

ਆਸ਼ਾਵਾਦੀ

ਸ੍ਵਾਮੀ ਹਰਿਨਾਮ ਦਾਸ ਉਦਾਸੀਨ ਵੈਦਜ

ਕਾਂਤੇਸ਼ ਆਯੁਰਵੈਦਿਕ ਫਾਰਮੇਸੀ ਕਪੂਰਥਲਾ

ਪੰਜਾਬ